ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 9 | Issue 36 | 11 September 2019 to 17 September 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ’84 ਸਿੱਖ ਕਤਲੇਆਮ ਦੇ 7 ਕੇਸਾਂ ਨੂੰ ਮੁੜ ਖੋਲ੍ਹੇਗੀ ਐਸਆਈਟੀ

## ਕਾਂਗਰਸੀ ਮੁੱਖ ਮੰਤਰੀ ਕਮਲਨਾਥ ਵਾਲੇ ਕੇਸ ਦੀ ਵੀ ਹੋਵੇਗੀ ਦੁਬਾਰਾ ਜਾਂਚ

**ਨਵੀਂ ਦਿੱਲੀ/ਏਟੀ ਨਿਊਜ਼ :** ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਦਿੱਲੀ ਵਿਚ 1984 ਵਿਚ ਹੋਏ ਸਿੱਖ ਵਿਰੋਧੀ ਕਤਲੇਆਮ ਨਾਲ ਸਬੰਧਿਤ 7 ਕੇਸਾਂ ਨੂੰ ਫਿਰ ਤੋਂ ਖੋਲ੍ਹਣ ਨੂੰ ਹਰੀ ਝੰਡੀ ਦੇ ਦਿੱਤੀ ਹੈ, ਇਨ੍ਹਾਂ ਵਿਚ ਇਕ ਕੇਸ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲ ਨਾਥ ਖ਼ਿਲਾਫ਼ ਵੀ ਸ਼ਾਮਿਲ ਹੈ। ਜਾਣਕਾਰੀ ਅਨੁਸਾਰ ਇਨ੍ਹਾਂ ਮਾਮਲਿਆਂ ਵਿਚ ਜਾਂ ਤਾਂ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ ਜਾਂ ਫਿਰ ਮੁਕੱਦਮਾ ਬੰਦ ਹੋ ਚੁੱਕਾ ਹੈ। ਇਹ ਮਾਮਲਾ 1984 ਵਿਚ ਗੁਰਦੁਆਰਾ ਰਕਾਬਗੰਜ ਸਾਹਿਬ ਦੇ ਬਾਹਰ ਕਤਲੇਆਮ ਨਾਲ ਸਬੰਧਿਤ ਹੈ।

ਇਸ ਕੇਸ ਵਿਚ 2 ਗਵਾਹ ਮੁਖਤਿਆਰ ਸਿੰਘ ਤੇ ਸਾਬਕਾ ਪੱਤਰਕਾਰ ਸੰਜੇ ਸੂਰੀ ਹਨ ਜਿਨ੍ਹਾਂ ਨੇ ਨਾਨਾਵਤੀ ਕਮਿਸ਼ਨ ਅੱਗੇ ਹਲਫ਼ੀਆ ਬਿਆਨ ਦਾਇਰ ਕਰ ਕੇ ਕਮਲ ਨਾਥ ਤੇ ਵਸੰਤ ਸਾਠੇ ਵਲੋਂ




1984 ਸਿੱਖ ਕਤਲੇਆਮ ਵਿਚ ਨਿਭਾਈ ਭੂਮਿਕਾ ਦਾ ਖੁਲਾਸਾ ਕੀਤਾ ਸੀ ਪਰ ਪਿਛੋਕੜ ਵਿਚ ਕੇਸ ਬੰਦ ਕਰ ਦਿੱਤਾ ਗਿਆ ਤੇ ਕਮਲ ਨਾਥ ਦਾ ਨਾਂਅ ਜਾਣਬੁੱਝ ਕੇ ਬਾਹਰ ਰੱਖਿਆ ਗਿਆ ਸੀ। ਹੁਣ ਇਕ ਵਾਰ ਮੁੜ ਐਸ.ਆਈ.ਟੀ. ਨੇ ਇਹ ਕੇਸ ਅਤੇ ਹੋਰ ਕੇਸ ਮੁੜ ਖੋਲ੍ਹੇ ਜਾਣ ਦਾ ਨੋਟਿਸ ਅਖ਼ਬਾਰਾਂ ਵਿਚ ਛਪਵਾ ਕੇ ਵਿਅਕਤੀਆਂ, ਵਿਅਕਤੀਆਂ ਦੇ ਸਮੂਹ, ਐਸੋਸੀਏਸ਼ਨਾਂ, ਸੰਸਥਾਵਾਂ ਤੇ ਜਥੇਬੰਦੀਆਂ ਨੂੰ ਇਨ੍ਹਾਂ ਕੇਸਾਂ ਸਬੰਧੀ ਕੋਈ ਵੀ ਜਾਣਕਾਰੀ ਐਸਆਈਟੀ ਨਾਲ ਸਾਂਝੀ ਕਰਨ ਦਾ ਸੱਦਾ ਦਿੱਤਾ ਹੈ। ਇਸ ਤਰ੍ਹਾਂ1984 ਸਿੱਖ ਕਤਲੇਆਮ ਕੇਸਾਂ ਦੀ ਮੁੜ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਕਾਂਗਰਸੀ ਆਗੂ ਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲ ਨਾਥ ਖ਼ਿਲਾਫ਼ ਕੇਸ ਮੁੜ ਖੋਲ੍ਹ ਦਿੱਤਾ ਹੈ। ਕਮਲ ਨਾਥ ਖ਼ਿਲਾਫ਼ ਕੇਸ ਮੁੜ ਖੋਲ੍ਹੇ ਜਾਣ ਨੂੰ, ਪੀੜਤ ਸਿੱਖ ਭਾਈਚਾਰੇ ਲਈ ਵੱਡੀ ਰਾਹਤ ਮੰਨਿਆ ਜਾ ਰਿਹਾ ਹੈ ਇਹ ਕੇਸ ਮੁੜ ਖੁੱਲ੍ਹਣ ਨਾਲ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲ ਨਾਥ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਇਸ ਸਬੰਧ ਵਿਚ ਦਿੱਲੀ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਸੀਨੀਅਰ ਕਾਂਗਰਸੀ ਨੇਤਾ ਕਮਲ ਨਾਥ ਨੇ ਕਥਿਤ ਤੌਰ ’ਤੇ ਇਨ੍ਹਾਂ 7 ਮਾਮਲਿਆਂ ਵਿਚੋਂ ਇਕ ਵਿਚ ਦੋਸ਼ੀ 5 ਲੋਕਾਂ ਨੂੰ ਪਨਾਹ ਦਿੱਤੀ ਸੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਕਮਲ ਨਾਥ ਤੋਂ ਅਸਤੀਫ਼ੇ ਦੀ ਮੰਗ ਕੀਤੀ ਹੈ। ਸਿਰਸਾ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਅਜਿਹੇ ਮਾਮਲਿਆਂ ਬਾਰੇ ਗ੍ਰਹਿ ਮੰਤਰਾਲੇ ਨੇ ਨਵੇਂ ਸਿਰੇ ਤੋਂ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਤੇ ਇਸ ਨੋਟੀਫਿਕੇਸ਼ਨ ਰਾਹੀਂ ਐਸਆਈਟੀ. ਨੂੰ ਅਜਿਹੇ ਕੇਸਾਂ ਦੀ ਵੀ ਮੁੜ ਜਾਂਚ ਕਰਨ ਦਾ ਅਧਿਕਾਰ ਮਿਲਿਆ ਜਿਨ੍ਹਾਂ ਵਿਚ ਦੋਸ਼-ਪੱਤਰ ਦਾਇਰ ਹੋ ਚੁੱਕਾ ਸੀ ਜਾਂ ਅਦਾਲਤ ਵਲੋਂ ਫੈਸਲਾ ਸੁਣਾਇਆ ਜਾ ਚੁੱਕਾ ਸੀ।

## ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਵਿਚ ਸੰਗਤ ਵੱਲੋਂ ਵੱਡੇ ਬਦਲਾਅ ਦਾ ਪ੍ਰਗਟਾਵਾ



**ਸੈਨਹੋਜ਼ੇ/ਏਟੀ ਨਿਊਜ਼ :** ਲੰਘੇ ਐਤਵਾਰ “ਸਾਧ ਸੰਗਤ ਸਲੇਟ” ਵੱਲੋਂ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ 22 ਸਤੰਬਰ ਨੂੰ ਹੋ ਰਹੀਆਂ ਚੋਣਾਂ ਨੂੰ ਮੁੱਖ ਰੱਖਦਿਆਂ, ਆਰੀਆ ਰੈਸਟੋਰੈਂਟ ਮਿਲਪੀਟਸ ਵਿੱਚ ਸਿੱਖ ਸੰਗਤਾਂ ਦਾ ਇੱਕ ਇਕੱਠ ਬੁਲਾਇਆ ਗਿਆ ਸੀ। ਭਾਰੀ ਗਿਣਤੀ ਵਿੱਚ ਪੁੱਜੀਆਂ ਸੰਗਤਾਂ ਨੇ ਇਨ੍ਹਾਂ ਚੋਣਾਂ ਵਿਚ ਵੱਡੇ ਬਦਲਾਅ ਦਾ ਪ੍ਰਗਟਾਵਾ ਕਰਦਿਆਂ “ਸਾਧ ਸੰਗਤ ਸਲੇਟ” ਦੇ ਸਾਰੇ ਉਮੀਦਵਾਰਾਂ ਨੂੰ ਜਿਤਾਉਣ ਦਾ ਫੈਸਲਾ ਕੀਤਾ।

ਪੂਰੀ ਰਿਪੋਰਟ ਸਫ਼ਾ 18 ਅਤੇ 19 ’ਤੇ ਪੜ੍ਹੋ

## ਬਾਦਲਾਂ ਦੇ ਰਾਜ ਵਿਚ ਚੰਮ ਦੀਆਂ ਚਲਾਉਣ ਵਾਲਾ ਚੀਫ ਇੰਜਨੀਅਰ ਹੁਣ ਜੇਲ੍ਹ ’ਚ ਚੱਕੀ ਪੀਸੇਗਾ

**ਚੰਡੀਗੜ੍ਹ/ਏਟੀ ਨਿਊਜ਼ :** ਬਾਦਲਾਂ ਦੇ ਰਾਜ ਵੇਲੇ ਚੰਮ ਦੀਆਂ ਚਲਾਉਣ ਵਾਲੇ ਪੰਜਾਬ ਮੰਡੀ ਬੋਰਡ ਤੇ ਗਮਾਡਾ ਦੇ ਸਾਬਕਾ ਚੀਫ ਇੰਜਨੀਅਰ ਸੁਰਿੰਦਰਪਾਲ ਸਿੰਘ ਪਹਿਲਵਾਨ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਬੁਰੀ ਤਰ੍ਹਾਂ ਘਿਰ ਗਏ ਹਨ। ਮੁਹਾਲੀ ਅਦਾਲਤ ਨੇ ਪੰਜਾਬ ਮੰਡੀ ਬੋਰਡ ਤੇ ਗਮਾਡਾ ਦੇ ਇਸ ਸਾਬਕਾ ਚੀਫ ਇੰਜਨੀਅਰ ਦੀਆਂ 59 ਜਾਇਦਾਦਾਂ ਅਟੈਚ ਕੀਤੀਆਂ ਹਨ।



ਪੰਜਾਬ ਵਿਜੀਲੈਂਸ ਬਿਊਰੋ ਨੇ ਅਦਾਲਤ ਦੇ ਹੁਕਮਾਂ ‘ਤੇ ਪਹਿਲਵਾਨ ਦੀਆਂ ਉਕਤ ਸਾਰੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਹਨ, ਜਿਨ੍ਹਾਂ ਦੀ ਮਾਰਕੀਟ ਕੀਮਤ ਕਰੀਬ 250 ਕਰੋੜ ਰੁਪਏ ਬਣਦੀ ਹੈ।

ਸੁਰਿੰਦਰਪਾਲ ਪਹਿਲਵਾਨ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਤੇ ਭ੍ਰਿਸ਼ਟਾਚਾਰ ਐਕਟ ਦੀਆਂ ਵੱਖ-ਵੱਖ ਧਰਾਵਾਂ ਤਹਿਤ 2017 ਵਿੱਚ ਤਿੰਨ ਕੇਸ ਦਰਜ ਕੀਤੇ ਗਏ ਸਨ। ਇਨ੍ਹਾਂ ਸਾਰੇ ਮਾਮਲਿਆਂ ਦੀ ਸੁਣਵਾਈ ਮੁਹਾਲੀ ਦੀ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਨਿਕਾ ਗੋਇਲ ਦੀ ਅਦਾਲਤ ਵਿੱਚ ਚੱਲ ਰਹੀ ਹੈ। ਮੁਲਜ਼ਮ ਖ਼ਿਲਾਫ਼ ਪਹਿਲਾਂ ਹੀ ਅਦਾਲਤ ਵਿੱਚ ਚਲਾਨ ਪੇਸ਼ ਕੀਤੇ ਜਾ ਚੁੱਕੇ ਹਨ।

ਮੁਲਜ਼ਮ ਨੇ ਪਿਛਲੀ ਅਕਾਲੀ ਸਰਕਾਰ ਵੇਲੇ ਗਮਾਡਾ ਵਿੱਚ ਆਪਣੇ ਸੇਵਾਕਾਲ ਦੌਰਾਨ ਏਕ ਓਂਕਾਰ ਬਿਲਡਰਜ਼ ਤੇ ਕੰਸਟਰੱਕਸ਼ਨ ਨਾਂ ਦੀ ਫ਼ਰਜ਼ੀ ਕੰਪਨੀ ਬਣਾਈ ਸੀ, ਜਿਸ ਵਿੱਚ ਉਸ ਨੇ ਗੈਰਕਾਨੂੰਨੀ ਢੰਗ ਨਾਲ ਟੈਂਡਰ ਜਾਰੀ ਕਰਕੇ 4,19,44,37,161 ਰੁਪਏ ਦੀ ਘਪਲੇਬਾਜ਼ੀ ਕੀਤੀ। ਵਿਜੀਲੈਂਸ ਮੁਖੀ ਨੇ ਦੱਸਿਆ ਕਿ ਸੁਰਿੰਦਰਪਾਲ ਨੇ ਇਨ੍ਹਾਂ ਕੰਪਨੀਆਂ ਵਿੱਚ ਸੇਲ ਸੀਡਜ਼ ਦਾ ਜਾਅਲੀ ਕਾਰੋਬਾਰ ਦਿਖਾਇਆ ਹੈ ਜਦਕਿ ਅਸਲ ਵਿੱਚ ਅਜਿਹਾ ਕੋਈ ਕਾਰੋਬਾਰ ਨਹੀਂ ਸੀ।

## ਗੁਜਰਾਤੀ ਨੌਜਵਾਨ ਦੀ ਪੰਜਾਬੀ ਬਜ਼ੁਰਗ ਦਾ ਭੇਸ ਬਣਾ ਕੇ ਅਮਰੀਕਾ ਆਉਣ ਦੀ ਸਕੀਮ ਫੇਲ੍ਹ

**ਨਵੀਂ ਦਿੱਲੀ/ਏਟੀ ਨਿਊਜ਼ :** ਭਾਰਤੀ ਰਾਜਧਾਨੀ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ‘ਤੇ ਇੱਕ 32 ਸਾਲਾ ਨੌਜਵਾਨ ਪੁਲਿਸ ਦੇ ਹੱਥੇ ਚੜ੍ਹ ਗਿਆ, ਜੋ 81 ਸਾਲਾ ਵਿਅਕਤੀ ਦੇ ਭੇਸ ਵਿਚ ਅਮਰੀਕਾ ਜਾ ਰਿਹਾ ਸੀ। ਉਸ ਨੇ ਬਜ਼ੁਰਗਾਂ ਵਾਂਗ ਹੁਲੀਆ ਬਣਾਇਆ ਹੋਇਆ ਸੀ। ਡਾਈ ਨਾਲ ਦਾੜ੍ਹੀ ਤੇ ਵਾਲਾਂ ਦਾ ਰੰਗ ਵੀ ਚਿੱਟਾ ਕੀਤਾ ਹੋਇਆ ਸੀ, ਚਸ਼ਮਾ ਲਾਇਆ ਸੀ ਤੇ ਬਜ਼ੁਰਗਾਂ ਵਾਲੇ ਕੱਪੜੇ ਪਾਏ ਹੋਏ ਸੀ। ਕਿਸੇ ਨੂੰ ਕੋਈ ਸ਼ੱਕ ਨਾ ਹੋਏ, ਇਸ ਲਈ ਉਹ ਵ੍ਹੀਲਚੇਅਰ ‘ਤੇ ਸਵਾਰ ਹੋ ਕੇ ਏਅਰਪੋਰਟ ਪਹੁੰਚਿਆ ਪਰ ਉਸ ਦੀ ਇਹ ਤਰਕੀਬ ਕੰਮ ਨਾ ਆਈ। ਉਹ ਆਪਣੇ ਚਿਹਰੇ ‘ਤੇ ਨਕਲੀ ਝੁਰੜੀਆਂ ਨਹੀਂ ਬਣਾ ਸਕਿਆ ਤੇ ਉਹ ਜਵਾਨ ਚਮੜੀ ਦੀ ਵਜ੍ਹਾ ਕਰਕੇ ਫੜਿਆ ਗਿਆ।

ਮੁਲਜ਼ਮ ਨੌਜਵਾਨ ਵ੍ਹੀਲਚੇਅਰ ਨਾਲ ਏਅਰਪੋਰਟ ਦੇ ਟਰਮੀਨਲ-3 ਪਹੁੰਚਿਆ। ਉਹ ਇਥੋਂ ਨਿਊਯਾਰਕ ਲਈ



ਜਾਣ ਵਾਲੀ ਉਡਾਣ ਵਿਚ ਸਵਾਰ ਹੋਣਾ ਚਾਹੁੰਦਾ ਸੀ। ਸੁਰੱਖਿਆ ਇੰਸਪੈਕਟਰ ਨੇ ਉਸ ਨੂੰ ਮੈਟਲ ਡਿਟੈਕਟਰ ਦੇ ਦਰਵਾਜ਼ੇ ਨੂੰ ਪਾਰ ਕਰਨ ਲਈ ਕਿਹਾ, ਪਰ ਬਜ਼ੁਰਗ ਦੇ ਭੇਸ ਵਿਚ ਛੁਪੇ ਨੌਜਵਾਨ ਨੇ ਕਿਹਾ ਕਿ ਉਹ ਤੁਰਨਾ ਤਾਂ ਦੂਰ, ਸਿੱਧਾ ਖੜ੍ਹਾ ਤਕ ਨਹੀਂ ਹੋ ਸਕਦਾ। ਗੱਲਬਾਤ ਦੌਰਾਨ ਉਹ ਆਵਾਜ਼ ਭਾਰੀ ਕਰਨ ਦੀ ਕੋਸ਼ਿਸ਼ ਕਰਦਿਆਂ ਅੱਖਾਂ ਚੁਰਾਉਣ

ਬਾਕੀ ਸਫ਼ਾ 32 ’ਤੇ
















# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.**

**$4,399,000**




## ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸਿੱਖ ਪੰਚਾਇਤ ਵੱਲੋਂ ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਮਨੋਰੋਗ ਤਣਾਅ ਬਾਰੇ ਸੈਮੀਨਾਰ

**ਫਰੀਮੌਂਟ/ਬਲਵਿੰਦਰਪਾਲ ਸਿੰਘ ਖਾਲਸਾ :** ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਸਿੱਖ ਪੰਚਾਇਤ ਵੱਲੋਂ ਸਿੱਖ ਸੰਗਤਾਂ ਵਾਸਤੇ ਤਣਾਅ ਭਾਵ ਸਟਰੈਸ ਬਾਰੇ ਇਕ ਵਿਸ਼ੇਸ਼ ਵਿਚਾਰ-ਗੋਸ਼ਟੀ ਕਰਵਾਈ ਗਈ, ਜਿਸ ਨੂੰ ਮਨੋਰੋਗਾਂ ਦੇ ਮਾਹਰ ਡਾਕਟਰ ਜਸਬੀਰ ਸਿੰਘ ਲੋਹਾਨ ਤੇ ਡਾਕਟਰ ਸ਼ਿਲਪਾ ਕਪੂਰ ਨੇ ਸੰਬੋਧਨ ਕੀਤਾ। ਇਸ ਸੈਮੀਨਾਰ ਵਿਚ ਬਹੁਤਾ ਹਿੱਸਾ ਡਾਕਟਰ ਲੋਹਾਨ ਨੇ ਪਾਇਆ ਤੇ ਖਾਸ ਗੱਲਾਂ ਉਤੇ ਡਾਕਟਰ ਸ਼ਿਲਪਾ ਨੇ ਰੌਸ਼ਨੀ ਪਾਈ। ਉਨ੍ਹਾਂ ਦੱਸਿਆ ਕਿ ਕਿਸੇ ਵੀ ਤਰ੍ਹਾਂ ਦਾ ਤਣਾਅ ਰਹਿਣਾ ਸਿਹਤ ਤੇ ਮਨ ਦੋਹਾਂ ਲਈ ਪਰੇਸ਼ਾਨੀ ਪੈਦਾ ਕਰਨ ਵਾਲਾ ਹੈ । ਜ਼ਿਆਦਾ ਗੁੱਸਾ ਆਉਣਾ ਜਾਂ ਸੁਭਾਅ ਦਾ ਚਿੜਚਿੜਾਪਣ ਤੇ ਹਰ ਵੇਲੇ ਲੜਾਈ ਲਈ ਤਿਆਰ ਰਹਿਣਾ ਬਹੁਤ



ਗੰਭੀਰ ਕਿਸਮ ਦਾ ਦਬਾਅ ਤੇ ਤਣਾਅ ਗਿਣਿਆ ਜਾਂਦਾ ਹੈ, ਜਿਸ ਨਾਲ ਭਾਰੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਹ ਹਾਲਤ ਤਨ ਤੇ ਮਨ ਦੋਹਾਂ ਲਈ ਨੁਕਸਾਨਦੇਹ ਹੈ। ਕਈ ਵਾਰ ਬਹੁਤ ਭਾਰ ਦਾ ਵਧ ਜਾਣਾ ਵੀ ਕਿਸੇ ਕਿਸਮ ਦੇ ਤਣਾਅ ਦੀ ਨਿਸ਼ਾਨੀ ਹੁੰਦੀ ਹੈ। ਕਿਸੇ ਨਸ਼ੇ ਰਹਿਤ ਮਨੁੱਖ ਵੱਲੋਂ ਅਚਾਨਕ ਨਸ਼ੇ ਵੱਲ ਖਿੱਚੇ ਜਾਣਾ ਤੇ ਮੁੜ ਕਈ ਕਿਸਮ ਦੇ ਨਸ਼ੇ ਕਰਨ ਲੱਗ ਜਾਣਾ ਵੀ ਤਣਾਅਗ੍ਰਸਤ ਮਨ ਦੀ ਨਿਸ਼ਾਨੀ ਹੈ। ਮਨੁੱਖ ਕਿਸੇ ਅਦਿੱਖ ਹਾਲਤ ਤੋਂ ਪ੍ਰਭਾਵਤ ਹੋ ਕੇ ਵਕਤੀ ਛੁਟਕਾਰਾ ਪਾਉਣ ਲਈ ਨਸ਼ੇ ਕਰਨ ਲੱਗਦਾ ਹੈ ਪਰ ਇਸ ਨਾਲ ਕੋਈ ਫਾਇਦਾ ਨਹੀਂ ਹੁੰਦਾ, ਉਲਟਾ ਨੁਕਸਾਨ ਹੁੰਦਾ ਹੈ। ਆਤਮ ਹੱਤਿਆ ਕਰਨ ਵੱਲ ਰੁਚਿਤ ਹੋਣਾ ਜਾਂ ਇਕਦਮ ਨੌਕਰੀ ਤਿਆਗਣ ਲਈ ਤਿਆਰ ਹੋ ਜਾਣਾ ਵੀ ਬਾਹਰੀ ਤੇ ਅੰਦਰੂਨੀ ਤਣਾਅ ਦੀ ਨਿਸ਼ਾਨੀ ਹੈ। ਆਪਣੇ ਵਿਸ਼ਵਾਸ ਤੇ ਭਰੋਸੇਯੋਗਤਾ ਤੋਂ ਯਕੀਨ ਉਠ ਜਾਣਾ ਵੀ ਕਈ ਕਿਸਮ ਦੇ ਦਬਾਵਾਂ ਤੇ ਤਣਾਅ ਦੀ ਨਿਸ਼ਾਨੀ ਹੈ। ਨੀਂਦਰ ਦਾ ਨਾ ਆਉਣਾ ਤੇ ਕਈ ਵਾਰੀ ਲੋੜ ਤੋਂ ਜ਼ਿਆਦਾ ਨੀਂਦਰ ਦਾ ਆਉਣਾ ਵੀ ਤਣਾਅ ਦੇ ਲੱਛਣ ਹਨ। ਇਨਾਂ ਸਾਰੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਹ ਸਾਰੇ ਮਨੋਰੋਗ ਹਨ, ਜਿਨਾਂ ਦਾ ਇਲਾਜ ਹੋ ਸਕਦਾ ਹੈ ਤੇ ਇਸ ਲਈ ਕਿਸੇ ਵੀ ਮਨੋਚਕਿਤਸਕ ਕੋਲ ਜਾਣ ਦੀ ਲੋੜ ਹੈ ਤੇ ਅਜਿਹੀਆਂ ਨਿਸ਼ਾਨੀਆਂ ਪੈਦਾ ਹੋਣ ‘ਤੇ ਇਲਾਜ ਕਰਵਾਉਣਾ ਚਾਹੀਦਾ ਹੈ। ਸੈਮੀਨਾਰ ਦੀ ਸਮਾਪਤੀ ਉਤੇ ਹਾਜ਼ਰ ਸੰਗਤਾਂ ਨੇ ਡਾਕਟਰ ਸ਼ਿਲਪਾ ਤੇ ਡਾਕਟਰ ਲੋਹਾਨ ਕੋਲੋਂ ਕਈ ਕਿਸਮ ਦੇ ਸੁਆਲ ਪੁੱਛੇ, ਜਿਨਾਂ ਦੇ ਉਨਾਂ ਤਸੱਲੀਬਖਸ਼ ਉਤਰ ਦਿੱਤੇ। ਭਾਈ ਕਸ਼ਮੀਰ ਸਿੰਘ ਸ਼ਾਹੀ ਨੇ ਦੋਹਾਂ ਡਾਕਟਰਾਂ ਤੇ ਸੰਗਤਾਂ ਦਾ ਸੈਮੀਨਾਰ ਵਿਚ ਪਹੁੰਚਣ ਲਈ ਧੰਨਵਾਦ ਕੀਤਾ ਤੇ ਦੱਸਿਆ ਕਿ ਅਗਲੇ ਮਹੀਨੇ ਫਿਰ ਮਨ ਦੀਆਂ ਬੀਮਾਰੀਆਂ ਬਾਰੇ ਇਕ ਹੋਰ ਸੈਮੀਨਾਰ ਕਰਵਾਇਆ ਜਾਵੇਗਾ।


BERKSHIRE HATHAWAY Home Services
Elite Real Estate



Gurdip Kaur
M.A. B.Ed.

Cell : 916-695-0035 Office : 916-681-5112
realtorgurdip@gmail.com • www.bhhser.com
ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ
PLEASE CALL GURDIP KAUR
916-695-0035
Cal BRE# 02032641
7412 Elsie Ave. Sacramento 95828
A member of the franchise system of BHH Affiliates. LLC



Legal Document Preparation



- Immigration ਇਮੀਗਰੇਸ਼ਨ
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

Not an Attorney
Call Sarvinder
dolly@worryfreelegaldocs.com
www.worryfreelegaldocs.com
510-648-5554
35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County



GLOBAL ALLIANZ
LAW FIRM LLP
US IMMIGRATION MADE EASY

ਕਾਨੂੰਨੀ ਸੇਵਾਵਾਂ



- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ

Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿਨ੍ਹਾ ਪਿਆਰੇ ਨੇਹ ॥

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ

## 20 ਤੋਂ 22 ਸਤੰਬਰ 2019 ਤੱਕ

ਗੁਰੂ ਪਿਆਰੀ ਸਾਧ ਸੰਗਤ ਜੀਓ,
ਆਪ ਸਭ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਫਰੀਦਕੋਟ ਅਤੇ ਆਸ ਪਾਸ ਦੇ
ਇਲਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ
**ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ**
ਦਾ ਆਗਮਨ ਪੁਰਬ ਹਰ ਸਾਲ ਦੀ ਤਰ੍ਹਾਂ
**ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ,**
**ਫਰੀਮਾਂਟ (ਕੈਲੀਫੋਰਨੀਆ) 94536, ਫੋਨ (510) 790-0177**
ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।



ਬਾਬਾ ਸ਼ੇਖ ਫਰੀਦ ਉਦ-ਦੀਨ ਮਸੂਦ ਗੰਜ-ਏ-ਸ਼ੱਕਰ ਜੀ

## ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ** : 20 ਸਤੰਬਰ 2019 ਦਿਨ ਸ਼ੁੱਕਰਵਾਰ, ਸਵੇਰੇ 10:00 ਵਜੇ
**ਭੋਗ ਸ੍ਰੀ ਆਖੰਡ ਪਾਠ ਸਾਹਿਬ** : 22 ਸਤੰਬਰ 2019 ਦਿਨ ਐਤਵਾਰ, ਸਵੇਰੇ 10.00 ਵਜੇ
ਉਪਰੰਤ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਕੀਰਤਨ ਅਤੇ ਬਾਬਾ ਫਰੀਦ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਦੱਸਿਆ ਜਾਵੇਗਾ।

*ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਇਸ ਮਹਾਨ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

ਵਧੇਰੇ ਜਾਣਕਾਰੀ ਲੈਣ ਲਈ ਸੰਪਰਕ ਕਰੋ : ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ 408-368-2143, ਸਤਪਾਲ ਸਿੰਘ ਢਿੱਲਵਾਂ ਕਲਾਂ 510-952-6702
ਤਰਸੇਮ ਲਾਲ ਭਲਵਾਨ ਫਰੀਦਕੋਟ 510-258-9266, ਜਸਵੀਰ ਸਿੰਘ ਸੰਧੂ ਫਰੀਦਕੋਟ 510-303-8789

**ਵਲੋਂ : ਫਰੀਦਕੋਟ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ**

ਵੈਬਸਾਈਟ www.babafarid.net



Star Alliance BROKERAGE



# Indianapolis, Indiana...
## ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra

**Manjit Singh Nagra**
Realtor/Broker
Cell 317-750-1900

**Gurdeep (Garry) Chhokar**
Realtor/Broker
Cell 317-500-1247



Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**6979 Hillsdale Court, Indianapolis, Indiana 46250**

# ਸਿੱਖ ਪੰਚਾਇਤ ਨੇ ਪੰਜਾਬ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਖਾਲਸਾ ਏਡ ਨੂੰ 31 ਹਜ਼ਾਰ ਡਾਲਰ ਭੇਜੇ

**ਫਰੀਮੌਂਟ/ਬਲਵਿੰਦਰਪਾਲ ਸਿੰਘ ਖਾਲਸਾ :** ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸਿੱਖ ਪੰਚਾਇਤ ਨੇ ਗੁਰਦੁਆਰਾ ਸਾਹਿਬ ਫਰੀਮੌਂਟ ਤੇ ਸਿੱਖ ਸੰਗਤਾਂ ਦੇ ਭਾਰੀ ਸਹਿਯੋਗ ਨਾਲ 31 ਹਜ਼ਾਰ ਡਾਲਰ ਇਕੱਠੇ ਕਰਕੇ ਪੰਜਾਬ ਭੇਜੇ ਹਨ। ਇਹ ਰਾਸ਼ੀ ਖਾਲਸਾ ਏਡ ਸੰਸਥਾ ਨੂੰ ਭੇਜੀ ਗਈ ਹੈ, ਜੋ ਹੜ੍ਹ ਮਾਰੇ ਇਲਾਕਿਆਂ ਵਿਚ ਰਾਹਤ ਕਾਰਜ ਕਰ ਰਹੇ ਹਨ ਤੇ ਪੂਰੀ ਤਨਦੇਹੀ ਨਾਲ ਹੜ੍ਹ ਪੀੜਤਾਂ ਦੀ ਸਹਾਇਤਾ ਕਰ ਰਹੇ ਹਨ। ਸਿੱਖ ਪੰਚਾਇਤ ਦੇ ਬੁਲਾਰੇ ਭਾਈ ਜਸਦੇਵ ਸਿੰਘ ਨੇ ਕਿਹਾ ਕਿ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਮਦਦ ਲਈ ਦਿੱਤੀ ਮਾਇਆ ਲਈ ਉਹ ਫਰੀਮੌਂਟ ਦੀ ਸੰਗਤ ਦਾ ਧੰਨਵਾਦ ਕਰਦੇ ਹਨ ਅਤੇ ਖਾਲਸਾ ਏਡ ਵੱਲੋਂ ਸਮੇਂ-ਸਮੇਂ ਕੀਤੇ ਉਪਰਾਲੇ ਦੀ ਵੀ ਸ਼ਲਾਘਾ ਕਰਦੇ ਹਨ। ਉਹਨਾਂ ਨੇ ਹਰ ਮਾਈ ਭਾਈ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਪਿੰਡ ਜਾ ਇਲਾਕੇ ਵਿਚਲੇ ਹੜ੍ਹ ਪੀੜਤਾਂ ਦੀ ਸਿੱਧੇ ਤੌਰ 'ਤੇ ਜਾਂ ਖਾਲਸਾ ਏਡ ਰਾਹੀਂ ਜ਼ੁਰੂਰ ਮਦਦ ਕਰਨ। ਇਥੇ ਇਹ ਯਾਦ ਕਰਵਾਇਆ ਜਾਂਦਾ ਹੈ ਕਿ ਪਿਛਲੇ ਦਿਨੀ ਸਤਲੁਜ ਦਰਿਆ ਵਿਚ ਭਾਖੜਾ ਮੈਨੇਜਮੈਂਟ ਨੇ ਅਚਾਨਕ ਵੱਡੀ ਮਿਕਦਾਰ ਵਿਚ ਪਾਣੀ ਛੱਡ ਦਿੱਤਾ ਸੀ, ਜਿਸ ਨਾਲ ਸਤਲੁਜ ਦਰਿਆ ਦੇ ਆਸੇ ਪਾਸੇ ਹੜ੍ਹ ਆ ਗਏ। ਇਹ ਪਾਣੀ ਇਕਦਮ ਬਿਨਾ ਚਿਤਾਵਨੀ ਦੇ ਛੱਡ ਦਿੱਤਾ ਗਿਆ, ਜਦ ਕਿ ਇਹ ਪਾਣੀ ਹੌਲੀ ਹੌਲੀ ਪਹਿਲਾਂ ਨਹਿਰਾਂ ਵਿਚ ਛੱਡਿਆ ਜਾਣਾ ਚਾਹੀਦਾ ਸੀ ਤੇ ਫੇਰ ਥੋੜ੍ਹੀ ਮਾਤਰਾ ਵਿਚ ਦਰਿਆ ਵਿਚ ਛੱਡਿਆ ਜਾਣਾ ਚਾਹੀਦਾ ਸੀ। ਪੰਜਾਬ ਸਿੰਚਾਈ ਵਿਭਾਗ ਦੇ ਸਾਬਕਾ ਇੰਜੀਨੀਅਰਾਂ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੇ ਸਿੱਖ ਕਿਸਾਨਾਂ ਦੀ ਨਸਲਕੁਸ਼ੀ ਤੇ ਉਜਾੜੇ ਲਈ ਜਾਣ ਬੁੱਝ ਕੇ ਪਾਣੀ ਛੱਡਿਆ ਗਿਆ, ਜਿਸ ਨੇ ਬਹੁਤ ਤਬਾਹੀ ਮਚਾਈ ਤੇ ਪੰਜਾਬ ਦੇ ਕਿਸਾਨਾਂ ਦਾ ਅਰਥਾਂ ਰੁਪਿਆਂ ਦਾ ਨੁਕਸਾਨ ਕਰ ਦਿੱਤਾ। ਹਜ਼ਾਰਾਂ ਪਿੰਡ ਪਾਣੀ ਵਿਚ ਡੁੱਬ ਗਏ, ਹਜ਼ਾਰਾਂ ਦੀ ਗਿਣਤੀ ਵਿਚ ਦੁੱਧ ਤੇ ਖੇਤੀ ਕਰਨ ਵਾਲੇ ਪਸ਼ੂ ਮਾਰੇ ਗਏ। ਵੱਡੇ ਵੱਡੇ ਮਕਾਨ ਢਹਿ ਗਏ, ਫਸਲਾਂ ਬਰਬਾਦ ਹੋ ਗਈਆਂ। ਸੋਸ਼ਲ ਮੀਡੀਏ ਉਤੇ ਮੋਦੀ ਸਰਕਾਰ ਤੇ ਅਮਰਿੰਦਰ ਸਿੰਘ ਸਰਕਾਰ ਦੀ ਬਹੁਤ ਅਲੋਚਨਾ ਹੋਈ ਤੇ ਇਸ ਨੁਕਸਾਨ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਇਹ ਗੱਲ ਗਹਿਰੇ ਰੂਪ ਵਿਚ ਵਿਦੇਸ਼ਾਂ ਵਿਚਲੇ ਸਿੱਖਾਂ ਦੇ ਮਨ ਵਿਚ ਘਰ ਕਰ ਗਈ ਹੈ ਕਿ ਜਿਵੇਂ ਸੰਨ 1988 ਵਿਚ ਕੇਂਦਰ ਸਰਕਾਰ ਨੇ ਹੜ੍ਹਾਂ ਨੂੰ ਹਥਿਆਰ ਬਣਾ ਕੇ ਪੂਰੇ ਪੰਜਾਬ ਦਾ ਭਾਰੀ ਨੁਕਸਾਨ ਕੀਤਾ ਸੀ, ਬਿਲਕੁਲ ਉਸੇ ਤਰਜ਼ ਉਤੇ ਹੀ ਇਸ ਵਾਰ ਮੋਦੀ ਸਰਕਾਰ ਨੇ ਹੜ੍ਹਾਂ ਨੂੰ ਹਥਿਆਰ ਬਣਾ ਕੇ ਪੰਜਾਬ ਤੇ ਸਿੱਖ ਕਿਸਾਨੀ ਦਾ ਉਜਾੜਾ ਕੀਤਾ ਹੈ ਤਾਂ ਕਿ ਪੜਾਅਵਾਰ ਨਸਲਕੁਸ਼ੀ ਕਰਕੇ ਸਿੱਖ ਕੌਮ ਨੂੰ ਘਸਿਆਰੇ ਬਣਾ ਕੇ ਸਿੱਖੀ ਨੂੰ ਖਤਮ ਕੀਤਾ ਜਾ ਸਕੇ।




# ਅਮਰੀਕਨ ਸਿੱਖ ਕਾਕਸ ਕਮੇਟੀ ਨੇ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਮਨੁੱਖੀ ਅਧਿਕਾਰਾਂ ਦਾ ਮਾਮਲਾ ਉਠਾਉਣ ਲਈ ਕਿਹਾ

**ਵਾਸ਼ਿੰਗਟਨ ਡੀਸੀ/ਬਲਵਿੰਦਰਪਾਲ ਸਿੰਘ ਖਾਲਸਾ :** ਅਮਰੀਕਾ ਵਿਚ ਸਿੱਖ ਹੱਕਾਂ ਦੀ ਸਰਕਾਰੇ-ਦਰਬਾਰੇ ਗੱਲ ਕਰਨ ਵਾਲੀ ਸਿਰਮੌਰ ਜਥੇਬੰਦੀ ਅਮਰੀਕਨ ਸਿੱਖ ਕਾਕਸ ਕਮੇਟੀ ਨੇ ਅਮੈਰੀਕਨ ਸਿੱਖ ਕੰਗਰੈਸ਼ਨਲ ਕਾਕਸ ਨੂੰ ਲਿਖਤੀ ਬੇਨਤੀ ਭੇਜੀ ਹੈ ਕਿ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਉਸ ਨਾਲ ਭਾਰਤ ਵਿਚ ਸਰਕਾਰ ਵੱਲੋਂ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦੇ ਹੁੰਦੇ ਘਾਣ ਬਾਰੇ ਚੰਗੀ ਤਰਾਂ ਗੱਲਬਾਤ ਕੀਤੀ ਜਾਵੇ ਤੇ ਸਭ ਨਾਲ ਇਕੋ ਜਿਹਾ ਬਰਾਬਰੀ ਵਾਲਾ ਸਲੂਕ ਕਰਨ ਲਈ ਕਿਹਾ ਜਾਵੇ। ਬੇਨਤੀ ਪੱਤਰ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਤੱਥ ਪੇਸ਼ ਕੀਤੇ ਗਏ ਹਨ, ਜਿਵੇਂ ਮੋਦੀ ਦੇ ਸ਼ਾਸਨ ਕਾਲ ਦੇ ਪਹਿਲੇ ਪੰਜਾਂ ਸਾਲਾਂ ਤੇ ਹੁਣ ਵਾਲੀ ਨਵੀਂ ਇਸ ਸਾਲ ਬਣੀ ਮੋਦੀ ਦੀ ਸਰਕਾਰ ਵੱਲੋਂ ਸਿੱਖਾਂ, ਇਸਾਈਆਂ, ਮੁਸਲਮਾਨਾਂ, ਬੋਧੀਆਂ, ਦਲਿਤਾਂ ਆਦਿ ਦੇ ਮਨੁੱਖੀ ਅਧਿਕਾਰਾਂ ਨੂੰ ਬੁਰੀ ਤਰਾਂ ਤਹਿਸ ਨਹਿਸ ਕੀਤਾ ਜਾ ਰਿਹਾ ਹੈ ਤੇ ਪਿਛਲੇ ਮਹੀਨੇ ਤੋਂ ਕਸ਼ਮੀਰ ਵਿਚ ਕਰਫਿਊ ਲਾ ਕੇ ਪੂਰੇ ਕਸ਼ਮੀਰੀਆਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ। ਪੰਜਾਬ ਦੀ ਅਮਰਿੰਦਰ ਸਿੰਘ ਸਰਕਾਰ ਤੇ ਮੋਦੀ ਦੀ ਸਰਕਾਰ ਵੱਲੋਂ ਹੜ੍ਹਾਂ ਨੂੰ ਹਥਿਆਰ ਬਣਾ ਕੇ ਪੰਜਾਬ ਵਿਚ ਅਰਬਾਂ ਰੁਪਿਆਂ ਦਾ ਨੁਕਸਾਨ ਕੀਤਾ ਗਿਆ ਹੈ, ਜਿਸ ਨੇ ਖੇਤੀ ਕਰਦੇ ਸਿੱਖਾਂ ਦਾ ਬਹੁਤ ਉਜਾੜਾ ਕੀਤਾ ਹੈ, ਜਿਸ ਨੂੰ ਪੜਾਅਵਾਰ ਕੀਤੀ ਨਸਲਕੁਸ਼ੀ ਕਿਹਾ ਜਾ ਸਕਦਾ ਹੈ ਤੇ ਇਸ ਲਈ ਸਿੱਧੇ ਰੂਪ ਵਿਚ ਪੰਜਾਬ ਤੇ ਕੇਂਦਰ ਦੀ ਮੋਦੀ ਸਰਕਾਰ ਜ਼ੁਮੇਵਾਰ ਹੈ। ਮੋਦੀ ਦੀ ਸਹਿਮਤੀ ਤੇ ਚੁੱਪ ਦੇ ਹਥਿਆਰ ਨਾਲ ਹਿੰਦੂਤਵਾ ਤੇ ਆਰ ਐਸ ਐਸ ਦੀ ਰਹਿਨੁਮਾਈ ਹੇਠ ਘੱਟ ਗਿਣਤੀਆਂ ਨੂੰ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ। ਨਿਡਰ ਪੱਤਰਕਾਰਾਂ ਤੇ ਸੰਪਾਦਕਾਂ ਨੂੰ ਮੌਤ ਦੇ ਸਾਏ ਹੇਠ ਕੰਮ ਕਰਨਾ ਪੈ ਰਿਹਾ ਹੈ। ਉਨਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਬਹੁਤ ਸਾਰੇ ਮੁਸਲਮਾਨ ਕੁੱਟ ਕੁੱਟ ਕੇ ਮਾਰ ਦਿਤੇ ਗਏ ਹਨ ਤੇ ਅਦਾਲਤਾਂ ਕਾਤਲਾਂ ਨੂੰ ਛੱਡੀ ਜਾ ਰਹੀਆਂ ਹਨ। ਪੂਰੇ ਦੇਸ਼ ਵਿਚ ਭਾਜਪਾ, ਮੰਨੂਵਾਦੀਆਂ, ਆਰ ਐਸ ਐਸ ਤੇ ਹਿੰਦੂਤਵਾ ਨੇ ਘੱਟਗਿਣਤੀਆਂ ਦਾ ਜਿਊਣਾ ਔਖਾ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਅਮਰੀਕਨ ਸਿੱਖ ਕੰਗਰੈਸ਼ਨਲ ਕਾਕਸ ਦੇ ਕੋ-ਚੇਅਰ ਟੈਡ ਯੋਹੋ ਤੇ ਸੀਨੀਅਰ ਮੈਂਬਰ ਬਰੈਡ ਸ਼ਰਮਨ ਜੋ ਕਿ ਯੂਨਾਈਟਡ ਸਟੇਟਸ ਹਾਉਸ ਫਾਰਨ ਅਫੇਅਰਜ਼ ਸਬ ਕਮੇਟੀ ਔਨ ਏਸ਼ੀਆ, ਦ ਪੈਸੀਫਿਕ ਐਂਡ ਨਾਨਪਰੌਲੀਫੇਰੇਸ਼ਨ (United States House Foreign Affairs Subcommittee on Asia, the Pacific and Nonproliferation) ਦੇ ਚੇਅਰਮੈਨ ਤੇ ਕੋ ਚੇਅਰਮੈਨ ਹਨ , ਖਾਸ ਤੌਰ ਤੇ ਦੱਖਣੀ ਏਸ਼ੀਆ ਤੇ ਭਾਰਤ ਵਿਚਲੇ ਮਨੁੱਖੀ ਅਧਿਕਾਰਾਂ ਦੀ ਹਾਲਤ ਬਾਰੇ ਸਤੰਬਰ ਵਿਚ ਇਕ ਸੁਣਵਾਈ ਵੀ ਕਰਵਾ ਰਹੇ ਹਨ।

# ਸਿੱਖ ਪੰਚਾਇਤ ਨੇ ਸੰਗਤਾਂ ਲਈ ਫਲੂ ਸ਼ਾਟਸ ਦਾ ਕੀਤਾ ਪ੍ਰਬੰਧ

**ਫਰੀਮੌਂਟ/ਏਟੀ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਨਾਲ ਸਬੰਧਤ ਸਿੱਖ ਪੰਚਾਇਤ ਦੇ ਜਸਪ੍ਰੀਤ ਸਿੰਘ ਅਟਵਾਲ ਜੋ ਵਾਲਗਰੀਨ ਵਿਚ ਫਾਰਮਾਸਿਸਟ ਹਨ, ਨੇ ਫਰੀਮੌਂਟ ਦੀਆਂ ਸੰਗਤਾਂ ਲਈ ਫ੍ਰੀ ਫਲੂ ਸ਼ਾਟਸ ਦਾ ਪ੍ਰਬੰਧ ਕੀਤਾ ਤੇ ਗੁਰਦੂਆਰਾ ਸਾਹਿਬ ਵਿਖੇ ਉਹਨਾਂ ਨੇ ਇਹ ਕੈਂਪ ਲਾਇਆ। ਗੁਰਦੂਆਰਾ ਸਾਹਿਬ ਫਰੀਮੌਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ ਤੇ ਭਾਈ ਐਸਪੀ ਨੇ ਦੱਸਿਆ ਕਿ ਕਈ ਲੋਕ ਡਾਕਟਰ ਕੋਲ ਜਾਕੇ ਟੀਕਾ ਲਗਵਾਉਣ ਦੀ ਘੌਲ ਕਰ ਜਾਂਦੇ ਹਨ, ਇਸ ਲਈ ਸਮੇਂ-ਸਮੇਂ ਜਸਪ੍ਰੀਤ ਸਿੰਘ ਵੱਲੋਂ ਇਹ ਉਦਮ ਕੀਤਾ ਜਾਂਦਾ ਹੈ। ਅਸੀਂ ਉਸ ਦੇ ਧੰਨਵਾਦੀ ਹਾਂ।















# "ਸਫੈਦੀਕਰਨ" ਸਿੱਖ ਫਲਸਫੇ ਤੇ ਪ੍ਰੰਪਰਾਵਾਂ ਉਤੇ ਪੋਚਾ ਫੇਰਨਾ ਹੈ : ਸਿੱਖ ਚਿੰਤਕ

### *ਸੁਲਤਾਨਪੁਰ ਲੋਧੀ ਵਾਸੀ ਪਾਖੰਡਵਾਦ ਦਾ ਬਾਈਕਾਟ ਕਰਨ*

**ਚੰਡੀਗੜ੍ਹ/ਏਟੀ ਨਿਊਜ਼ :**
ਸਿੱਖ ਚਿੰਤਕਾਂ ਨੇ ਬਾਦਲ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸੁਲਤਾਨਪਰ ਲੋਧੀ ਕਸਬੇ ਨੂੰ 'ਸਫੈਦ ਸ਼ਹਿਰ' ਬਣਾਉਣ ਲਈ ਵਿੱਢੀ ਮੁਹਿੰਮ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਕਿਹਾ ਕਿ ਅਸਲ ਵਿਚ ਬਾਦਲ ਅਕਾਲੀ ਦਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਆਪਣੇ ਹੋਰ ਸਿੱਖ ਵਿਰੋਧੀ ਕਾਲੇ ਕਾਰਨਾਮਿਆਂ ਉਤੇ ਸਫੈਦੀ ਫੇਰਨ ਦੀ ਪ੍ਰਕਿਰਿਆ ਵਿੱਢ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਾਬਜ਼ ਬਾਦਲਕੇ ਆਰਐਸਐਸ ਅਤੇ ਸੰਘ ਪਰਿਵਾਰ ਦੀ ਭਗਵਾਂਕਰਨ ਦੀ ਮੁਹਿੰਮ ਦੀ ਤਰਜ਼ ਉਤੇ ਚਲਦਿਆਂ ਭਿੰਨਤਾ ਅਤੇ ਬਹੁਲਤਾਵਾਦ ਵਾਲੇ ਸਿੱਖ ਫਲਸਫੇ ਅਤੇ ਪ੍ਰੰਪਰਾਵਾਂ ਉਤੇ ਸਫੈਦ ਪੋਚਾ ਫੇਰ ਕੇ ਗੈਰ-ਕੁਦਰਤੀ ਇਕਸਾਰਤਾ ਲਿਆਉਣਾ ਚਾਹੁੰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸੰਚਾਲਤ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ ਵਿਚ ਪਾਠ ਦੇ ਭੋਗ ਉਪਰੰਤ ਬਾਦਲ ਅਕਾਲੀ ਦਲ ਨੂੰ ਸਫੈਦੀਕਰਨ ਦੀ ਜ਼ਿੰਮੇਵਾਰੀ ਸੌਂਪਣਾ ਹਾਸੋਹੀਣਾ ਕਾਰਨਾਮਾ ਹੈ, ਕਿਉਂਕਿ ਇਹ ਪਾਰਟੀ ਬਰਗਾੜੀ ਬੇਅਦਬੀ ਕਾਂਡ ਦੀ ਦੋਸ਼ੀ ਹੈ ਅਤੇ ਇਹ ਮੋਦੀ ਸਰਕਾਰ ਦੀ ਮੱਦਦ ਲੈ ਕੇ ਆਪਣੇ ਪਾਪਾਂ ਉਤੇ ਪਰਦਾਪੋਸ਼ੀ ਕਰਨ ਲਈ ਲਗਾਤਾਰ ਸਿਆਸੀ ਪਾਪੜ ਵੇਲ ਰਹੀ ਹੈ। ਬਰਗਾੜੀ ਬੇਅਦਬੀ ਘਟਨਾਵਾਂ ਦੀ ਇਖਲਾਕੀ ਜ਼ਿੰਮੇਵਾਰੀ ਤੋਂ ਇਨਕਾਰੀ ਹੋ ਕੇ ਬਾਦਲਕੇ ਸਮਝਦੇ ਹਨ ਕਿ ਉਹ ਅਜਿਹੀ ਸਫੈਦੀਕਰਨ ਦੀ ਮੁਹਿੰਮ ਨਾਲ ਸਿੱਖ ਸਮਾਜ ਨੂੰ ਬੁੱਧੂ ਬਣਾ ਸਕਦੇ ਹਨ।

ਪਹਿਲਾਂ 1999 ਵਿਚ ਖਾਲਸਾ ਸਾਜਨਾ ਦੀ 300 ਸਾਲਾ ਸ਼ਤਾਬਦੀ ਦੇ ਮੌਕੇ ਬਾਦਲਕਿਆਂ ਨੇ ਅਨੰਦਪੁਰ ਸਾਹਿਬ ਸ਼ਹਿਰ ਨੂੰ ਸਫੈਦੀ ਕਰਨ ਦਾ ਅਜਿਹਾ ਹੀ ਆਡੰਬਰ ਰਚਿਆ ਸੀ, ਜਿਸ ਰਾਹੀਂ ਉਨ੍ਹਾਂ ਨੇ ਸਿੱਖ ਫਲਸਫੇ ਨੂੰ ਵਿਗਾੜਿਆ ਅਤੇ ਆਰਐਸਐਸ ਤੇ ਹਿੰਦੂਤਵੀ ਜਥਿਆਂ ਦੀ ਵੱਡੇ ਪੱਧਰ ਉਤੇ ਜ਼ਾਹਰਾ ਸ਼ਮੂਲੀਅਤ ਕਰਵਾਈ ਸੀ। ਹੈਰਾਨੀ ਹੈ ਕਿ ਸ਼੍ਰੋਮਣੀ ਕਮੇਟੀ ਵੀ ਬੇਖਬਰ ਹੈ ਕਿ ਸੁਲਤਾਨਪੁਰ ਲੋਧੀ ਨੂੰ ਨਿਰੋਲ ਚਿੱਟੇ ਰੰਗ ਵਿਚ ਰੰਗਣਾ ਗੁਰਮਤਿ ਸਿਧਾਂਤ ਦੇ ਉਲਟ ਹੈ। ਸਿੱਖ ਧਰਮ ਵੰਨ-ਸੁਵੰਨਤਾ ਅਤੇ ਸਮੂਹ ਰੰਗਾਂ ਰੂਪੀ ਕੁਦਰਤੀ ਗੁਲਦਸਤੇ ਦਾ ਲਖਾਇਕ ਹੈ ਅਤੇ ਸਫੈਦ ਰੰਗ ਦਾ ਸਿੱਖ ਫਲਸਫੇ ਅਤੇ ਹਿਸਟਰੀ ਨਾਲ ਕੋਈ ਸਬੰਧ ਨਹੀਂ। ਸਿੱਖੀ ਨੂੰ ਕਿਸੇ ਵੀ ਰੰਗ ਨਾਲ ਪਿਆਰ ਨਹੀਂ, ਨਾ ਹੀ ਦੂਜੇ ਕਿਸੇ ਰੰਗ ਨਾਲ ਘ੍ਰਿਣਾ, ਜਿਵੇਂ ਕਿ ਦੂਸਰੇ ਕਈ ਵੱਡੇ ਧਰਮਾਂ ਵਿਚ ਅਜਿਹਾ ਅਮਲ ਪ੍ਰਚੱਲਤ ਹੈ। ਸਿੱਖ ਧਰਮ ਇਕਸਾਰਤਾ ਦਾ ਨਹੀਂ, ਇਕਸੁਰਤਾ ਦਾ ਪੈਰੋਕਾਰ ਹੈ : "ਕੁਦਰਤਿ ਵਰਤੈ ਰੂਪ ਅਰ ਰੰਗਾ", "ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ" ਅਤੇ "ਅਨਿਕ ਭਾਂਤ ਹੋਇ ਪਸਰਿਆ ਨਾਨਕ ਏਕੰਕਾਰ"। ਇਕ ਰੰਗ ਵਿਚ ਰੰਗਣਾ ਪੱਛਮੀ ਸਾਮਰਾਜੀ ਬਿਰਤੀ ਦਾ ਚਿੰਨ੍ਹ ਹੈ। ਧੱਕੇ ਨਾਲ ਹਰ ਵੱਖਰੀ ਹਸਤੀ ਨੂੰ ਮਿਟਾ ਕੇ ਆਪਣੇ ਰੰਗ ਵਿਚ ਰੰਗਣਾ ਹੀ ਵਿਸ਼ਵੀਕਰਣ ਰਾਹੀਂ ਸਾਮਰਾਜੀ ਧੱਕੇਸ਼ਾਹੀ ਕਰਨ ਦਾ ਨਮੂਨਾ ਹੈ, ਜਿਸ ਦਾ ਦੁਨੀਆ ਦਾ ਹਰ ਭਾਈਚਾਰਾ ਵਿਰੋਧ ਕਰ ਰਿਹਾ ਹੈ।

ਸਿੱਖ ਬੁੱਧੀਜੀਵੀਆਂ ਨੇ ਕਿਹਾ ਕਿ ਅਜਿਹੀ ਫੋਕੀ ਅਤੇ ਸਿੱਖ ਵਿਰੋਧੀ ਪ੍ਰਕਿਰਿਆ ਰਾਹੀਂ ਬਾਦਲਕੇ ਸਿੱਖਾਂ ਅੰਦਰ ਮੁੜ ਆਪਣੀ ਸ਼ਾਖ ਜਮਾਉਣਾ ਚਾਹੁੰਦੇ ਹਨ। ਅਜਿਹੀ ਫ਼ਜ਼ੂਲ ਅਤੇ ਮਹਿੰਗੀ ਪ੍ਰਕਿਰਿਆ ਨਾਲੋਂ ਗੁਰੂ ਨਾਨਕ ਦੇ ਵਿਲੱਖਣ ਸਿਧਾਂਤ ਉਤੇ ਉੱਸਰੀ ਵਿਲੱਖਣ ਪਹਿਚਾਣ ਨੂੰ ਮਜ਼ਬੂਤ ਕਰਨ ਦੀ ਕਾਰਵਾਈ ਹੋਣੀ ਚਾਹੀਦੀ ਹੈ। ਹੜ੍ਹ ਪੀੜਤਾਂ, ਗਰੀਬਾਂ ਅਤੇ ਦੁਖਿਆਰਿਆਂ ਦੀ ਮੱਦਦ ਵਿਚ ਨਿੱਤਰਨਾ ਹੀ 550 ਸਾਲਾ ਪ੍ਰਕਾਸ਼ ਦਿਵਸ ਮਨਾਉਣ ਪ੍ਰਤੀ ਠੋਸ ਕਾਰਵਾਈ ਹੋਵੇਗੀ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਸੱਦੇ ਉਤੇ ਇਕੱਠੇ ਹੋਏ ਸਿੱਖ ਚਿੰਤਕਾਂ ਨੇ ਸੁਲਤਾਨਪੁਰ ਲੋਧੀ ਵਾਸੀਆਂ ਨੂੰ ਅਪੀਲ ਕੀਤੀ ਕਿ ਸਫੈਦੀਕਰਨ ਦਾ ਬਾਈਕਾਟ ਕਰਨ ਅਤੇ ਬਾਦਲਕਿਆਂ ਦੇ ਸਿਆਸੀ ਮਨਸੂਬਿਆਂ ਦਾ ਪਰਦਾਫਾਸ਼ ਕਰਨ। ਇਸ ਮੌਕੇ ਪ੍ਰੋਫੈਸਰ ਆਫ ਸਿੱਖਿਜ਼ਮ ਸ. ਗੁਰਤੇਜ ਸਿੰਘ ਸਾਬਕਾ ਆਈਏਐਸ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਪ੍ਰਧਾਨ ਇੰਸਟੀਚਿਊਟ ਸਿੱਖ ਸਟੱਡੀਜ਼, ਗੁਰਬਚਨ ਸਿੰਘ ਐਡੀਟਰ ਦੇਸ਼ ਪੰਜਾਬ, ਜਸਪਾਲ ਸਿੰਘ ਸਿੱਧੂ ਪੱਤਰਕਾਰ, ਡਾ. ਖੁਸ਼ਹਾਲ ਸਿੰਘ ਅਤੇ ਸੁਰਿੰਦਰ ਸਿੰਘ ਕਿਸ਼ਨਪੁਰਾ ਆਦਿ ਹਾਜ਼ਰ ਸਨ।

## ਵਿਦੇਸ਼ੀ ਸਿੱਖਾਂ ਨੂੰ ਗੁਰੂਘਰਾਂ ਵਿਚ ਬੁਲਾ ਕੇ ਮਾਣ ਸਨਮਾਨ ਦੇਣ ਦੀ ਲੋੜ ਤੇ ਜ਼ੋਰ : ਸਤਪਾਲ ਸਿੰਘ ਖ਼ਾਲਸਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿਆਟਲ ਦੇ ਗੁਰਦੁਆਰਾ ਸੱਚਾ ਮਾਰਗ ਐਬਰਨ ਵਿਚ ਪਹੁੰਚ ਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਤਪਾਲ ਸਿੰਘ ਖਾਲਸਾ ਨੇ ਮੰਗ ਕੀਤੀ ਕਿ ਵਿਦੇਸ਼ੀ



ਸਿੱਖਾਂ ਨੂੰ ਗੁਰੂਘਰਾਂ ਵਿਚ ਬੁਲਾ ਕੇ ਸੰਗਤੀ ਰੂਪ ਵਿਚ ਜੋੜਨ ਦੀ ਲੋੜ ਹੈ ਕਿਉਂਕਿ ਵਿਦੇਸ਼ੀ ਸਿੱਖ ਗੁਰਦੁਆਰਿਆਂ ਵਿਚ ਆਉਣਾ ਚਾਹੁੰਦੇ ਹਨ ਪ੍ਰੰਤੂ ਉਨ੍ਹਾਂ ਨਾਲ ਕੋਈ ਗੱਲਬਾਤ ਨਹੀਂ ਕਰਦਾ। ਹਰਭਜਨ ਸਿੰਘ ਯੋਗੀ ਦੇ ਦਾਮਾਦ ਸਤਪਾਲ ਸਿੰਘ ਖ਼ਾਲਸਾ ਨੇ ਦੱਸਿਆ ਕਿ ਯੋਗੀ ਨੇ ਨਿਊ ਮੈਕਸੀਕੋ ਵਿਚ ਬਹੁਤ ਸਾਰੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾਇਆ ਸੀ। ਉਨ੍ਹਾਂ ਨੇ ਅਕਾਲ ਸਕਿਓਰਿਟੀ 700 ਗੋਰਿਆਂ ਦੀ ਤਿਆਰ ਕੀਤੀ ਸੀ ਜੋ ਬਹੁਤ ਹੀ ਕਾਮਯਾਬ ਸਾਬਤ ਹੋਈ ਸੀ। ਉਨ੍ਹਾਂ ਦੱਸਿਆ ਕਿ ਹਰਭਜਨ ਸਿੰਘ ਯੋਗੀ ਦੀ ਮੌਤ ਤੋਂ ਬਾਅਦ ਗੋਰੇ ਸਿੱਖਾਂ ਨਾਲ ਕੋਈ ਤਾਲਮੇਲ ਨਹੀਂ ਰਿਹਾ। ਗੁਰਦੁਆਰਿਆਂ ਵਿਚ ਵੀ ਗੋਰੇ ਸਿੱਖਾਂ ਨੂੰ ਤਰਜੀਹ ਨਹੀਂ ਮਿਲੀ, ਜਿਸ ਕਰਕੇ ਗੋਰੇ ਸਿੱਖ ਘਟ ਗਏ। ਉਨ੍ਹਾਂ ਦੱਸਿਆ ਕਿ ਗੋਰੇ ਸਿੱਖਾਂ ਨੂੰ ਗੁਰਦੁਆਰਿਆਂ ਵਿਚ ਬੁਲਾ ਕੇ ਮੇਲ ਮਿਲਾਪ ਕੀਤਾ ਜਾਵੇ, ਤਾਂ ਹੀ ਗੋਰੇ ਸਿੱਖ ਦੁਬਾਰਾ ਪੰਜਾਬੀ ਭਾਈਚਾਰੇ ਨਾਲ ਜੁੜ ਸਕਦੇ ਹਨ।

## ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ ਸ੍ਰੀ ਗਣੇਸ਼ ਜੀ ਦੀ ਮੂਰਤੀ ਰੱਖੀ

### *ਗਣੇਸ਼ ਜੀ ਦੇ ਸਿਰ ਉਪਰ ਦਸਤਾਰ ਵੀ ਸਜਾਈ ਗਈ*

**ਅੰਮ੍ਰਿਤਸਰ/ਏਟੀ ਨਿਊਜ਼ :** ਭਾਰਤ ਵਿਚ ਚੱਲ ਰਹੇ ਗਣਪਤੀ ਉਤਸਵ ਦੌਰਾਨ ਇਕ ਵੱਖਰਾ ਹੀ ਦ੍ਰਿਸ਼ ਦੇਖਣ ਨੂੰ ਮਿਲਿਆ, ਪੰਜਾਬ ਤੋਂ ਬਾਹਰ ਦੇ ਕਿਸੇ ਸੂਬੇ ਵਿਖੇ ਤਿਆਰ ਕੀਤੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਦੱਸਣਯੋਗ ਹੈ ਕਿ ਕਰੀਬ ਡੇਢ ਮਿੰਟ ਦੀ ਇਸ ਵੀਡੀਓ ਵਿਚ ਇਕ ਗੁਰਦੁਆਰੇ ਦੇ ਅੰਦਰ ਹਾਲ ਦਾ ਦ੍ਰਿਸ਼ ਦਿਖਾਇਆ ਗਿਆ ਹੈ। ਇਸ ਦ੍ਰਿਸ਼ ਦੇ ਨਾਲ ਆਡੀਓ ਵਿਚ ਸਤਿਨਾਮ ਵਾਹਿਗੁਰੂ ਦੀ ਧੁਨ ਦੇ ਨਾਲ ਕੱਚੀ ਬਾਣੀ ਦੀ ਆਵਾਜ਼ ਆ ਰਹੀ ਹੈ। ਇਸ ਵੀਡੀਓ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ ਸ੍ਰੀ ਗਣੇਸ਼ ਜੀ ਦੀ ਮੂਰਤੀ ਰੱਖੀ ਹੈਂ ਜਿਸ ਪਾਸੋਂ ਚਵਰ ਕਰਵਾਇਆ ਜਾ ਰਿਹਾ ਹੈ ਅਤੇ ਸ੍ਰੀ ਗਣੇਸ਼ ਜੀ ਦੇ ਸਿਰ ਉਪਰ ਦਸਤਾਰ ਵੀ ਸਜਾਈ ਗਈ ਹੈ। ਇਸ ਤੋਂ ਇਲਾਵਾ ਕੀਰਤਨ ਕਰਨ ਵਾਲੀ ਸਟੇਜ ਬਣਾਈ ਗਈ ਹੈ, ਜਿਥੇ ਮੂਰਤੀ ਦੇ ਰੂਪ ਵਿਚ ਤਿੰਨ ਚੂਹੇ ਬਿਠਾਏ ਹਨ, ਜੋ ਕੀਰਤਨ ਕਰਦੇ ਦਿਖਾਏ ਗਏ ਹਨ, ਜਿਨ੍ਹਾਂ ਨੂੰ ਦਸਤਾਰ ਬੰਨ੍ਹੀ ਹੈ ਅਤੇ ਗਾਤਰੇ ਵੀ ਪਾਏ ਹਨ। ਇਸ ਵੀਡੀਓ 'ਚ ਨੌਜਵਾਨ ਵੀ ਕੁਝ ਸਕਿੰਟ ਲਈ ਦਿਖਾਈ ਦੇ ਰਿਹਾ ਹੈ। ਇਸ ਦੇ ਨਾਲ ਹੀ ਦੀਵਾਰਾਂ ਉਪਰ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ। ਇਸ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਕੁਲਵਿੰਦਰ ਸਿੰਘ ਰਮਦਾਸ ਨੇ ਕਿਹਾ ਕਿ ਇਸ ਵੀਡੀਓ ਦੀ ਤਹਿ ਤੱਕ ਪਹੁੰਚਿਆ ਜਾਵੇਗਾ ਅਤੇ ਇਸ ਮਾਮਲੇ ਨੂੰ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਧਿਆਨ ਵਿਚ ਲਿਆਂਦਾ ਜਾਵੇਗਾ।


WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

Call for more Info:

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# 15ਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਤੇ ਸੁੱਖ ਸ਼ਾਂਤੀ ਲਈ ਗੁਰਦੁਆਰਾ ਫਰੀਮੌਂਟ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ

## ਧਾਰਮਿਕ, ਸਮਾਜਿਕ ਅਤੇ ਖੇਡ ਸਖਸ਼ੀਅਤਾਂ ਨੇ ਕੀਤੀ ਵੱਡੀ ਗਿਣਤੀ 'ਚ ਸ਼ਿਰਕਤ



**ਫਰੀਮੌਂਟ/ਏਟੀ ਨਿਊਜ਼ :** ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ 15 ਸਤੰਬਰ ਨੂੰ ਹੋਣ ਵਾਲੇ 15ਵੇਂ ਵਿਸ਼ਵ ਕੱਪ ਦੌਰਾਨ ਖਿਡਾਰੀਆਂ ਦੀ ਤੰਦਰੁਸਤੀ ਅਤੇ ਖੇਡ ਮੇਲੇ ਦੀ ਸਫਲਤਾ ਲਈ ਲੰਘੇ ਐਤਵਾਰ ਸ੍ਰੀ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਕਰਨ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਉਪਰੰਤ ਕਲੱਬ ਦੇ ਜਨਰਲ ਸਕੱਤਰ ਐੱਸ. ਅਸ਼ੋਕ. ਭੌਰਾ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ਵ ਕਬੱਡੀ ਕੱਪ ਨੂੰ ਵੀ ਇਤਿਹਾਸਕ ਬਣਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਗੁਰੂਘਰ ਦੇ ਸੇਵਾਦਾਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਆਪਣੇ ਵਿਚਾਰਾਂ ਵਿਚ ਕਿਹਾ ਕਿ ਇਸ ਖੇਡ ਮੇਲੇ ਵਿਚ ਸੰਗਤਾਂ ਨੂੰ ਹੁੰਮ ਹੁਮਾ ਕੇ ਪੁੱਜਣਾ ਚਾਹੀਦਾ ਹੈ। ਇਸ ਪਵਿੱਤਰ ਵਰ੍ਹੇ ਵਿਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਨੂੰ ਵੀ ਕਿਸੇ ਵੀ ਪ੍ਰਕਾਰ ਦੇ ਨਸ਼ੇ ਤੋਂ ਪ੍ਰਹੇਜ਼ ਅਤੇ ਗੁਰੇਜ਼ ਕਰਨਾ ਚਾਹੀਦਾ ਹੈ। ਭਾਈ ਦਰਸ਼ਨ ਸਿੰਘ ਨੇ ਕਿਹਾ ਕਿ ਇਹ ਡਰੱਗ ਫ੍ਰੀ ਕਬੱਡੀ ਕੱਪ ਹੈ, ਵਿਸ਼ਵ ਵਿਚ ਗੁਰੂਘਰਾਂ ਵਲੋਂ ਸਾਂਝੇ ਰੂਪ ਵਿਚ ਇਹ ਮੇਲਾ ਵੇਖਣ ਆਈਆਂ ਸੰਗਤਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ। ਮੇਲੇ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਸਾਲਾਂ ਨਾਲੋਂ ਵੀ ਇਹ ਸਾਲ ਸਮੂਹਿਕ ਪੰਜਾਬੀਆਂ, ਗੁਰੂਘਰਾਂ, ਖੇਡ ਪ੍ਰੇਮੀਆਂ, ਖੇਡ ਕਲੱਬਾਂ ਅਤੇ ਸਮਾਜਿਕ ਸੰਸਥਾਵਾਂ ਵਲੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ ਅਤੇ ਦੁਨੀਆ ਭਰ ਦੇ ਪ੍ਰਸਿੱਧ ਕਬੱਡੀ ਖਿਡਾਰੀ ਇਸ ਮੇਲੇ ਵਿਚ ਦੁਨੀਆ ਦੇ ਕੋਨੇ ਕੋਨੇ ਤੋਂ ਪਹੁੰਚ ਰਹੇ ਹਨ ਜੋ ਦਰਸ਼ਕਾਂ ਦਾ ਸਿਹਤਮੰਦ ਕਬੱਡੀ ਨਾਲ ਮਨੋਰੰਜਨ ਕਰਨਗੇ। ਇਸ ਉਪਰੰਤ ਯੂਨਾਈਟਡ ਸਪੋਰਟਸ ਕਲੱਬ ਦੀ ਇਕ ਅਹਿਮ ਇਕੱਤਰਤਾ ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਹੋਈ ਜਿਸ ਵਿਚ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਬੱਡੀ ਖਿਡਾਰੀ ਤੀਰਥ ਗਾਖਲ ਨੇ ਦੱਸਿਆ ਕਿ ਚਾਰ ਵੱਡੀਆਂ ਕਲੱਬਾਂ ਵਿਚ ਬਰਾਬਰ ਦੇ ਖਿਡਾਰੀ ਕਮਾਲ ਦੀ ਕਬੱਡੀ ਦਾ ਪ੍ਰਦਰਸ਼ਨ ਕਰਨਗੇ ਅਤੇ ਨਵੀਂ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਲਈ ਆਲ ਓਪਨ ਅਤੇ ਅੰਡਰ—25 ਦੇ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਪ੍ਰਧਾਨ ਜੁਗਰਾਜ ਸਿੰਘ ਸਹੋਤਾ ਅਤੇ ਸ. ਅਮੋਲਕ ਸਿੰਘ ਗਾਖਲ ਨੇ ਵੀ ਆਪਣੇ ਵਿਚਾਰਾਂ 'ਚ ਜਿੱਥੇ ਸੰਗਤਾਂ ਨੂੰ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਉੱਥੇ ਆਪਣੇ ਸਪਾਂਸਰਾਂ ਦਾ ਵੀ ਧੰਨਵਾਦ ਕਰਦਿਆਂ ਕਿਹਾ ਕਿ ਇਸ ਖੇਡ ਮੇਲੇ ਲਈ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦਾ ਸਹਿਯੋਗ ਯੁਨਾਈਟਡ ਸਪੋਰਟਸ ਕਲੱਬ ਲਈ ਹਮੇਸ਼ਾ ਮਾਣ ਬਣਿਆ ਰਹੇਗਾ। ਇਸ ਮੀਟਿੰਗ ਵਿਚ ਚੇਅਰਮੈਨ ਮੱਖਣ ਸਿੰਘ ਬੈਂਸ, ਬੇਏਰੀਆ ਦੇ ਸਪੋਰਟਸ ਕਲੱਬ ਦੇ ਸੰਧੂ ਭਰਾ, ਨੱਥਾ ਸਿੰਘ ਗਾਖਲ, ਨਰਿੰਦਰ ਸਿੰਘ ਸਹੋਤਾ, ਸ. ਮੇਜਰ ਸਿੰਘ ਬੈਂਸ, ਬੀਬੀ ਆਸ਼ਾ ਸ਼ਰਮਾ, ਰਾਜਾ ਨੂਰਪੁਰੀਆ ਅਤੇ ਹੋਰ ਅਨੇਕਾਂ ਸਖਸ਼ੀਅਤਾਂ ਹਾਜ਼ਰ ਸਨ।

# ਕਬੱਡੀ ਨੂੰ ਪਿਆਰ ਕਰਨ ਵਾਲੇ 15 ਸਤੰਬਰ ਦੇ ਵਿਸ਼ਵ ਕਬੱਡੀ ਕੱਪ 'ਚ ਜ਼ਰੂਰ ਪਹੁੰਚਣ : ਗਾਖ਼ਲ

## ਵਿਸ਼ਵ ਕੱਪ ਦੀਆਂ ਸਮੁੱਚੀਆਂ ਤਿਆਰੀਆਂ ਮੁਕੰਮਲ : ਬੈਂਸ

**ਯੂਨੀਅਨ ਸਿਟੀ/ਏਟੀ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੁਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ 15 ਸਤੰਬਰ ਦਿਨ ਐਤਵਾਰ ਨੂੰ ਕਰਵਾਏ ਜਾਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਤੇ ਸਰਪ੍ਰਸਤ ਸ.




ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਇਕ ਵਾਰ ਫਿਰ ਰਿਣੀ ਹਨ ਆਪਣੇ ਸਾਰੇ ਸਪਾਸਰਾਂ ਦੇ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਕਬੱਡੀ ਕੱਪ ਇਤਿਹਾਸ ਸਿਰਜਣ ਦੇ ਯੋਗ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਕਬੱਡੀ ਦੇ ਧੁਨੰਤਰ ਖਿਡਾਰੀ ਹੀ ਇਸ ਖੇਡ ਮੇਲੇ ਵਿਚ ਕਬੱਡੀ ਦੇ ਰੰਗ ਨਹੀਂ ਦਿਖਾਉਣਗੇ ਸਗੋਂ ਚਾਰ ਪ੍ਰਮੁੱਖ ਕਲੱਬਾਂ ਬੇਏਰੀਆ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ, ਨਿਊਯਾਰਕ ਮੈਟਰੋ ਕਲੱਬ ਅਤੇ ਟੀਮ ਨੌਰਥ ਅਮੇਰਿਕਾ (ਕਨੇਡਾ) ਵਿਚ ਬਰਾਬਰ ਦੇ ਖਿਡਾਰੀ ਫਸਵੇਂ ਮੁਕਾਬਲਿਆਂ ਵਿਚ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੇ। ਉਨ੍ਹਾਂ ਸਮੂਹ ਕਬੱਡੀ ਪ੍ਰੇਮੀਆਂ ਅਤੇ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ 15 ਸਤੰਬਰ ਦਾ ਇਕ ਦਿਨ ਇਸ ਇਤਿਹਾਸਕ ਕਬੱਡੀ ਕੱਪ ਦੇ ਲੇਖੇ ਲਾਓ ਅਤੇ ਇਹ ਸਾਡੀ ਪਹਿਚਾਣ ਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਵੀ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਸ ਮੇਲੇ ਦੌਰਾਨ ਜਿੱਥੇ ਕਬੱਡੀ ਨੂੰ ਬੁਲੰਦੀਆਂ ਦੇਣ ਵਾਲੇ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਖੁਸ਼ੀ ਦੁੱਗਾਂ ਅਤੇ ਸੁਲਤਾਨ ਸ਼ਮਸ਼ਪੁਰ ਨੂੰ ਗਾਖਲ ਪਰਿਵਾਰ ਆਪਣੇ ਪਿਤਾ ਸ. ਨਸੀਬ ਸਿੰਘ ਗਾਖਲ ਦੀ ਯਾਦ 'ਚ ਗੋਲਡ ਮੈਡਲਾਂ ਨਾਲ ਸਨਮਾਨ ਦੇਵੇਗਾ, ਉੱਥੇ ਸਿੱਖ ਜਗਤ ਦੇ ਇਤਿਹਾਸਕ ਇਸ ਵਰ੍ਹੇ 'ਤੇ ਸਮਾਜਿਕ, ਸਾਹਿਤਕ ਅਤੇ ਧਾਰਮਿਕ ਖੇਤਰ ਦੀਆਂ 5 ਅਹਿਮ ਸਖਸ਼ੀਅਤਾਂ ਡਾ. ਹਰਕੇਸ਼ ਸੰਧੂ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਤਰਲੋਚਨ ਸਿੰਘ ਦੁਪਾਲਪੁਰ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ। ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਕਿਹਾ ਕਿ ਸਕਿਉਰਿਟੀ, ਲੰਗਰ, ਪਾਰਕਿੰਗ ਦੇ ਪ੍ਰਬੰਧ ਵੀ ਮੁਕੰਮਲ ਕਰ ਲਏ ਗਏ ਹਨ ਤੇ ਇਸ ਗੱਲ ਦਾ ਧਿਆਨ ਰੱਖਿਆ ਗਿਆ ਹੈ ਕਿ ਇਸ ਇਤਿਹਾਸਕ ਕਬੱਡੀ ਕੱਪ ਨੂੰ ਵੇਖਣ ਆਉਣ ਵਾਲੇ ਕਿਸੇ ਵੀ ਕਬੱਡੀ ਪ੍ਰੇਮੀ ਨੂੰ ਕਿਸੇ ਤਰ੍ਹਾਂ ਦੀ ਕੋਈ ਅਸੁਵਿਧਾ ਨਾ ਹੋਵੇ। ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਅਰਸੇ ਤੋਂ ਸੱਚੀ ਮੁੱਚੀਂ ਹੀ ਇਸ ਕਬੱਡੀ ਕੱਪ ਨੂੰ ਸਫਲਤਾ ਦੇਣ ਲਈ ਹਰ ਸੰਭਵ ਯਤਨ ਕੀਤਾ ਗਿਆ ਹੈ ਅਤੇ ਡਰੱਗ ਫ੍ਰੀ ਇਸ ਕੱਬਡੀ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀਆਂ ਨੂੰ ਹੀ ਖੇਡਣ ਦਾ ਮੌਕਾ ਦਿੱਤਾ ਜਾ ਰਿਹਾ ਹੈ। ਇਸ ਕਬੱਡੀ ਕੱਪ 'ਚ ਜਿੱਥੇ ਵੱਡੀਆਂ ਚਾਰ ਕਲੱਬਾਂ ਭਾਗ ਲੈ ਰਹੀਆਂ ਹਨ ਉੱਥੇ ਸਥਾਨਕ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਆਲ ਓਪਨ ਮੁਕਾਬਲਿਆਂ ਵਿਚ ਦੋ ਕਬੱਡੀ ਟੀਮਾਂ ਯੂਨਾਈਟਡ ਸਪੋਰਟਸ ਕਲੱਬ ਅਤੇ ਯੰਗ ਸਪੋਰਟਸ ਕਲੱਬ ਖੇਡਣਗੀਆਂ ਜਦੋਂਕਿ ਅੰਡਰ-21 ਮੁਕਾਬਲਿਆਂ ਵਿਚ ਬਿਲਕੁਲ ਨਵੇਂ ਖਿਡਾਰੀਆਂ ਦੀਆਂ ਦੋ ਟੀਮਾਂ ਦਰਸ਼ਕਾਂ ਨੂੰ ਨਵੀਂ ਪੀੜ੍ਹੀ ਦੇ ਨਵੇਂ ਕਬੱਡੀ ਰੰਗ ਦਿਖਾਉਣਗੀਆਂ। ਸ. ਮੱਖਣ ਸਿੰਘ ਬੈਂਸ ਨੇ ਸਮੂਹ ਸੰਗਤਾਂ, ਕਬੱਡੀ ਪ੍ਰੇਮੀਆਂ ਨੂੰ ਇਸ ਇਤਿਹਾਸਕ ਕਬੱਡੀ ਕੱਪ 'ਤੇ ਪਹੁੰਚਣ ਦੀ ਅਪੀਲ ਕਰਦਿਆਂ ਇਹ ਵੀ ਦੱਸਿਆ ਕਿ ਜਿੱਥੇ ਗੁਰੂਘਰ ਸੈਨਹੋਜ਼ੇ, ਫਰੀਮੌਂਟ, ਮਿਲਪੀਟਸ ਤੇ ਸਟਾਕਟਨ ਵੱਲੋਂ ਸੰਗਤਾਂ ਲਈ ਲੰਗਰ ਦੀ ਸੇਵਾ ਕੀਤੀ ਜਾਵੇਗੀ ਉੱਥੇ ਰਾਜਾ ਸਵੀਟਸ ਵਲੋਂ ਮੁਫਤ ਚਾਹ, ਪਕੌੜੇ, ਛੋਲੇ ਪੂਰੀਆਂ ਅਤੇ ਜਲੇਬੀਆਂ ਦਾ ਲੰਗਰ ਵੀ ਲਗਾਇਆ ਜਾਵੇਗਾ। ਸ਼ਿਕਾਗੋ ਪੀਜ਼ਾ ਅਤੇ ਵੇਰਕਾ ਵਲੋਂ ਲੱਸੀ ਅਤੇ ਆਪਣੇ ਹੋਰ ਪ੍ਰੋਡਕਟ ਮੁਫਤ ਦਰਸ਼ਕਾਂ 'ਚ ਵੰਡੇ ਜਾਣਗੇ। ਹੋਰ ਜਾਣਕਾਰੀ ਲਈ ਫੋਨ ਨੰਬਰ 510 415 3315 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## 'ਗਾਖਲ ਵਰਸੇਜ਼ ਕਬੱਡੀ' ਗੀਤ ਦਾ ਟਰੈਕ ਤੇ ਵੀਡੀਓ ਮੱਖਣ ਸਿੰਘ ਬੈਂਸ ਨੇ ਕੀਤਾ ਰਿਲੀਜ਼



ਸ. ਮੇਜਰ ਸਿੰਘ ਬੈਂਸ ਅਤੇ ਮੱਖਣ ਸਿੰਘ ਬੈਂਸ 'ਗਾਖਲ ਵਰਸੇਜ਼ ਕਬੱਡੀ' ਗੀਤ ਰਿਲੀਜ਼ ਕਰਨ ਵੇਲੇ ਅਹਿਮ ਸਖਸ਼ੀਅਤਾਂ ਨਾਲ।

**ਯੂਨੀਅਨ ਸਿਟੀ/ਏਟੀ ਨਿਊਜ਼ :**

ਜੀ.ਬੀ. ਐਂਟਰਟੇਨਮੈਂਟ ਅਤੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਗਾਖਲ ਭਰਾਵਾਂ, ਸ. ਅਮੋਲਕ ਸਿੰਘ ਗਾਖਲ, ਸ. ਪਲਵਿੰਦਰ ਸਿੰਘ ਗਾਖਲ ਅਤੇ ਸ. ਇਕਬਾਲ ਸਿੰਘ ਗਾਖਲ ਵਲੋਂ ਪਿਛਲੇ ਢਾਈ ਦਹਾਕਿਆਂ ਤੋਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਉਤਸ਼ਾਹਿਤ ਕਰਨ ਹਿੱਤ ਪਾਏ ਯੋਗਦਾਨ ਦੀ ਉਸਤਤ ਵਿਚ ਉੱਘੇ ਸਾਹਿਤਕਾਰ ਤੇ ਗੀਤਕਾਰ ਐੱਸ.ਅਸ਼ੋਕ. ਭੌਰਾ ਦੇ ਲਿਖੇ ਗੀਤ ਦਾ ਟਰੈਕ ਅਤੇ ਵੀਡੀਓ 'ਗਾਖਲ ਵਰਸੇਜ਼ ਕਬੱਡੀ' ਰਾਜਾ ਸਵੀਟਸ ਦੇ ਮਾਲਕ ਅਤੇ ਸਤਿਕਾਰਤ ਸਮਾਜਿਕ ਸਖਸ਼ੀਅਤ ਸ. ਮੱਖਣ ਸਿੰਘ ਬੈਂਸ ਅਤੇ ਉਨ੍ਹਾਂ ਦੇ ਪਿਤਾ ਸ. ਮੇਜਰ ਸਿੰਘ ਬੈਂਸ ਨੇ ਰਿਲੀਜ਼ ਕਰਦਿਆਂ ਕਿਹਾ ਕਿ ਇਹ ਗੀਤ ਸਿਰਫ ਗੀਤ ਹੀ ਨਹੀਂ ਸਗੋਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਇਕ ਐਸੀ ਵਡਿਆਈ ਹੈ, ਜੋ ਗਾਖਲ ਭਰਾਵਾਂ ਦੀ ਸਖਸ਼ੀਅਤ ਨੂੰ ਬਿਆਨ ਕਰਦਿਆਂ ਹੋਰਨਾਂ ਕਬੱਡੀ ਪ੍ਰੇਮੀਆਂ ਨੂੰ ਵੀ ਇਸ ਖੇਡ ਲਈ ਹੋਰ ਸੁਹਿਰਦਤਾ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਅਤੇ ਟੀ.ਵੀ. ਚੈਨਲਾਂ ਤੇ ਜਿੰਨੀ ਵਡਿਆਈ ਚੌਵੀ ਘੰਟਿਆਂ 'ਚ ਇਸ ਗੀਤ 'ਗਾਖਲ ਪੁੱਤ ਪੰਜਾਬ ਦੇ ਧੁੰਮਾਂ ਪਾਈ ਜਾਂਦੇ ਆ' ਨੂੰ ਮਿਲੀ ਹੈ ਸ਼ਾਇਦ ਹੀ ਹੋਰ ਕਿਸੇ ਵੀ ਗੀਤ ਨੂੰ ਮਿਲੀ ਹੋਵੇ। ਬੀਬੀ ਆਸ਼ਾ ਸ਼ਰਮਾ ਤੇ ਇਸ ਗੀਤ ਦੇ ਗੀਤਕਾਰ ਐੱਸ.ਅਸ਼ੋਕ ਭੌਰਾ ਨੇ ਵੀ ਗਾਖਲ ਵਰਸੇਜ਼ ਕਬੱਡੀ ਸਿਰਲੇਖ ਨੂੰ ਢੁਕਵਾਂ ਕਰਾਰ ਦਿੰਦਿਆਂ ਇਨ੍ਹਾਂ ਤਿੰਨਾਂ ਭਰਾਵਾਂ ਦੀ ਸਮਾਜਿਕ, ਸਾਹਿਤਕ, ਸੰਗੀਤਕ, ਧਾਰਮਿਕ, ਖੇਡਾਂ ਅਤੇ ਫਿਲਮੀ ਖੇਤਰ 'ਚ ਪਾਏ ਯੋਗਦਾਨ ਦੀ ਵਡਿਆਈ ਕਰਦਿਆਂ ਇਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ। ਬਲਜੀਤ ਸਿੰਘ ਸੰਧੂ, ਨਰਿੰਦਰ ਸਿੰਘ ਸਹੋਤਾ, ਜੁਗਰਾਜ ਸਿੰਘ ਸਹੋਤਾ ਨੇ ਵੀ ਇਸ ਗੀਤ ਨੂੰ ਕਬੱਡੀ ਖੇਤਰ ਦੀ ਇਕ ਪ੍ਰਾਪਤੀ ਮੰਨਿਆ। ਇਸ ਮੌਕੇ 'ਤੇ ਹੋਰ ਵੀ ਬੇਏਰੀਆ ਦੀਆਂ ਜਾਣੀਆਂ ਪਹਿਚਾਣੀਆਂ ਸਖਸ਼ੀਅਤਾਂ ਹਾਜ਼ਰ ਸਨ।


When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!




Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh
Contact any time from anywhere

Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਉੱਘੇ ਸਾਹਿਤਕਾਰ ਤੇ ਫੋਟੋਗ੍ਰਾਫਰ ਜਨਮੇਜਾ ਸਿੰਘ ਜੌਹਲ ਸਿਆਟਲ ਪਹੁੰਚੇ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਰਹਿ ਚੁੱਕੇ ਬੁੱਧੀਜੀਵੀ ਸਰਦਾਰਾ ਸਿੰਘ ਜੌਹਲ ਦੇ ਸਪੁੱਤਰ ਨਾਮਵਰ ਸਾਹਿਤਕਾਰ ਤੇ ਫੋਟੋਗ੍ਰਾਫਰ ਜਨਮੇਜਾ ਸਿੰਘ ਜੌਹਲ ਨਾਰਥ ਅਮਰੀਕਾ ਦੇ ਦੌਰੇ ਦੌਰਾਨ ਸਿਆਟਲ ਪਚੁੰਚੇ, ਜਿੱਥੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਹਰਦੀਪ ਸਿੰਘ ਗਿੱਲ ਤੇ ਰੁਪਿੰਦਰ ਸਿੰਘ ਔਲਖ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਜੌਹਲ ਨੇ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਵਿਰਸੇ ਨੂੰ ਪ੍ਰਫੁੱਲਿਤ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਜਨਮੇਜਾ ਸਿੰਘ ਜੌਹਲ ਨੇ ਸੰਨ 1970-71-72 ਵਿਚ ਅਮਰੀਕਾ ਤੋਂ ਉੱਚ ਵਿਦਿਆ ਹਾਸਲ ਕਰਕੇ ਭਾਰਤ ਵਿਚ ਰਹਿ ਕੇ ਸਮਾਜ ਦੀ ਸੇਵਾ ਅਤੇ ਪੰਜਾਬੀ ਸਾਹਿਤ ਨਾਲ ਜੁੜੇ ਰਹਿਣ ਨੂੰ ਪਹਿਲ ਦਿੱਤੀ। ਜਨਮੇਜਾ ਸਿੰਘ ਜੌਹਲ ਦੀ ਕਲਮ ਤੋਂ ਲਿਖੇ ਅਖਬਾਰਾਂ ਵਿਚ ਛਪ ਰਹੇ 'ਤਾਇਆ' ਅਤੇ 'ਕੈਮਰਾ ਚੁੱਪ ਨਹੀਂ' ਆਦਿ ਕਾਲਮਾਂ ਨੂੰ ਬਹੁਤ ਪਸੰਦ ਕੀਤਾ ਗਿਆ ਹੈ। ਜਨਮੇਜਾ ਸਿੰਘ ਜੌਹਲ ਸਿਆਟਲ ਵਿਚ ਦੋਸਤਾਂ ਮਿੱਤਰਾਂ ਤੇ ਸਨੇਹੀਆਂ ਨਾਲ ਮੁਲਾਕਾਤ ਕਰਨਗੇ ਅਤੇ ਵੱਖ-ਵੱਖ ਸਾਹਿਤਕ ਸਭਾਵਾਂ ਵਿਚ ਮਿਲਣੀ ਕਰਨਗੇ।



ਹਰਦੀਪ ਸਿੰਘ ਗਿੱਲ, ਰੁਪਿੰਦਰ ਸਿੰਘ ਔਲਖ, ਗੁਰਦੀਪ ਸਿੰਘ ਸਿੱਧੂ, ਜਨਮੇਜਾ ਸਿੰਘ ਜੌਹਲ, ਸਾਬਕਾ ਡਿਪਟੀ ਡਾਇਰੈਕਟਰ ਖੇਡਾਂ ਰਵਿੰਦਰ ਕੁਮਾਰ ਰਿਸ਼ੀ ਤੇ ਸੌਰਬ ਰਿਸ਼ੀ ਖੜ੍ਹੇ ਦਿਖਾਈ ਦੇ ਰਹੇ ਹਨ।

# ਕੈਨੇਡਾ ਵਿਚ ਦਸਤਾਰ ਨਾਲ ਨੌਜਵਾਨ ਦੀ ਜਾਨ ਬਚਾਉਣ ਵਾਲੇ ਸਿੱਖ ਨੂੰ ਕੀਤਾ ਸਨਮਾਨਤ

**ਵਿਸਲਰ/ਏਟੀ ਨਿਊਜ਼ :** ਜ਼ਿਲਾ ਜਲੰਧਰ ਦੇ ਨਕੋਦਰ ਤੋਂ ਜਸ਼ਨਜੀਤ ਸਿੰਘ ਸੰਘਾ ਨੇ ਕੈਨੇਡਾ ਦੇ ਸ਼ਹਿਰ ਵਿਸਲਰ 'ਚ ਅਨਜਾਣ ਵਿਅਕਤੀ ਦੀ ਜਾਨ ਬਚਾਈ ਸੀ ਜਿਸ ਕਾਰਨ ਉਸ ਨੂੰ ਪੁਲਿਸ ਵਲੋਂ ਸਨਮਾਨਿਤ ਕੀਤਾ ਗਿਆ। ਜਸ਼ਨਜੀਤ 6 ਸਾਲ ਪਹਿਲਾਂ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਆਇਆ ਸੀ ਤੇ ਉਹ 2011 ਤੋਂ ਟੈਕਸੀ ਚਲਾ ਰਿਹਾ ਹੈ। ਇਹ ਘਟਨਾ 11 ਫਰਵਰੀ, 2019 ਦੀ ਹੈ ਕਿ ਜਸ਼ਨਜੀਤ ਸਿੰਘ ਸੰਘਾ ਉਸ ਵੇਲੇ ਵਿਸਲਰ ਵਿਖੇ ਟੈਕਸੀ ਚਲਾ ਰਿਹਾ ਸੀ। ਉਸ ਨੇ ਦੇਖਿਆ ਕਿ ਵਿਸਲਰ ਵਿਲੇਜ ਨੇੜੇ ਹੋਈ ਲੜਾਈ 'ਚ 3 ਵਿਅਕਤੀ ਜ਼ਖਮੀ ਹੋ ਗਏ, ਇਨ੍ਹਾਂ 'ਚੋਂ ਇੱਕ ਵਿਅਕਤੀ ਦੀ ਹਾਲਤ ਗੰਭੀਰ ਸੀ।

ਜਸ਼ਨਜੀਤ ਸਿੰਘ ਸੰਘਾ ਨੇ ਉਸੇ ਸਮੇਂ ਹੀ ਆਪਣੀ ਦਸਤਾਰ ਉਤਾਰ ਕੇ ਉਸ ਦੇ ਜ਼ਖਮਾਂ 'ਤੇ ਲਪੇਟ ਦਿੱਤੀ ਤਾਂ ਕਿ ਉਸ ਦਾ ਖ਼ੂਨ ਵਹਿਣ ਤੋਂ ਬੰਦ ਹੋ ਜਾਵੇ ਤੇ ਤੁਰੰਤ ਉਸ ਨੂੰ ਆਪਣੀ ਟੈਕਸੀ 'ਚ ਪਾ ਕੇ ਹਸਪਤਾਲ ਲੈ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਜਾਨ ਬਚਾ ਲਈ। ਵਿਸਲਰ ਆਰ. ਸੀ. ਐਮ. ਪੀ. ਨੇ ਉਸ ਨੂੰ ਸਨਮਾਨਿਤ ਕੀਤਾ ਤਾਂ ਜਸ਼ਨਜੀਤ ਨੇ ਇੰਨਾ ਹੀ ਕਿਹਾ, ਕਿਸੇ ਦੀ ਸਹਾਇਤਾ ਕਰਨ ਵਾਲਾ ਇਨਸਾਨ ਬਣ ਕੇ ਖ਼ੁਸ਼ੀ ਹੋਈ। ਇੱਥੇ ਦੱਸ ਦੇਈਏ ਕਿ ਜਸ਼ਨਜੀਤ ਦੇ ਪਿਤਾ ਜੀ ਸ. ਜਗਤਾਰ ਸਿੰਘ ਸੰਘਾ ਨਕੋਦਰ ਦੇ ਗੁਰੂ ਨਾਨਕ ਕਾਲਜ 'ਚ ਪੰਜਾਬੀ ਪੜ੍ਹਾਉਂਦੇ ਹਨ ਜਦਕਿ ਉਨਾਂ ਦੇ ਮਾਤਾ ਜੀ ਸਰਦਾਰਨੀ ਸੁਖਵਿੰਦਰ ਕੌਰ ਸੰਘਾ ਗੁਰੂ ਨਾਨਕ ਕਾਲਜ ਦੇ ਪ੍ਰਿੰਸੀਪਲ ਹਨ।



# ਅਮਰੀਕਾ ਦੇ ਇਲੀਨੋਇਸ ਸੂਬੇ 'ਚ ਨਸਲੀ ਨਫ਼ਰਤੀ ਅਪਰਾਧ ਰੋਕਣ ਲਈ ਨਵੇਂ ਕਾਨੂੰਨ ਤਹਿਤ ਹੋਵੇਗੀ ਸਖਤ ਕਾਰਵਾਈ

**ਇਲੀਨੋਇਸ/ਹੁਸਨ ਲੜੋਆ ਬੰਗਾ :** ਇਲੀਨੋਇਸ ਸਟੇਟ ਪ੍ਰਤੀਨਿਧ ਜੋਨਾਥਨ ਕੈਰੋਲ, ਡੀ-ਨਾਰਥਬਰੁੱਕ ਨੇ ਨਵੇਂ ਕਾਨੂੰਨ ਦਾ ਸਵਾਗਤ ਕੀਤਾ ਹੈ ਜਿਸ ਤਹਿਤ ਉਨਾਂ ਲੋਕਾਂ ਵਾਸਤੇ ਨਵੀਂ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ ਜੋ ਦੂਸਰੇ ਧਰਮ ਦੇ ਲੋਕਾਂ ਵਿਰੁੱਧ ਹਿੰਸਾ ਕਰਦੇ ਹਨ। ਇਹ ਕਦਮ ਹਾਲ ਹੀ ਵਿਚ ਇਲੀਨੋਇਸ ਰਾਜ ਵਿਚ ਕਾਨੂੰਨ ਦੀ ਸ਼ਕਲ ਅਖਤਿਆਰ ਕਰ ਚੁੱਕਾ ਹੈ। ਕੈਰੋਲ ਨੇ ਕਿਹਾ ਹੈ ਕਿ "ਲੋਕ ਆਪਣੇ ਧਰਮ ਕਾਰਨ ਨਿਰੰਤਰ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ। ਅਜਿਹਾ ਹੋਣਾ ਨੈਤਿਕ ਤੌਰ 'ਤੇ ਗਲਤ ਹੈ। ਇਹ ਸੁਣ ਕੇ ਦੁੱਖ ਹੁੰਦਾ ਹੈ ਕਿ ਦੇਸ਼ ਤੇ ਵਿਸ਼ਵ ਭਰ ਵਿਚ ਨਿਰੰਤਰ ਧਾਰਮਿਕ ਨਫ਼ਰਤੀ ਅਪਰਾਧ ਤੇ ਗੋਲੀਬਾਰੀ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਸਪਸ਼ਟ ਹੈ ਕਿ ਗੰਨ ਹਿੰਸਾ ਨੂੰ ਰੋਕਣ ਲਈ ਕੁਝ ਹੋਰ ਕਰਨਾ ਪਵੇਗਾ। ਮੈਂ ਨਵੇਂ ਕਾਨੂੰਨ ਦਾ ਸਮਰਥਨ ਕਰਦਾ ਹਾਂ ਜੋ ਉਨਾਂ ਲੋਕਾਂ ਵਿਰੁੱਧ ਕਾਰਵਾਈ ਕਰਨ ਵਿਚ ਸਹਾਇਕ ਸਾਬਤ ਹੋਵੇਗਾ ਜੋ ਲੋਕ ਕੇਵਲ ਨਸਲੀ ਸੋਚ ਤਹਿਤ ਹਿੰਸਾ ਕਰਦੇ ਹਨ।"

ਨਵੇਂ ਕਾਨੂੰਨ ਤਹਿਤ ਕਿਸੇ ਧਾਰਮਿਕ ਸਥਾਨ ਵਿਚ ਜਾਂ ਕਿਸੇ ਵਿਸ਼ੇਸ਼ ਧਰਮ ਦੇ ਲੋਕਾਂ ਵਿਰੁੱਧ ਹਿੰਸਾ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਲਈ ਨਵੀਆਂ ਧਾਰਾਵਾਂ ਜੋੜੀਆਂ ਗਈਆਂ ਹਨ। ਦਰਅਸਲ ਇਹ ਕਾਨੂੰਨ ਉਸ ਮੌਜੂਦਾ ਕਾਨੂੰਨ ਦਾ ਹੀ ਵਿਸਥਾਰ ਹੈ ਜਿਸ ਤਹਿਤ ਪੁਲਿਸ ਅਫਸਰ, ਫਾਇਰ ਫਾਈਟਰ, ਐਮਰਜੈਂਸੀ ਮੈਡੀਕਲ ਟੈਕਨੀਸ਼ੀਅਨ ਜਾਂ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਰੁੱਧ ਹਮਲੇ ਦੇ ਮਾਮਲਿਆਂ ਵਿਚ ਸਜ਼ਾ ਦੀ ਵਿਵਥਥਾ ਹੈ। ਸਾਊਥਰਨ ਪਾਵਰਟੀ ਲਾਅ ਸੈਂਟਰ ਅਨੁਸਾਰ ਕੇਵਲ ਇਲੀਨੋਇਸ ਵਿਚ ਹੀ 31 'ਹੇਟ ਗਰੁੱਪ' ਹਨ ਜਿਨਾਂ ਵਿਚੋਂ ਕੁਝ ਨਾਜ਼ੀ ਸਮਰਥਕ ਵੀ ਹਨ। ਦੇਸ਼ ਭਰ ਵਿਚ 1000 ਤੋਂ ਵੱਧ 'ਹੇਟ ਗਰੁੱਪ' ਹਨ। ਇਥੇ ਵਰਣਨਯੋਗ ਹੈ ਕਿ ਕੈਰੋਲ ਨੇ ਹਾਊਸ ਬਿੱਲ 2832 ਵੀ ਲਿਆਂਦਾ ਸੀ ਜਿਸ ਤਹਿਤ ਹਰ ਸਾਲ ਅਪ੍ਰੈਲ ਮਹੀਨੇ ਨੂੰ ਸਿੱਖਾਂ ਦੇ ਯੋਗਦਾਨ ਮਹੀਨੇ ਵਜੋਂ ਮਨਾਇਆ ਜਾਂਦਾ ਹੈ।

## ਰਣਜੀਤ ਸਿੰਘ ਢੱਡਰੀਆਂ ਵਾਲਿਆਂ ਖਿਲਾਫ਼ ਮੁਕੱਦਮਾ

**ਫ਼ਤਹਿਗੜ੍ਹ ਸਾਹਿਬ/ਏਟੀ ਨਿਊਜ਼ :** ਉੱਘੇ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਖਿਲਾਫ਼ ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਵਿੱਚ ਮਾਣਹਾਨੀ ਦੀ ਕ੍ਰਿਮੀਨਲ ਰਿਪੋਰਟ ਦਾਇਰ ਕੀਤੀ ਗਈ ਹੈ। ਇਸ ਰਿਪੋਰਟ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਤੇ ਸਿੱਖ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਆਪਣੇ ਤੇ ਆਪਣੇ ਪਿਤਾ ਸੰਤ ਹਰੀ ਸਿੰਘ ਰੰਧਾਵਾ ਖਿਲਾਫ਼ ਆਪਣੇ ਸਮਾਗਮ ਦੌਰਾਨ ਭੱਦੀਆਂ ਟਿੱਪਣੀਆਂ ਦੇ ਇਲਜ਼ਾਮ ਲਗਾਏ ਹਨ। ਪਟੀਸ਼ਨਰ ਨੇ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਬਾਬਾ ਹਰੀ ਸਿੰਘ ਰੰਧਾਵਾ ਦੇ ਸ਼ਰਧਾਲੂਆਂ ਨੂੰ ਠੇਸ ਪਹੁੰਚੀ ਹੈ।




HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਗੁਰਦੁਆਰਾ ਸਾਹਿਬ ਅਲਹਾਂਬਰਾ ਵਾਲੇ ਸਥਾਨ ’ਤੇ ਵਪਾਰਕ ਕੰਪਲੈਕਸ ਬਣਾਉਣ ਦੀ ਤਿਆਰੀ ਕਾਰਨ ਸਿੱਖ ਸੰਗਤਾਂ ‘ਚ ਰੋਸ

**ਅਲਹਾਂਬਰਾ (ਕੈਲੀਫੋਰਨੀਆ)/ਹੁਸਨ ਲੜੋਆ ਬੰਗਾ :**
ਕੈਲੀਫੋਰਨੀਆ ਵਿਚ ਪੈਂਦੇ ਅਲਹਾਂਬਰਾ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੋਈ 43 ਸਾਲ ਪਹਿਲਾਂ ਕੀਤੀ ਗਈ ਸੀ। ਹਾਲਾਂ ਕਿ 15 ਸਾਲ ਪਹਿਲਾਂ ਇਸ ਗੁਰੂ ਘਰ ਨੂੰ 60 ਫਰੀਵੇਅ ਨੇੜੇ ਤਬਦੀਲ ਕਰ ਦਿੱਤਾ ਗਿਆ ਸੀ ਪਰ ਸੰਗਤ ਦੇ ਜੋਰ ਪਾਉਣ ‘ਤੇ ਸਾਲ 2015 ਵਿਚ ਗੁਰੂ ਘਰ ਫਿਰ ਪਹਿਲਾਂ ਵਾਲੇ ਸਥਾਨ ‘ਤੇ ਆ ਗਿਆ। ਇਸ ਜਮੀਨ ਦਾ ਹੁਣ ਮਾਲਕ ਹੈਰਾਲਡ ਲਾਊ ਹੈ। ਮਾਲਕ ਕੋਲੋਂ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਪਟੇ ਉਪਰ ਇਹ ਜਮੀਨ ਗੁਰਦੁਆਰਾ ਸਾਹਿਬ ਵਾਸਤੇ ਲਈ ਗਈ ਸੀ। ਸੰਗਤਾਂ ਉਸ ਵੇਲੇ ਹੈਰਾਨ ਰਹਿ ਗਈਆਂ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਜਮੀਨ ਦਾ ਮਾਲਕ ਇਸ ਸਥਾਨ ਉਪਰ ਹੁਣ ਵਪਾਰਕ ਤੇ ਹਾਊਸਿੰਗ ਕੰਪਲੈਕਸ ਬਣਾਉਣਾ ਚਾਹੁੰਦਾ ਹੈ ਜਿਸ ਕਾਰਨ ਗੁਰੂ ਘਰ ਨੂੰ ਢਾਹ ਦੇਣ ਦੀ ਸੰਭਾਵਨਾ ਬਣੀ ਹੋਈ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੰਤੋਖ ਸਿੰਘ ਨੇ ਇਸ ਸਬੰਧੀ ਕਿਹਾ ਕਿ ਅਸੀਂ ਗੁਰੂ ਘਰ ਨਾਲ ਜੁੜੀ ਸੰਗਤ ਵਿਚ ਖਲਬਲੀ ਨਹੀਂ ਮਚਾਉਣਾ ਚਾਹੁੰਦੇ ਪਰੰਤੂ ਸਾਡੇ ਕੋਲ ਕੋਈ ਦੂਸਰਾ ਬਦਲ ਲੱਭਣ ਤੋਂ ਬਿਨਾ ਚਾਰਾ ਨਹੀਂ ਰਿਹਾ। ਉਨਾਂ ਕਿਹਾ ਕਿ ਕੰਪਲੈਕਸ ਬਣਾਉਣ ਬਾਰੇ ਸੁਣਵਾਈ ਅਲਹਾਂਬਰਾ ਸਿਟੀ ਪੈਲਨਿੰਗ ਕਮਿਸ਼ਨ ਨੇ 17 ਜੂਨ ਨੂੰ ਕੀਤੀ ਸੀ। ਪਲੈਨਿੰਗ ਕਮਿਸ਼ਨ ਨੇ ਲਾਊ ਦੇ ਪ੍ਰਾਜੈਕਟ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਬਾਅਦ ਵਿਚ 26 ਜੂਨ ਨੂੰ ਗੁਰਦੁਆਰਾ ਸਾਹਿਬ ਦੇ ਗੇਟ ਤੋਂ ਕੁਝ ਦੂਰ ਇਕ ਦਰੱਖਤ ਉਪਰ ਨੋਟਿਸ ਚਿਪਕਾਇਆ ਮਿਲਿਆ ਜਿਸ ਵਿਚ ਇਸ ਪ੍ਰਵਾਨਗੀ ਲਈ ਵੋਟਾਂ ਪੈਣ ਦੀ ਗੱਲ ਕਹੀ ਗਈ ਸੀ ਪਰ ਇਸ ਸਮੇਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਉਨਾਂ ਕਿਹਾ ਕਿ ਕਈ ਵਾਰ ਮਾਲਕ ਨਾਲ ਜਮੀਨ ਖਰੀਦਣ ਬਾਰੇ ਗੱਲ ਕੀਤੀ ਗਈ ਪਰ ਉਸ ਨੇ ਜਮੀਨ ਵੇਚਣ ਤੋਂ ਨਾਂਹ ਕਰ ਦਿੱਤੀ। ਮਾਲਕ ਦਾ ਕਹਿਣਾ ਸੀ ਕਿ ਜਮੀਨ ਬਹੁਤ ਮਹਿੰਗੀ ਹੈ ਤੇ ਤੁਹਾਡੇ ਵੱਸ ਦੀ ਗੱਲ ਨਹੀਂ ਹੈ। ਇਕ ਅੰਦਾਜੇ ਅਨੁਸਾਰ ਜਮੀਨ ਦੀ ਕੀਮਤ 10 ਲੱਖ ਡਾਲਰ ਦੇ ਕਰੀਬ ਹੈ। ਸੰਤੋਖ ਸਿੰਘ ਨੇ ਕਿਹਾ ਕਿ ਹੁਣ ਕੇਵਲ ਸਿਟੀ ਕੌਂਸਲ ਹੀ ਇਸ ਵਿਵਾਦਤ ਮਾਮਲੇ ‘ਤੇ ਕੋਈ ਫੈਸਲਾ ਲੈ ਸਕਦੀ ਹੈ ਜਿਸ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਅਸੀਂ ਉਡੀਕੋ ਤੇ ਵੇਖੋ ਦੀ ਨੀਤੀ ਉਪਰ ਚੱਲ ਰਹੇ ਹਾਂ।

# ਅਕਾਲੀ ਦਲ ਅੰਮ੍ਰਿਤਸਰ ਦਾ ਅਮਰੀਕਾ ਸਟੇਟ ਵਿਚ ਇਕ ਹੀ ਯੂਨਿਟ ਹੈ : ਸਿਮਰਨਜੀਤ ਸਿੰਘ ਮਾਨ

## “ਈਸਟ, ਵੈਸਟ, ਸਾਊਥ, ਨਾਰਥ ਵਿਚ ਕੋਈ ਵੱਖਰਾ ਯੂਨਿਟ ਨਹੀਂ”

**ਫਤਹਿਗੜ੍ਹ ਸਾਹਿਬ/ਏਟੀ ਨਿਊਜ਼ :**
“ਅਮਰੀਕਾ ਦੇ ਪੂਰੇ ਮੁਲਕ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਇਕ ਹੀ ਯੂਨਿਟ ਹੈ, ਜਿਸ ਦੇ ਕਨਵੀਨਰ ਸ. ਬੂਟਾ ਸਿੰਘ ਖੜੌਂਦ ਹਨ, ਪ੍ਰਧਾਨ ਸ. ਸੁਰਜੀਤ ਸਿੰਘ ਕੁਲਾਰ ਹਨ ਅਤੇ ਸੀਨੀਅਰ ਮੀਤ ਪ੍ਰਧਾਨ ਸ. ਰੇਸ਼ਮ ਸਿੰਘ ਹਨ। ਇਨ੍ਹਾਂ ਦੀ ਅਗਵਾਈ ਵਿਚ ਸਮੁੱਚੇ ਅਮਰੀਕਾ ਵਿਚ ਸਿੱਖ ਕੌਮ ਦੇ ਕੌਮੀ ਮਿਸ਼ਨ ਖਾਲਿਸਤਾਨ ਸਟੇਟ ਦੀ ਪ੍ਰਾਪਤੀ ਲਈ ਸਮੂਹਿਕ ਰੂਪ ਵਿਚ ਇਕ ਟੀਮ ਦੀ ਤਰ੍ਹਾਂ ਲੰਮੇ ਸਮੇਂ ਤੋਂ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ। ਈਸਟ, ਵੈਸਟ, ਸਾਊਥ, ਨਾਰਥ ਅਮਰੀਕਾ ਵਿਖੇ ਨਾ ਤਾਂ ਕੋਈ ਪਾਰਟੀ ਦਾ ਵੱਖਰਾ ਯੂਨਿਟ ਹੈ ਅਤੇ ਨਾ ਹੀ ਕੋਈ ਵੱਖਰਾ ਅਹੁਦੇਦਾਰ। ਸ. ਬੂਟਾ ਸਿੰਘ ਖੜੌਂਦ ਦੀ ਸੁਚੱਜੀ ਅਗਵਾਈ ਵਿਚ ਅਮਰੀਕਾ ਯੂਨਿਟ ਦੇ ਸਮੁੱਚੇ ਅਹੁਦੇਦਾਰ ਕੌਮੀ ਮਿਸ਼ਨ ਅਤੇ ਹੋਰ ਸਿਆਸੀ, ਸਮਾਜਿਕ, ਇਖਲਾਕੀ ਪਾਰਟੀ ਪ੍ਰੋਗਰਾਮਾਂ ਦੀ ਕਾਮਯਾਬੀ ਲਈ ਨਿਰੰਤਰ ਦ੍ਰਿੜਤਾ, ਸੰਜੀਦਗੀ ਅਤੇ ਆਪਸੀ ਮਿਲਵਰਤਨ ਨਾਲ ਉਦਮ ਕਰਦੇ ਆ ਰਹੇ ਹਨ। ਪਾਰਟੀ ਵਲੋਂ ਅਤੇ ਪਾਰਟੀ ਦਫਤਰ ਵਲੋਂ ਉਪਰੋਕਤ ਸ. ਬੂਟਾ ਸਿੰਘ ਖੜੌਂਦ ਦੀ ਅਗਵਾਈ ਵਿਚ ਕੰਮ ਕਰਦੇ ਆ ਰਹੇ ਸਮੁੱਚੇ ਮੈਂਬਰਾਨ ਨੂੰ ਮਾਨਤਾ ਪ੍ਰਾਪਤ ਹੈ। ਸਭ ਅਹੁਦੇਦਾਰ ਸਾਹਿਬਾਨ ਇਕ ਦੂਸਰੇ ਦੀ ਸੀਨੀਆਰਤਾ, ਸਤਿਕਾਰ-ਮਾਣ ਦਾ ਪੂਰਨ ਰੂਪ ਵਿਚ ਧਿਆਨ ਰੱਖਦੇ ਹੋਏ ਅਨੁਸ਼ਾਸਨ ’ਤੇ ਪਹਿਰਾ ਦਿੰਦੇ ਹੋਏ ਅਮਰੀਕਾ ਵਿਚ ਪਾਰਟੀ ਦੀ ਸੋਚ ਅਤੇ ਨੀਤੀਆਂ ਨੂੰ ਬਾਖੂਬੀ ਪ੍ਰਚਾਰਨ ਅਤੇ ਆਪਣੇ ਸਮਰਥਕਾਂ, ਮੈਂਬਰਾਂ ਦੀ ਗਿਣਤੀ ਵਧਾਉਣ ਦੀ ਜਿੰਮੇਵਾਰੀ ਪੂਰੀ ਕਰਦੇ ਆ ਰਹੇ ਹਨ। ਇਸ ਤਰ੍ਹਾਂ ਅਨੁਸ਼ਾਸਨ ਦੇ ਪਾਬੰਦ ਰਹਿੰਦੇ ਹੋਏ ਆਪੋ ਆਪਣੀਆਂ ਕੌਮੀ ਜਿੰਮੇਵਾਰੀਆਂ ਨੂੰ ਸਮੂਹਿਕ ਰੂਪ ਵਿਚ ਪੂਰਨ ਕਰਦੇ ਰਹਿਣਗੇ।”

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅਮਰੀਕਾ ਵਿਚ ਵਿਚਰ ਰਹੇ ਸਮੁੱਚੇ ਸਿੱਖਾਂ ਅਤੇ ਪਾਰਟੀ ਨਾਲ ਹਮਦਰਦੀ ਰੱਖਣ ਵਾਲੇ ਸਮੁੱਚੇ ਸਮਰਥਕਾਂ ਤੇ ਅਹੁਦੇਦਾਰ ਸਾਹਿਬਾਨ ਨੂੰ ਅਮਰੀਕਾ ਦੇ ਯੂਨਿਟ ਦੀ ਪਾਰਟੀ ਵਲੋਂ ਪ੍ਰਵਾਨਿਤ ਬਣਤਰ ਸਬੰਧੀ ਸਪੱਸ਼ਟ ਕਰਦੇ ਹੋਏ ਅਤੇ ਸਮੁੱਚੇ ਅਹੁਦੇਦਾਰ ਸਾਹਿਬਾਨ ਨੂੰ ਇਕ ਦੂਸਰੇ ਦਾ ਸੰਜੀਦਗੀ ਨਾਲ ਸਹਿਯੋਗ ਕਰਨ ਅਤੇ ਪਾਰਟੀ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਪ੍ਰੈਸ ਰਿਲੀਜ਼ ਵਿਚ ਇਹ ਵੀ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸਮੁੱਚੇ ਸੰਸਾਰ ਵਿਚ ਇਕੋ ਹੀ ਪ੍ਰਬੰਧਕੀ ਮੁੱਖ ਦਫ਼ਤਰ ਕਿਲ੍ਹਾ ਸ. ਹਰਨਾਮ ਸਿੰਘ, ਡਾਕਖਾਨਾ ਤਲਾਣੀਆਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ (ਇੰਡੀਆ) ਵਿਖੇ ਹੈ। ਕੇਵਲ ਇਸ ਦਫ਼ਤਰ ਨੂੰ ਹੀ ਪਾਰਟੀ ਮੈਂਬਰਸ਼ਿਪ ਦੇ ਆਈ.ਡੀ. ਕਾਰਡ ਜਾਰੀ ਕਰਨ ਦਾ ਅਧਿਕਾਰ ਹਾਸਿਲ ਹੈ। ਅਮਰੀਕਾ ਜਾਂ ਕਿਸੇ ਹੋਰ ਮੁਲਕ ਵਿਚ ਚੱਲ ਰਹੇ ਪਾਰਟੀ ਦੇ ਸਹਿਯੋਗੀ ਦਫ਼ਤਰਾਂ ਜਾਂ ਕਿਸੇ ਅਹੁਦੇਦਾਰ ਨੂੰ



ਪਾਰਟੀ ਆਈ.ਡੀ. ਕਾਰਡ ਜਾਰੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਜਿਸ ਵੀ ਮੈਂਬਰ ਨੂੰ ਇਹ ਕਾਰਡ ਜਾਰੀ ਕੀਤਾ ਜਾਂਦਾ ਹੈ, ਉਸ ਤੋਂ ਪਾਰਟੀ ਦਫ਼ਤਰ ਆਧਾਰ ਕਾਰਡ ’ਤੇ ਦਸਤਖਤ ਲੈ ਕੇ ਰਿਕਾਰਡ ਵਿਚ ਰੱਖਦੀ ਹੈ ਅਤੇ ਬਾਹਰਲੇ ਮੁਲਕਾਂ ਵਿਚ ਬਣਨ ਵਾਲੇ ਮੈਂਬਰਾਂ ਦੇ ਪਾਸਪੋਰਟ ਦੀ ਕਾਪੀ ’ਤੇ ਦਸਤਖਤ ਕਰਕੇ ਆਪਣੇ ਰਿਕਾਰਡ ਵਿਚ ਰੱਖਦੀ ਹੈ ਅਤੇ ਉਸ ਦਾ ਨਾਮ ਅਤੇ ਦਸਤਖਤ ਪਾਰਟੀ ਰਜਿਸਟਰਡ ’ਤੇ ਦਰਜ ਹੁੰਦੇ ਹਨ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਕਿ ਇਸ ਆਈ.ਡੀ. ਕਾਰਡ ਦੀ ਪ੍ਰਣਾਲੀ ਨੂੰ ਹੋਰ ਪ੍ਰਪੱਕ ਕਰਨ ਲਈ ਉਪਾਅ ਕੀਤੇ ਜਾ ਰਹੇ ਹਨ, ਤਾਂ ਕਿ ਇਸ ਕਾਰਡ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਪਾਰਟੀ ਦੀ ਸੋਚ ਦੇ ਸਮਰਥਕ, ਹਮਦਰਦ ਅਤੇ ਬਣਨ ਵਾਲੇ ਮੈਂਬਰ ਜੇਕਰ ਉਪਰੋਕਤ ਪਾਰਟੀ ਦੇ ਮੁੱਖ ਦਫ਼ਤਰ ਤੋਂ ਬਿਨਾਂ ਕਿਸੇ ਸਥਾਨ ਤੋਂ ਆਈ.ਡੀ. ਕਾਰਡ ਬਣਵਾਉਂਦੇ ਹਨ ਤਾਂ ਅਜਿਹੇ ਬੋਗਸ ਕਾਰਡ ਦੀ ਸੁਰੱਖਿਆ, ਮਾਨਤਾ ਅਤੇ ਅਨੁਸ਼ਾਸਨਹੀਣਤਾ ਲਈ ਉਹ ਖੁਦ ਜਿੰਮੇਵਾਰ ਹੋਣਗੇ। ਅਜਿਹੇ ਜਾਰੀ ਕੀਤੇ ਜਾਣ ਵਾਲੇ ਆਈ.ਡੀ. ਕਾਰਡਾਂ ਨਾਲ ਪਾਰਟੀ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ। ਸ. ਮਾਨ ਨੇ ਪਾਰਟੀ ਦੇ ਅਨੁਸ਼ਾਸਨ ’ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਜੋ ਅਮਰੀਕਾ ਦੀ 5 ਮੈਂਬਰੀ ਅਤੇ 25 ਮੈਂਬਰੀ ਕਮੇਟੀ ਸਮੁੱਚੀ ਜਿੰਮੇਵਾਰੀ ਨੂੰ ਨਿਭਾਉਣ ਅਤੇ ਪਾਰਟੀ ਨੀਤੀਆਂ ਤੇ ਪ੍ਰੋਗਰਾਮਾਂ ਨੂੰ ਪ੍ਰਚਾਰਨ ਤੇ ਲਾਗੂ ਕਰਨ ਲਈ ਬਣੀ ਹੋਈ ਹੈ, ਸ. ਰੇਸ਼ਮ ਸਿੰਘ ਉਪਰੋਕਤ ਦੋਵੇਂ ਕਮੇਟੀਆਂ ਵਿਚ ਆਪਣੇ ਸਹਿਯੋਗੀਆਂ ਨੂੰ ਤਹਿ ਕੀਤੇ ਗਏ ਨਿਯਮਾਂ ਅਤੇ ਨੀਤੀਆਂ ਅਨੁਸਾਰ ਸ. ਬੂਟਾ ਸਿੰਘ ਖੜੌਂਦ ਕਨਵੀਨਰ ਅਤੇ ਸ. ਸੁਰਜੀਤ ਸਿੰਘ ਕਲਾਰ ਪ੍ਰਧਾਨ ਅਮਰੀਕਾ ਯੂਨਿਟ ਨਾਲ ਸਲਾਹ ਮਸ਼ਵਰਾ ਕਰਦੇ ਹੋਏ ਅਤੇ ਸਦਭਾਵਨਾ ਵਾਲਾ ਮਾਹੌਲ ਪੈਦਾ ਕਰਦੇ ਹੋਏ, ਉਪਰੋਕਤ ਦੋਵੇਂ ਕਮੇਟੀਆਂ ਵਿਚ ਮੈਂਬਰ ਲੈ ਸਕਦੇ ਹਨ। ਸ. ਮਾਨ ਨੇ ਉਪਰੋਕਤ ਤਿੰਨੇ ਜਿੰਮੇਵਾਰ ਸੰਜੀਦਾ ਅਤੇ ਦ੍ਰਿੜਤਾ ਵਾਲੀ ਸੋਚ ਦੇ ਮਾਲਕ ਅਮਰੀਕਾ ਦੇ ਆਗੂਆਂ ਨੂੰ ਆਪਸੀ ਸਹਿਯੋਗ ਰਾਹੀਂ ਅਮਰੀਕਾ ਦੇ ਯੂਨਿਟ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਅਤੇ ਕੌਮੀ ਸੋਚ ਖਾਲਿਸਤਾਨ ਨੂੰ ਦੁਨੀਆ ਦੇ ਨਕਸ਼ੇ ਤੇ ਲਿਆਉਣ ਲਈ ਦੂਰਅੰਦੇਸ਼ੀ ਵਾਲੇ ਉਦਮ ਕਰਨ ਦੀ ਜ਼ੋਰਦਾਰ ਅਪੀਲ ਵੀ ਕੀਤੀ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਆਗੂ ਸਾਹਿਬਾਨ ਇਸ ਪ੍ਰੈਸ ਰਿਲੀਜ਼ ਰਾਹੀਂ ਅਮਰੀਕਨ ਸਿੱਖਾਂ ਅਤੇ ਪਾਰਟੀ ਅਹੁਦੇਦਾਰਾਂ ਨੂੰ ਦਿੱਤੇ ਜਾ ਰਹੇ ਸੁਨੇਹੇ ਨੂੰ ਪੂਰੀ ਇਮਾਨਦਾਰੀ ਅਤੇ ਕੌਮੀ ਸੋਚ ਨੂੰ ਮੁੱਖ ਰੱਖ ਕੇ ਅਨੁਸ਼ਾਸਨ ਤਹਿਤ ਹਰ ਕੀਮਤ ‘ਤੇ ਕਾਇਮ ਰੱਖਣਗੇ ਅਤੇ ਸਮੇਂ ਸਮੇਂ ਤੇ ਪਾਰਟੀ ਵਲੋਂ ਕੀਤੇ ਜਾਣ ਵਾਲੇ ਫੈਸਲਿਆਂ ਨੂੰ ਹਮੇਸ਼ਾ ਦੀ ਤਰ੍ਹਾਂ ਲਾਗੂ ਕਰਨ ਦੀ ਜਿੰਮੇਵਾਰੀ ਨਿਭਾਉਂਦੇ ਰਹਿਣਗੇ।




# ਸਿੱਖ ਪੰਥ ਲਈ ਖੁਸ਼ਖਬਰੀ

## ਸਾਰਾ ਸਾਲ ਖੁੱਲ੍ਹਾ ਰਹੇਗਾ ਕਰਤਾਰਪੁਰ ਲਾਂਘਾ

- ਰੋਜ਼ਾਨਾ 5000 ਸ਼ਰਧਾਲੂ ਕਰ ਸਕਣਗੇ ਦਰਸ਼ਨ
- ਪਾਕਿ ਵਲੋਂ ਫ਼ੀਸ ਲੈਣ ਦੀ ਤਜਵੀਜ਼ ਦਾ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਵਲੋਂ ਵਿਰੋਧ
- ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦਾ ਨਹੀਂ ਲਿਆ ਜਾਵੇਗਾ ਕੋਈ ਖ਼ਰਚ-ਸਤਵੰਤ ਸਿੰਘ



**ਅਟਾਰੀ(ਵਾਹਗਾ ਬਾਰਡਰ)/ਬਿਊਰੋ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਭਾਰਤ-ਪਾਕਿਸਤਾਨ ਵਲੋਂ ਕੀਤੇ ਜਾ ਰਹੇ ਸਾਂਝੇ ਉੱਦਮ ਨਾਲ ਬਣਨ ਵਾਲੇ ਕਰਤਾਰਪੁਰ ਸਾਹਿਬ ਲਾਂਘੇ ਸਬੰਧੀ ਤੀਸਰੇ ਦੌਰ ਦੀ ਮੀਟਿੰਗ ਅਟਾਰੀ ਵਾਹਗਾ ਸਾਂਝੀ ਜਾਂਚ ਚੌਕੀ ਦੇ ਭਾਰਤੀ ਪਾਸੇ ਬੀਐਸਐਫ਼ ਦੇ ਕਾਨਫਰੰਸ ਹਾਲ ਵਿਚ ਹੋਈ। ਇਹ ਮੀਟਿੰਗ ਗ੍ਰਹਿ ਮਾਮਲਿਆਂ ਬਾਰੇ ਮੰਤਰਾਲੇ ਦੇ ਸੰਯੁਕਤ ਸਕੱਤਰ ਐਸ. ਸੀ. ਐਲ. ਦਾਸ ਅਤੇ ਪਾਕਿਸਤਾਨ ਦੇ ਦੱਖਣੀ ਏਸ਼ੀਆ ਮਾਮਲਿਆਂ ਬਾਰੇ ਡਾਇਰੈਕਟਰ ਜਨਰਲ ਮੁਹੰਮਦ ਫ਼ੈਸਲ ਦੀ ਅਗਵਾਈ ਵਾਲੇ ਵਫ਼ਦਾਂ ਵਿਚਾਲੇ ਹੋਈ। ਮੀਟਿੰਗ ਵਿਚ ਕਰਤਾਰਪੁਰ ਲਾਂਘੇ ਦੇ ਤਕਨੀਕੀ ਸੁਰੱਖਿਆ ਅਤੇ ਹੋਰ ਅਹਿਮ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿਚ ਜਿੱਥੇ ਰੋਜ਼ਾਨਾ 5 ਹਜ਼ਾਰ ਸ਼ਰਧਾਲੂਆਂ ਦੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ 'ਤੇ ਦੋਵਾਂ ਦੇਸ਼ਾਂ ਵਿਚਾਲੇ ਸਹਿਮਤੀ ਬਣੀ। ਪਾਕਿਸਤਾਨ ਨੇ ਭਾਰਤੀ ਸ਼ਰਧਾਲੂਆਂ ਕੋਲੋਂ 20 ਡਾਲਰ (ਕਰੀਬ 1400 ਰੁਪਏ) ਫੀਸ ਲੈਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਭਾਰਤੀ ਸ਼ਰਧਾਲੂਆਂ ਦੇ ਵੱਡੇ ਜਥਿਆਂ ਨਾਲ ਪ੍ਰੋਟੋਕੋਲ ਅਫ਼ਸਰਾਂ ਨੂੰ ਭੇਜਣ ਨੂੰ ਪ੍ਰਵਾਨਗੀ ਨਾ ਦੇਣ 'ਤੇ ਭਾਰਤੀ ਵਫ਼ਦ ਵਲੋਂ ਪਾਕਿਸਤਾਨ ਕੋਲ ਨਿਰਾਸ਼ਾ ਪ੍ਰਗਟਾਈ ਗਈ। ਭਾਰਤ ਸਰਕਾਰ ਨੇ ਦੱਸਿਆ ਕਿ ਭਾਵੇਂ ਕਿ ਬਹੁਤੇ ਮੁੱਦਿਆਂ 'ਤੇ ਸਹਿਮਤੀ ਬਣ ਚੁੱਕੀ ਹੈ ਪਰ ਪਾਕਿਸਤਾਨ ਵਲੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਵਾਲੇ ਹਰੇਕ ਸ਼ਰਧਾਲੂ 'ਤੇ ਲਾਈ ਜਾਣ ਵਾਲੀ 20 ਡਾਲਰ ਫ਼ੀਸ ਵਸੂਲਣ ਦੇ ਮੁੱਦੇ 'ਤੇ ਸਹਿਮਤੀ ਨਹੀਂ ਬਣ ਸਕੀ।

ਸੰਯੁਕਤ ਸਕੱਤਰ ਨੇ ਦੱਸਿਆ ਕਿ ਯਾਤਰਾ ਸਬੰਧੀ ਇਕ ਵਿਸ਼ੇਸ਼ ਪੋਰਟਲ ਖੋਲ੍ਹਿਆ ਜਾਵੇਗਾ, ਜਿਸ ਵਿਚ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦੇ ਚਾਹਵਾਨ ਸ਼ਰਧਾਲੂ ਨੂੰ ਦਸ ਦਿਨ ਪਹਿਲਾਂ ਪ੍ਰਵਾਨਗੀ ਲਈ ਆਪਣਾ ਨਾਂਅ ਦਰਜ ਕਰਾਉਣਾ ਹੋਵੇਗਾ ਅਤੇ ਚਾਰ ਦਿਨ ਪਹਿਲਾਂ ਯਾਤਰੂ ਨੂੰ ਉਸ ਦੇ ਨਾਂਅ ਨੂੰ ਮਿਲੀ ਪ੍ਰਵਾਨਗੀ ਸਬੰਧੀ ਜਾਣਕਾਰੀ ਦੇ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵਲੋਂ ਭਾਰਤ ਤੋਂ ਹਰ ਰੋਜ਼ ਪੰਜ ਹਜ਼ਾਰ ਸ਼ਰਧਾਲੂ ਜੋ ਦਰਸ਼ਨਾਂ ਲਈ ਜਾਣਗੇ, ਲਈ ਸੁਰੱਖਿਆ ਦੀ ਮੰਗ ਕੀਤੀ ਹੈ, ਤਾਂ ਜੋ ਕੋਈ ਵੀ ਗਲਤ ਅਨਸਰ ਉਨ੍ਹਾਂ ਦੀ ਧਾਰਮਿਕ ਯਾਤਰਾ ਵਿਚ ਕੋਈ ਵਿਘਨ ਨਾ ਪਾ ਸਕੇ ਅਤੇ ਵਿਸ਼ੇਸ਼ ਮੌਕਿਆਂ 'ਤੇ ਯਾਤਰੂਆਂ ਦੀ ਗਿਣਤੀ ਵਧਾਏ ਜਾਣ ਸਬੰਧੀ ਵੀ ਪਾਕਿਸਤਾਨ 'ਤੇ ਜ਼ੋਰ ਪਾਇਆ ਹੈ, ਜਿਸ ਸਬੰਧੀ ਪਾਕਿਸਤਾਨ ਵਲੋਂ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾ ਰੋਜ਼ਾਨਾ ਸਾਰਾ ਸਾਲ ਜਾਰੀ ਰਹੇਗੀ।

ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਵੱਖ-ਵੱਖ ਬਿਆਨਾਂ ਵਿਚ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਕਰਤਾਰਪੁਰ ਲਾਂਘੇ ਰਾਹੀਂ ਜਾਣ ਵਾਲੇ ਸ਼ਰਧਾਲੂਆਂ ਤੋਂ ਫ਼ੀਸ ਵਸੂਲੇ ਜਾਣ ਦੀ ਪਾਕਿਸਤਾਨ ਸਰਕਾਰ ਦੀ ਤਜਵੀਜ਼ ਦਾ ਜ਼ੋਰਦਾਰ ਵਿਰੋਧ ਕਰਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ ਹੈ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਪਾਕਿ ਵਲੋਂ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦਾ ਕੋਈ ਖ਼ਰਚ ਨਹੀਂ ਲਿਆ ਜਾ ਰਿਹਾ। ਉਨ੍ਹਾਂ ਕਿਹਾ ਕਿ ਪਾਕਿ ਸਰਕਾਰ ਵਲੋਂ ਪੀ. ਐਸ. ਜੀ. ਪੀ. ਸੀ. ਨਾਲ ਵਿਚਾਰ ਚਰਚਾ ਕਰਕੇ ਰੱਖੀ ਗਈ 20 ਡਾਲਰ ਦੀ ਯਾਤਰਾ ਫ਼ੀਸ ਵੀਜ਼ਾ ਤੇ ਲਾਂਘੇ ਦੇ ਰੱਖ-ਰਖਾਅ ਲਈ ਤਹਿ ਕੀਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਵੀਜ਼ਾ ਫ਼ੀਸ ਹਰ ਦੇਸ਼ ਕਿਸੇ ਵੀ ਦੂਜੇ ਦੇਸ਼ ਦੇ ਨਾਗਰਿਕ ਦੇ ਆਪਣੇ ਦੇਸ਼ ਵਿਚ ਆਉਣ ਤੋਂ ਪਹਿਲਾਂ ਲੈਂਦਾ ਹੈ। ਇਸ ਦੇ ਇਲਾਵਾ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਵਲੋਂ ਇਹ ਯਾਤਰਾ ਫ਼ੀਸ ਸ਼ੁਰੂ ਤੋਂ ਲਈ ਜਾ ਰਹੀ ਹੈ ਤੇ ਇਸ ਦੇ ਇਲਾਵਾ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਲਈ ਸ਼ੁਰੂ ਤੋਂ ਹੀ ਰੇਲ ਤੇ ਬੱਸ ਦਾ ਬਣਦਾ ਵਾਜਬ ਕਿਰਾਇਆ ਵੀ ਲਿਆ ਜਾਂਦਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਯਾਤਰਾ/ਵੀਜ਼ਾ ਫ਼ੀਸ ਵਿਚ ਗੁਰਦੁਆਰਾ ਸਾਹਿਬ ਵਿਚ ਅਸਥਾਈ ਨਿਵਾਸ ਜਾਂ ਆਉਣ-ਜਾਣ ਲਈ ਬੱਸ ਦਾ ਕਿਰਾਇਆ ਸ਼ਾਮਿਲ ਨਹੀਂ ਕੀਤਾ ਗਿਆ ਹੈ। ਐਮ. ਪੀ. ਏ. ਤੇ ਪਾਰਲੀਮਾਨੀ ਸਕੱਤਰ ਮਹਿੰਦਰਪਾਲ ਸਿੰਘ ਨੇ ਵੀ ਇਸ ਮਾਮਲੇ ਨੂੰ ਲੈ ਕੇ ਕੀਤੇ ਜਾ ਰਹੇ ਪ੍ਰਚਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਭਾਰਤੀ ਸਿੱਖ ਜਥੇਬੰਦੀਆਂ ਦੇ ਆਗੂਆਂ ਤੇ ਸਿਆਸਤਦਾਨਾਂ ਨੂੰ ਲਾਂਘੇ ਬਾਰੇ ਕੋਈ ਵੀ ਬਿਆਨ ਜਾਰੀ ਕਰਨ ਤੋਂ ਪਹਿਲਾਂ ਪਾਕਿਸਤਾਨ ਸਰਕਾਰ ਜਾਂ ਪੀ. ਐਸ. ਜੀ. ਪੀ. ਸੀ. ਪਾਸੋਂ ਉਸ ਦੀ ਪੁਸ਼ਟੀ ਜਰੂਰ ਕਰ ਲੈਣੀ ਚਾਹੀਦੀ ਹੈ।

# ਕਰਤਾਰਪੁਰ ਲਾਂਘੇ ਦਾ ਕੌਣ ਕਰ ਰਿਹਾ ਏ ਵਿਰੋਧ

**-ਰਜਿੰਦਰ ਸਿੰਘ**

ਕਰਤਾਰਪੁਰ ਲਾਂਘੇ ਦਾ ਕਾਰਜ ਤੇਜ਼ੀ ਨਾਲ ਸ਼ੁਰੂ ਹੋ ਚੁੱਕਾ ਹੈ, ਇਸ ਬਾਰੇ ਅਸੀਂ ਭਾਰਤ-ਪਾਕਿਸਤਾਨ ਦੋਹਾਂ ਸਰਕਾਰਾਂ ਨੂੰ ਵਧਾਈ ਦੇਵਾਂਗੇ, ਕਿਉਂਕਿ ਦੋਹਾਂ ਸਰਕਾਰਾਂ ਤੋਂ ਬਿਨਾਂ ਇਹ ਲਾਂਘਾ ਪੂਰਾ ਨਹੀਂ ਹੋ ਸਕਦਾ ਸੀ। ਭਾਜਪਾ ਦੇ ਸੁਬਰਮਾਨੀਅਮ ਸੁਆਮੀ ਨੇ ਭਗਵੀਂ ਸੋਚ ਤਹਿਤ ਜੋ ਗੁਰੂ ਨਾਨਕ ਲਾਂਘੇ ਬਾਰੇ ਅਮਨ ਤੇ ਸ਼ਾਂਤੀ ਦੇ ਪੈਗਾਮ ਵਿਰੁੱਧ ਜੋ ਫਿਰਕੂ ਬਿਆਨ ਦਿੱਤਾ ਹੈ, ਉਹ ਅਤਿਅੰਤ ਖਤਰਨਾਕ ਹੈ। ਇਹੋ ਜਿਹੇ ਲੀਡਰਾਂ ਨੂੰ ਮੋਦੀ ਸਰਕਾਰ ਨੱਥ ਪਾਵੇ ਤਾਂ ਜੋ ਸਮਾਜ ਵਿਚ ਚੰਗਾ ਸੁਨੇਹਾ ਜਾਵੇ। ਹੁਣੇ ਜਿਹੇ ਭਾਰਤ ਤੇ ਪਾਕਿਸਤਾਨ ਦੇ ਤਕਨੀਕੀ ਮਾਹਿਰਾਂ ਦੀ ਮੀਟਿੰਗ ਡੇਰਾ ਬਾਬਾ ਨਾਨਕ ਕੋਲ ਕੌਮਾਂਤਰੀ ਸੀਮਾ ਤੇ ਜ਼ੀਰੋ ਲਾਈਨ ਤੇ ਹੋਈ, ਜਿਸ ਦੌਰਾਨ ਦੋਵਾਂ ਦੇਸ਼ਾਂ ਨੇ ਲਾਂਘੇ ਦਾ ਕੰਮ 31 ਅਕਤੂਬਰ ਤੱਕ ਹਰ ਹਾਲਤ ਵਿੱਚ ਮੁਕੰਮਲ ਕੀਤੇ ਜਾਣ ਦਾ ਭਰੋਸਾ ਦਿੱਤਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਿਆਨ ਵੀ ਸ਼ਲਾਘਾਯੋਗ ਹੈ, ਜਿਹਨਾਂ ਨੇ ਕਿਹਾ ਹੈ ਕਿ ਮੋਦੀ ਸਰਕਾਰ ਕਰਤਾਰਪੁਰ ਲਾਂਘੇ ਦੀ ਉਸਾਰੀ ਦਾ ਕੰਮ ਨਿਰਧਾਰਿਤ ਸਮੇਂ ਵਿੱਚ ਮੁਕੰਮਲ ਕਰਨ ਲਈ ਵਚਨਬੱਧ ਹੈ। ਇਸ ਲਾਂਘੇ ਰਾਹੀਂ ਭਾਰਤੀ ਸਿੱਖ ਸ਼ਰਧਾਲੂ ਬਿਨਾਂ ਵੀਜ਼ਾ ਤੋਂ ਕਰਤਾਰਪੁਰ ਸਾਹਿਬ ਆ-ਜਾ ਸਕਣਗੇ। ਦੂਜੇ ਪਾਸੇ ਕਸ਼ਮੀਰ ਮੁੱਦੇ ਨੂੰ ਲੈ ਕੇ ਪ੍ਰਮਾਣੂ ਸਮੱਰਥਾ ਰੱਖਣ ਵਾਲੇ ਦੋਵਾਂ ਗੁਆਂਢੀ ਮੁਲਕਾਂ ਵਿਚ ਜਾਰੀ ਤਣਾਅ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦਾ ਮੰਨਣਾ ਹੈ ਕਿ ਅਸੀਂ ਕਦੇ ਵੀ ਭਾਰਤ ਨਾਲ ਜੰਗ ਸ਼ੁਰੂ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਨੇ ਬੀਤੇ ਦਿਨੀਂ ਗਵਰਨਰ ਹਾਊਸ ਵਿਖੇ ਸਿੱਖ ਭਾਈਚਾਰੇ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਅਸੀਂ ਕਦੇ ਵੀ ਜੰਗ ਦੀ ਸ਼ੁਰੂਆਤ ਨਹੀਂ ਕਰਾਂਗੇ, ਕਿਉਂਕਿ ਪਾਕਿਸਤਾਨ ਤੇ ਭਾਰਤ ਦੋਵੇਂ ਪ੍ਰਮਾਣੂ ਤਾਕਤਾਂ ਹਨ ਅਤੇ ਤਣਾਅ ਵਧਣ 'ਤੇ ਵਿਸ਼ਵ ਨੂੰ ਖ਼ਤਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਤੇ ਉਹ ਭਾਰਤ ਨੂੰ ਦੱਸਣਾ ਚਾਹੁੰਦੇ ਹਨ ਕਿ ਜੰਗ ਜਿੱਤਣ ਵਾਲਾ ਵੀ ਅੰਤ ਹਾਰਿਆ ਹੀ ਹੁੰਦਾ ਹੈ। ਉਹਨਾਂ ਭਾਰਤ ਸਰਕਾਰ ਨੂੰ ਸੁਝਾਅ ਦਿੱਤਾ ਦੋਹਾਂ ਦੇਸ਼ਾਂ ਲਈ ਵਾਤਾਵਰਣ ਬਦਲਾਅ ਤੇ ਪਾਣੀ ਦੀ ਥੋੜ ਜਿਹੇ ਮਸਲਿਆਂ ਸਮੇਤ ਕਸ਼ਮੀਰ ਦੇ ਵਿਵਾਦ ਨੂੰ ਮਿਲ ਕੇ ਸੁਲਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਇਮਰਾਨ ਨੇ ਸਿੱਖ ਭਾਈਚਾਰੇ ਲਈ ਵੱਡਾ ਕੰਮ ਕੀਤਾ ਹੈ। ਇਮਰਾਨ ਦਾ ਕਹਿਣਾ ਹੈ ਕਿ ਵੱਖ-ਵੱਖ ਯੂਰਪੀਨ ਦੇਸ਼ਾਂ ਤੋਂ ਆਉਣ ਵਾਲੇ ਸਿੱਖਾਂ ਨੂੰ ਮਲਟੀਪਲ ਵੀਜ਼ਾ ਜਾਰੀ ਕੀਤੇ ਜਾਣਗੇ ਤਾਂ ਜੋ ਉਹ ਆਪਣੇ ਪਵਿੱਤਰ ਸਥਾਨਾਂ ਦੇ ਦਰਸ਼ਨ ਕਰ ਸਕਣ। ਇਸ ਤੋਂ ਸਪੱਸ਼ਟ ਹੈ ਕਿ ਪਾਕਿਸਤਾਨ ਵੀ ਜੰਗ ਨਹੀਂ ਚਾਹੁੰਦਾ, ਪਰ ਉਹ ਕਸ਼ਮੀਰ ਮਸਲੇ ਦਾ ਹੱਲ ਚਾਹੁੰਦਾ ਹੈ। ਇਸ ਸੰਬੰਧ ਵਿਚ ਦੋਹਾਂ ਦੇਸਾਂ ਵਿਚ ਅਮਨ, ਸ਼ਾਂਤੀ ਨਾਲ ਮੀਟਿੰਗ ਕਰਕੇ ਇਹ ਹੱਲ ਭਾਲਣ ਦੀ ਲੋੜ ਹੈ। ਪਰ ਕੁਝ ਭਾਰਤੀ ਫਿਰਕੂ ਮੀਡੀਆ ਤੇ ਸਿੱਖ ਵਿਰੋਧੀ ਸੰਸਥਾਵਾਂ ਕਰਤਾਰਪੁਰ ਲਾਂਘੇ ਦਾ ਵਿਰੋਧ ਕਰਕੇ ਭਾਰਤ ਨੂੰ ਪਾਕਿਸਤਾਨ ਉੱਪਰ ਹਮਲੇ ਲਈ ਉਕਸਾ ਰਹੀਆਂ ਹਨ। ਦੂਜੇ ਪਾਸੇ ਪਾਕਿਸਤਾਨ ਨੂੰ ਵੀ ਉਥੋਂ ਦੇ ਫਿਰਕੂਆਂ ਦੇ ਵਿਚਾਰਧਾਰਕ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਉਹ ਭਾਰਤ ਉੱਪਰ ਜੰਗੀ ਕਾਰਵਾਈ ਕਰੇ। ਜਦੋਂ ਦੋਹਾਂ ਦੇ ਸੰਬੰਧ ਏਨੇ ਵਿਗੜ ਚੁੱਕੇ ਹਨ ਤਾਂ ਇਕੋ ਇਕ ਹੱਲ ਗੁਰੂ ਨਾਨਕ ਦਾ ਖੁੱਲ੍ਹਾ ਲਾਂਘਾ ਹੈ, ਜੋ ਦੋਹਾਂ ਦੀਆਂ ਸਾਂਝਾਂ ਨੂੰ ਬੁਲੰਦ ਕਰ ਸਕਦਾ ਹੈ ਤੇ ਉਲਝੇ ਮਸਲਿਆਂ ਨੂੰ ਨਿਪਟਾ ਸਕਦਾ ਹੈ। ਪੰਜਾਬ ਦੇ ਇਕ ਫਿਰਕੂ ਮੀਡੀਏ ਨੇ ਇਸ ਲਾਂਘੇ ਬਾਰੇ ਘਟੀਆ ਪੱਧਰ ਦੇ ਸੁਆਲ ਉਠਾਏ ਹਨ ਕਿ ਇਸ ਰਸਤੇ ਦੀ ਵਰਤੋਂ ਪਾਕਿਸਤਾਨ ਭਾਰਤ ਵਿਚ ਅੱਤਵਾਦੀ ਸਰਗਰਮੀਆਂ ਨੂੰ ਵਧਾਉਣ ਲਈ ਤਾਂ ਨਹੀਂ ਕਰੇਗਾ ? ਉਸ ਨੇ ਇਹ ਖਬਰ ਛਾਪੀ ਹੈ ਕਿ ਪਾਕਿਸਤਾਨ ਦੀ ਫ਼ੌਜ ਤੇ ਸਰਕਾਰ ਖ਼ਾਲਿਸਤਾਨੀ ਮੁਹਿੰਮ ਜ਼ਰੀਏ ਭਾਰਤ ਨੂੰ ਪਰੇਸ਼ਾਨ ਕਰੇਗੀ। ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਦਾ ਇਸ ਬਾਰੇ ਵਿਚਾਰ ਸ਼ਲਾਘਾਯੋਗ ਨਹੀਂ ਹੈ। ਉਹ ਵੀ ਅੰਦਰਖਾਤੇ ਖੁੱਲ੍ਹੇ ਲਾਂਘੇ ਦੀ ਵਿਰੋਧਤਾ ਕਰ ਜਾਂਦਾ ਹੈ। ਕੈਪਟਨ ਦਾ ਇਹ ਕਹਿਣਾ ਹੈ ਕਿ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਦੀ ਪ੍ਰਕਿਰਿਆ ਤੋਂ ਕਾਫ਼ੀ ਖ਼ੁਸ਼ ਪਰ ਸਾਨੂੰ ਸੰਭਲ ਕੇ ਚੱਲਣ ਦੀ ਲੋੜ ਹੈ। ਜੇਕਰ ਪਾਕਿਸਤਾਨ ਨੇ ਅੱਤਵਾਦ ਨੂੰ ਵਧਾਉਣਾ ਹੈ ਤਾਂ ਉਸ ਕੋਲ ਹੋਰ ਬਹੁਤ ਰਸਤੇ ਹਨ। ਪਰ ਉਹ ਖੁੱਲ੍ਹੇ ਲਾਂਘੇ ਰਾਹੀਂ ਬਦਨਾਮੀ ਨਹੀਂ ਖੱਟ ਸਕਦਾ। ਦੂਜੀ ਗੱਲ ਇਹ ਹੈ ਕਿ ਭਾਰਤ ਦੀਆਂ ਖੁਫੀਆ ਏਜੰਸੀਆਂ ਦੀਆਂ ਨਜ਼ਰਾਂ ਵੀ ਇਸ ਖੁੱਲ੍ਹੇ ਲਾਂਘੇ 'ਤੇ ਰਹਿਣਗੀਆਂ। ਇਸ ਲਈ ਅਜਿਹੀ ਹਰਕਤ ਦੀ ਸੰਭਾਵਨਾ ਬਿਲਕੁਲ ਨਹੀਂ ਹੈ, ਪਰ ਫਿਰਕੂ ਤੇ ਅਖੌਤੀ ਰਾਸ਼ਟਰਵਾਦੀ ਖੁੱਲ੍ਹੇ ਲਾਂਘੇ ਦਾ ਵਿਰੋਧ ਕਰਕੇ ਬਹੁਗਿਣਤੀ ਵਿਚ ਆਪਣੀ ਬੱਲੇ ਬੱਲੇ ਕਰਵਾਉਣਾ ਚਾਹੁੰਦੇ ਹਨ। ਹਾਲਾਂ ਕਿ ਭਾਰਤ ਦੇ ਸਿਆਣੇ ਲੋਕ ਕਿਸੇ ਵੀ ਤਰ੍ਹਾਂ ਭਾਰਤ-ਪਾਕਿ ਦੀ ਜੰਗ ਨਹੀਂ ਚਾਹੁੰਦੇ। ਉਹ ਇਹ ਵੀ ਜਾਣਦੇ ਹਨ ਭਾਰਤ-ਪਾਕਿ ਦੀ ਆਰਥਿਕਤਾ ਅਤਿਅੰਤ ਕਮਜ਼ੋਰ ਹੈ। ਜੇਕਰ ਜੰਗ ਹੋਈ ਤਾਂ ਲੋਕ ਤੇ ਦੋਵੇਂ ਦੇਸ ਤਬਾਹ ਹੋ ਜਾਣਗੇ। ਇੱਥੋਂ ਤੱਕ ਭੁੱਖਮਰੀ ਤੇ ਕਈ ਬਿਮਾਰੀਆਂ ਫੈਲ ਜਾਣਗੀਆਂ। ਪਰ ਜੰਗ ਦੀ ਗੱਲਾਂ ਕਰਨ ਵਾਲੇ ਦਿਵਾਲੀ ਵਿਚ ਫੁੱਲਝੜੀਆਂ ਚਲਾਉਣ ਦਾ ਤਮਾਸ਼ਾ ਹੀ ਸਮਝਦੇ ਹਨ। ਦੱਖਣੀ ਏਸ਼ੀਆ ਕੋਲ ਇਕੋ ਇਕ ਤਾਕਤ ਵਿਸ਼ਵ ਸ਼ਾਂਤੀ ਦੀ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ, ਮਿਸ਼ਨ ਤੇ ਫਿਲਾਸਫੀ ਹੈ, ਜਿਸ ਤੋਂ ਸੇਧ ਲੈ ਕੇ ਅਸੀਂ ਨਫ਼ਰਤਾਂ ਦੀ ਕੰਧ ਤੋੜ ਸਕਦੇ ਹਾਂ।

# ਕਰਤਾਰਪੁਰ ਸਾਹਿਬ ਦਾ ਦਰਵਾਜ਼ਾ ਨਵੰਬਰ ਵਿਚ ਜ਼ਰੂਰ ਖੁੱਲ੍ਹੇਗਾ

**ਤਾਇਬਾ ਬੁਖਾਰੀ ਲਾਹੌਰ**

ਇਸ ਤੋਂ ਵੱਡੀ ਵੀ ਕੋਈ ਦਲੀਲ ਹੋ ਸਕਦੀ ਹੈ ਕਿ ਭਾਰਤ ਅਤੇ ਪਾਕਿਸਤਾਨ 2019 ਵਿਚ ਦੋ ਵਾਰ ਇਕ-ਦੂਜੇ ਦੇ ਆਹਮੋ-ਸਾਹਮਣੇ ਆ ਖਲੋਤੇ। ਦੋ ਪ੍ਰਮਾਣੂ ਸ਼ਕਤੀਆਂ ਇਕ-ਦੂਜੇ ਨੂੰ ਅੱਖਾਂ ਵਿਖਾ ਰਹੀਆਂ ਹਨ ਪਰ ਇਕ ਬਿੰਦੂ 'ਤੇ ਦੋਵੇਂ ਨਫ਼ਰਤ ਨੂੰ ਛੱਡ ਕੇ ਅੱਗੇ ਵਧਣ ਲਈ ਮਜਬੂਰ ਹਨ ਤੇ ਉਸ ਖ਼ਾਸ ਬਿੰਦੂ ਦਾ ਨਾਂਅ ਹੈ 'ਕਰਤਾਰਪੁਰ ਲਾਂਘਾ', ਜਿਸ ਨੂੰ ਹਰ ਹਾਲ ਵਿਚ ਖੋਲ੍ਹਣਾ ਹੈ। ਮੈਂ ਪਹਿਲਾਂ ਵੀ ਲਿਖ ਦਿੱਤਾ ਸੀ ਕਿ 70 ਸਾਲ ਦਾ ਇੰਤਜ਼ਾਰ ਮੁੱਕਣ ਵਾਲਾ ਹੈ, ਦੁਆਵਾਂ ਕਬੂਲ ਹੋ ਰਹੀਆਂ ਹਨ। ਨਫ਼ਰਤ ਤੋਂ ਅੱਗੇ ਵਧ ਕੇ ਕੰਮ ਕਰਨਾ ਪਵੇਗਾ ਤੇ ਜਿਹੜੀ ਵੀ ਧਿਰ ਕਰਤਾਰਪੁਰ ਦਾ ਲਾਂਘਾ ਰੋਕਣਾ ਚਾਹੇਗੀ, ਉਹ ਸਿਆਸੀ ਅਤੇ ਜਨਤਕ ਪੱਧਰ 'ਤੇ ਆਪਣਾ ਵੱਡਾ ਨੁਕਸਾਨ ਕਰਵਾਏਗੀ। ਪੂਰੀ ਦੁਨੀਆ ਦਾ ਸਿੱਖ ਭਾਈਚਾਰਾ ਪਾਕਿਸਤਾਨ ਵੱਲ ਦੇਖ ਰਿਹਾ ਹੈ ਤੇ ਪਾਕਿਸਤਾਨ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਨਾ ਮੁੜ ਸਕਣ ਵਾਲੇ ਬਿੰਦੂ 'ਤੇ ਪਹੁੰਚ ਚੁੱਕਿਆ ਹੈ। ਇਮਰਾਨ ਖ਼ਾਨ ਦੀ ਸਰਕਾਰ ਨੇ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਹੈ ਕਿ ਭਾਵੇਂ ਕੁਝ ਵੀ ਹੋ ਜਾਵੇ, ਭਾਰਤ ਨਾਲ ਸਬੰਧ ਕਿਵੇਂ ਦੇ ਵੀ ਹੋਣ, ਪਰ ਕਰਤਾਰਪੁਰ ਦਾ ਲਾਂਘਾ ਜ਼ਰੂਰ ਖੁੱਲ੍ਹੇਗਾ। ਕਰਤਾਰਪੁਰ ਦੀ ਫ਼ਿਜ਼ਾ ਨਾਅਰਿਆਂ ਨਾਲ ਜ਼ਰੂਰ ਗੂੰਜੇਗੀ, ਮੱਥਾ ਟੇਕਣ ਨੂੰ ਸਿਰ ਨਹੀਂ ਤਰਸਣਗੇ, ਬਾਬੇ ਦਾ ਲੰਗਰ ਸਾਰਿਆਂ ਦੀ ਭੁੱਖ ਅਤੇ ਵਰ੍ਹਿਆਂ ਦੀ ਭੁੱਖ ਮਿਟਾਵੇਗਾ, ਕਰਤਾਰਪੁਰ ਦਾ ਦਰਵਾਜ਼ਾ ਨਵੰਬਰ ਵਿਚ ਜ਼ਰੂਰ ਖੁੱਲ੍ਹੇਗਾ ਕਿਉਂਕਿ ਹੁਣ ਬੰਦ ਦਰਵਾਜ਼ਿਆਂ ਦਾ ਜ਼ਮਾਨਾ ਨਹੀਂ ਰਿਹਾ।

ਉਪ-ਮਹਾਂਦੀਪ ਦੀ ਸਿਆਸਤ ਵਿਚ ਇਮਰਾਨ ਖ਼ਾਨ ਨੂੰ ਕਰਤਾਰਪੁਰ ਲਾਂਘੇ ਸਬੰਧੀ ਤੇਜ਼ ਫ਼ੈਸਲੇ ਲੈਣ ਵਾਲੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਜ਼ਰੂਰ ਯਾਦ ਕੀਤਾ ਜਾਵੇਗਾ। ਇਹ ਤਾਰੀਖ ਇਸ ਲਈ ਨਹੀਂ ਕਿ ਇਮਰਾਨ ਖ਼ਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਹਨ ਜਾਂ ਉਨ੍ਹਾਂ ਨੂੰ ਕਿਸੇ ਫਾਇਦੇ ਲਈ ਖ਼ੁਸ਼ ਕੀਤਾ ਜਾਵੇ। ਪਾਕਿਸਤਾਨ ਦੀਆਂ ਤਿੰਨ ਵੱਡੀਆਂ ਸਿਆਸੀ ਧਿਰਾਂ ਉਨ੍ਹਾਂ ਨਾਲ ਨਾਰਾਜ਼ ਹਨ। ਨਵਾਜ਼ ਮੁਸਲਿਮ ਲੀਗ ਦੇ ਸੀਨੀਅਰ ਆਗੂ ਨਵਾਜ਼ ਸ਼ਰੀਫ਼ ਜੇਲ੍ਹ ਵਿਚ ਹਨ, ਉਨ੍ਹਾਂ ਦਾ ਭਰਾ ਸ਼ਾਹਬਾਜ਼ ਸ਼ਰੀਫ਼ ਵੀ ਕਈ ਮੁਕੱਦਮਿਆਂ ਦਾ ਸਾਹਮਣਾ ਕਰ ਰਿਹਾ ਹੈ। ਸ਼ਾਹਬਾਜ਼ ਸ਼ਰੀਫ਼ ਦਾ ਪੁੱਤਰ ਅਤੇ ਲਹਿੰਦੇ ਪੰਜਾਬ ਦੀ ਅਸੈਂਬਲੀ ਵਿਚ ਵਿਰੋਧੀ ਧਿਰ ਦਾ ਆਗੂ ਹਮਜ਼ਾ ਸ਼ਾਹਬਾਜ਼ ਵੀ ਜੇਲ੍ਹ ਵਿਚ ਹੈ।



ਅਤੇ ਨਵਾਜ਼ ਸ਼ਰੀਫ਼ ਦੀ ਬੇਟੀ ਮਰੀਅਮ ਨਵਾਜ਼ ਵੀ ਜੇਲ੍ਹ ਵਿਚ ਹੈ। ਪੀਪਲਜ਼ ਪਾਰਟੀ ਦੇ ਕਰਤਾ-ਧਰਤਾ ਆਸਿਫ਼ ਅਲੀ ਜ਼ਰਦਾਰੀ ਵੀ ਜੇਲ੍ਹ ਵਿਚ ਹਨ। ਉਨ੍ਹਾਂ ਦੀ ਭੈਣ ਫਰਿਆਲ ਤਾਲਪੁਰ ਵੀ ਗ੍ਰਿਫ਼ਤ ਵਿਚ ਹਨ। ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਵੀ ਜੇਲ੍ਹ ਵਿਚ ਹਨ ਭਾਵ ਕਿ ਦੋ ਵੱਡੀਆਂ ਪਾਰਟੀਆਂ ਦੇ ਵੱਡੇ-ਵੱਡੇ ਨੇਤਾ ਜੇਲ੍ਹ ਵਿਚ ਹਨ। ਸੀਰਾਜ-ਉਲ-ਹੱਕ ਦੀ ਜਮਾਤ-ਏ-ਇਸਲਾਮੀ ਤੇ ਮੌਲਾਨਾ ਫਜ਼ਲ-ਉਰ-ਰਹਿਮਾਨ ਦੀ ਜਮਾਇਤ-ਏ-ਉਲਮਾ-ਏ-ਇਸਲਾਮ ਵੀ ਇਮਰਾਨ ਸਰਕਾਰ ਦੀ ਮੁਖਾਲਫ਼ਤ ਕਰ ਰਹੀਆਂ ਹਨ ਪਰ ਸਾਫ਼ ਨਜ਼ਰ ਆ ਰਿਹਾ ਹੈ ਕਿ ਇਮਰਾਨ ਖਾਨ ਨੂੰ ਕਿਸੇ ਵਿਰੋਧੀ ਧਿਰ ਦਾ ਕੋਈ ਖੌਫ਼ ਨਹੀਂ। ਉਹ ਤਾਂ ਤੇਜ਼-ਤਰਾਰ ਗੇਂਦਬਾਜ਼ੀ ਕਰ ਰਹੇ ਹਨ ਤੇ ਵਿਕਟ 'ਤੇ ਵਿਕਟ ਲਈ ਜਾ ਰਹੇ ਹਨ।

ਇਮਰਾਨ ਖਾਨ ਦੀ ਤੇਜ਼ ਗੇਂਦਬਾਜ਼ੀ ਜਾਰੀ ਹੈ। ਅਮਰੀਕਾ ਵਿਚ ਵੀ ਉਨ੍ਹਾਂ ਨੇ ਘੱਟ-ਗਿਣਤੀਆਂ, ਔਰਤ ਸਸ਼ਕਤੀਕਰਨ ਤੇ ਕਸ਼ਮੀਰ ਬਾਰੇ ਗੱਲ ਕੀਤੀ ਤਾਂ ਪਾਕਿਸਤਾਨ ਵਿਚ ਆ ਕੇ ਵੀ ਉਨ੍ਹਾਂ ਨੇ ਇਨ੍ਹਾਂ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ। ਇਸਲਾਮਾਬਾਦ ਵਿਚ ਇਕ ਸਮਾਗਮ ਦੌਰਾਨ ਭਾਸ਼ਨ ਦਿੰਦਿਆਂ ਉਨ੍ਹਾਂ ਨੇ ਸਾਫ਼ ਸ਼ਬਦਾਂ ਵਿਚ ਐਲਾਨ ਕੀਤਾ ਕਿ ਬੀਤੇ ਸਾਲ ਮੈਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਕੰਮ ਦੀ ਸ਼ੁਰੂਆਤ ਕੀਤੀ ਸੀ ਤੇ ਇਸ ਸਾਲ ਭਾਵ ਨਵੰਬਰ 2019 ਵਿਚ ਅਸੀਂ ਕਰਤਾਰਪੁਰ ਲਾਂਘੇ ਨੂੰ ਹਰ ਹਾਲ ਵਿਚ ਖੋਲ੍ਹਣਾ ਹੈ। ਇਕ ਮੁਸਲਿਮ ਹੋਣ ਦੇ ਨਾਤੇ ਸਾਨੂੰ ਮੱਕਾ ਜਾਂ ਮਦੀਨਾ ਜਾਣ ਤੋਂ ਰੋਕਿਆ ਜਾਵੇ ਤਾਂ ਸਾਡੇ 'ਤੇ ਕੀ ਬੀਤੇਗੀ ? ਪਰ 70 ਵਰ੍ਹੇ ਹੋ ਗਏ, ਕਿਸੇ ਨੇ ਨਹੀਂ ਸੋਚਿਆ ਕਿ ਭਾਰਤ ਦਾ ਸਿੱਖ ਭਾਈਚਾਰਾ ਸਿਰਫ ਚੰਦ ਕਿਲੋਮੀਟਰ ਦੇ ਫ਼ਾਸਲੇ 'ਤੇ ਰਹਿੰਦਾ ਹੋਇਆ ਵੀ ਕਰਤਾਰਪੁਰ ਨਹੀਂ ਆ ਸਕਦਾ। ਦੂਰੋਂ ਹੀ ਬਾਬਾ ਗੁਰੂ ਨਾਨਕ ਦੀ ਆਖ਼ਰੀ ਆਰਾਮਗਾਹ

**ਬਾਕੀ ਸਫ਼ਾ 32 'ਤੇ**

# ਭਾਰਤ 'ਚ ਮੋਦੀ ਰਾਜ ਦੌਰਾਨ ਮਨੁੱਖੀ ਅਧਿਕਾਰਾਂ ਦਾ ਘਾਣ

- **ਉੱਚ ਅਧਿਕਾਰੀ ਦੇਣ ਲੱਗੇ ਅਸਤੀਫ਼ੇ**
- **ਸਰਕਾਰੀ ਡੰਡੇ ਨਾਲ ਲੋਕਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ**
- **ਇਤਿਹਾਸਕਾਰ ਰੋਮਿਲਾ ਥਾਪਰ ਨਾਲ ਕੀਤਾ ਜਾਣ ਲੱਗਾ ਵਿਤਕਰਾ**



ਭਾਰਤ ਵਿਚ ਕਸ਼ਮੀਰ ਦੀ ਸਥਿਤੀ ਬਹੁਤ ਵਿਗੜੀ ਹੋਈ ਹੈ। ਕਸ਼ਮੀਰ ਤੋਂ ਇਲਾਵਾ ਮੋਦੀ ਰਾਜ ਦੌਰਾਨ ਮਨੁੱਖੀ ਅਧਿਕਾਰਾਂ ਦਾ ਉਲੰਘਣ ਜਾਰੀ ਹੈ। ਇਨ੍ਹਾਂ ਦਿਨਾਂ ਵਿਚ ਦੋ ਆਈਐੱਸ ਅਧਿਕਾਰੀਆਂ ਨੇ ਅਸਤੀਫ਼ਾ ਦਿੱਤਾ ਹੈ। ਕੁਝ ਦਿਨ ਪਹਿਲਾਂ ਜੰਮੂ-ਕਸ਼ਮੀਰ ਦੇ ਮਸਲੇ ਨੂੰ ਲੈ ਕੇ 2012 ਬੈਚ ਦੇ ਕੰਨਨ ਗੋਪੀਨਾਥਨ ਨੇ ਅਸਤੀਫ਼ਾ ਦਿੱਤਾ ਤੇ ਹੁਣ 2009 ਬੈਚ ਦੇ ਕਰਨਾਟਕ ਦੇ ਆਈਐੱਸ ਅਫ਼ਸਰ ਸ਼ਸ਼ੀਕਾਂਤ ਸੈਂਥਿਲ ਨੇ ਅਸਤੀਫ਼ਾ ਦਿੱਤਾ ਹੈ। ਕੰਨਨ ਗੋਪੀਨਾਥਨ ਨੇ ਆਪਣੇ ਅਸਤੀਫ਼ੇ ਵਿਚ ਜੰਮੂ-ਕਸ਼ਮੀਰ ਦੀ ਸਥਿਤੀ ਬਾਰੇ ਕੀਤੀ ਗਈ ਸਰਕਾਰੀ ਕਾਰਵਾਈ ਦੇ ਵਿਰੁੱਧ ਆਵਾਜ਼ ਉਠਾਉਂਦਿਆਂ ਕਿਹਾ ਸੀ ਕਿ ਜੇ ਸਰਕਾਰ ਨੂੰ ਕੋਈ ਕਾਰਵਾਈ ਕਰਨ ਦਾ ਅਧਿਕਾਰ ਹੈ ਤਾਂ ਲੋਕਾਂ ਨੂੰ ਉਸ ਦਾ ਵਿਰੋਧ ਕਰਨ ਦਾ ਅਧਿਕਾਰ ਹਾਸਲ ਹੈ। ਕੰਨਨ ਅਨੁਸਾਰ ਸਰਕਾਰ ਨੇ ਲੋਕਾਂ ਤੋਂ ਇਹ ਸੰਵਿਧਾਨਕ ਅਧਿਕਾਰ ਖੋਹ ਕੇ ਉਨ੍ਹਾਂ ਨਾਲ ਜ਼ਿਆਦਤੀ ਕੀਤੀ ਹੈ। ਸ਼ਸ਼ੀਕਾਂਤ ਸੈਂਥਿਲ ਨੇ ਆਪਣੇ ਅਸਤੀਫ਼ੇ ਵਿਚ ਲਿਖਿਆ ਹੈ ਕਿ ਇਸ ਸਮੇਂ ਉਸ ਵਾਸਤੇ ਦੇਸ਼ ਵਿਚ ਪ੍ਰਸ਼ਾਸਨਿਕ ਅਧਿਕਾਰੀ ਦੇ ਤੌਰ 'ਤੇ ਕੰਮ ਕਰਨਾ ਸੰਭਵ ਨਹੀਂ ਕਿਉਂਕਿ ਦੇਸ਼ ਵਿਚ ਜਮਹੂਰੀਅਤ ਨੂੰ ਲਤਾੜਿਆ ਜਾ ਰਿਹਾ ਹੈ।

ਇਸ ਵੇਲ਼ੇ ਜਦ ਮਜ਼ਬੂਤ ਹਕੂਮਤ ਦੇ ਬਿਰਤਾਂਤ ਨੂੰ ਦ੍ਰਿੜ੍ਹਾਇਆ ਜਾ ਰਿਹਾ ਹੈ ਤਾਂ ਇਹੋ ਜਿਹੇ ਅਧਿਕਾਰੀਆਂ ਦੇ ਦਿੱਤੇ ਅਸਤੀਫੇ ਮੋਦੀ ਸਰਕਾਰ ਲਈ ਚੈਲਿੰਜ ਹਨ। ਹਜੂਮੀ ਹਿੰਸਾ, ਘੱਟਗਿਣਤੀ ਵਰਗ ਦੇ ਲੋਕਾਂ ਨੂੰ ਨਿਸ਼ਾਨਾ ਬਣਾਏ ਜਾਣਾ, ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਇਆ ਜਾਣਾ ਆਦਿ ਅਜਿਹੇ ਰੁਝਾਨ ਹਨ ਜਿਨ੍ਹਾਂ ਤੋਂ ਦੇਸ਼ ਦੇ ਜਮਹੂਰੀ ਦੇ ਘਾਣ ਦੇ ਸੰਕੇਤ ਮਿਲਦੇ ਹਨ।

## ਇਤਿਹਾਸਕ ਪੁਸਤਕਾਂ 'ਤੇ ਵੀ ਪਾਬੰਦੀ

ਬੰਬੇ ਹਾਈਕੋਰਟ ਦੇ ਜਸਟਿਸ ਸਾਰੰਗ ਕੋਟਵਾਲ ਵੱਲੋਂ 'ਯੁੱਧ ਅਤੇ ਸ਼ਾਤੀ ਨੂੰ ਲੈ ਕੇ ਆਪਣੀ ਟਿੱਪਣੀ ਬਾਰੇ ਸਪੱਸ਼ਟ ਕਰਨ ਤੋਂ ਬਾਅਦ ਵਿਵਾਦ 'ਖ਼ਤਮ ਹੋ ਗਿਆ। 'ਯੁੱਧ ਅਤੇ ਸ਼ਾਂਤੀ ਸੰਸਾਰ ਪ੍ਰਸਿੱਧ ਲੇਖਕ ਟਾਲਸਟਾਏ ਦਾ ਨਾਵਲ ਹੋਣ ਕਾਰਨ ਅਦਾਲਤੀ ਟਿੱਪਣੀ ਉੱਪਰ ਸਵਾਲ ਉੱਠੇ ਸਨ। ਸਪੱਸ਼ਟੀਕਰਨ ਇਹ ਆਇਆ ਕਿ ਟਿੱਪਣੀ ਟਾਲਸਟਾਏ ਦੀ ਕਿਤਾਬ ਬਾਰੇ ਨਹੀਂ ਬਲਕਿ ਇਸੇ ਨਾਂ ਦੀ ਬਿਸ਼ਵਜੀਤ ਰਾਏ ਦੀ ਕਿਤਾਬ ਬਾਰੇ ਕੀਤੀ ਗਈ ਸੀ ਲੇਕਿਨ ਸਵਾਲ ਦਾ ਅਗਲਾ ਹਿੱਸਾ ਅਜੇ ਵੀ ਹੱਲ ਨਹੀਂ ਹੋਇਆ ਹੈ ਜੋ ਪ੍ਰੋਫੈਸਰ ਵਰਨੋਨ ਗੋਂਸਾਲਵਜ਼ ਕੋਲ ਬੇਗਾਨੇ ਮੁਲਕ ਦੇ ਯੁੱਧ ਬਾਰੇ ਕਿਤਾਬ ਹੋਣ ਬਾਬਤ ਸੀ।

ਦਰਅਸਲ ਸਵਾਲ ਕਿਸੇ ਮਸ਼ਹੂਰ ਕਿਤਾਬ ਦਾ ਨਹੀਂ ਬਲਕਿ ਵਿਚਾਰਾਂ ਦੀ ਆਜ਼ਾਦੀ ਦਾ ਹੈ। ਕਿਤਾਬ ਟਾਲਸਟਾਏ ਦੀ ਹੋਵੇ ਜਾਂ ਬਿਸ਼ਵਜੀਤ ਰਾਏ ਦੀ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਕਿਸੇ ਸ਼ਖ਼ਸ ਨੇ ਕਿਹੜੀ ਕਿਤਾਬ ਪੜ੍ਹਨੀ ਅਤੇ ਖ਼ਰੀਦ ਕੇ ਆਪਣੀ ਲਾਇਬ੍ਰੇਰੀ ਵਿਚ ਰੱਖਣੀ ਹੈ, ਇਹ ਉਸ ਦਾ ਨਿੱਜੀ ਮਾਮਲਾ ਹੈ। ਇਸ ਬਾਰੇ ਅਦਾਲਤ ਜਾਂ ਸਰਕਾਰੀ ਮਸ਼ੀਨਰੀ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਲੋਕਾਂ ਦੀ ਅਜ਼ਾਦੀ ਵਿਚ ਦਖਲ ਦੇਵੇ। ਮੋਦੀ ਸਰਕਾਰ ਸਮਾਜ ਵਿਚ ਜਾਤਪਾਤੀ ਅਤੇ ਫਿਰਕੂ ਨਫ਼ਰਤ ਫੈਲਾਉਣ ਵਾਲਿਆਂ ਦੇ ਬੁੱਤ ਲਗਾ ਕੇ ਤੇ ਉਨ੍ਹਾਂ ਦੀਆਂ ਪੁਸਤਕਾਂ ਨੂੰ ਚਮਕਾ ਕੇ ਉਨ੍ਹਾਂ ਨੂੰ ਕੌਮੀ ਨਾਇਕ ਦਸ ਰਹੀ ਹੈ, ਜਦ ਕਿ ਰੌਸ਼ਨਖ਼ਿਆਲ ਲੋਕਾਂ ਦੀਆਂ ਨਿੱਜੀ ਲਾਇਬ੍ਰੇਰੀਆਂ ਫਰੋਲ ਕੇ ਰਾਜਧ੍ਰੋਹ ਦੇ ਸਬੂਤ ਲੱਭੇ ਜਾ ਰਹੇ ਹਨ। ਪਿਛਲੇ ਸਾਲ 28 ਅਗਸਤ ਨੂੰ ਪੂਨੇ ਪੁਲੀਸ ਨੇ ਨੌਂ ਨਾਮਵਰ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲੀਸ ਦੀ ਕਹਾਣੀ ਅਨੁਸਾਰ, ਉਹ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੀ ਯੋਜਨਾ ਤਹਿਤ 31 ਦਸੰਬਰ 2017 ਨੂੰ ਭੀਮਾ-ਕੋਰੇਗਾ ਵਿਚ ਹਿੰਸਾ ਭੜਕਾਉਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਵਾਲੇ 'ਸ਼ਹਿਰੀ ਨਕਸਲੀ' ਹਨ। ਉਨ੍ਹਾਂ ਉੱਪਰ ਸਟੇਟ ਖਿਲ਼ਾਫ਼ ਜੰਗ ਛੇੜਨ ਅਤੇ ਜੰਗ ਦੀ ਸਾਜ਼ਿਸ਼ ਰਚਣ ਬਾਬਤ ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ ਅਤੇ ਗ਼ੈਰ ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂਏਪੀਏ) ਲਗਾਏ ਜਾਣ ਕਾਰਨ ਉਹ ਪਿਛਲੇ ਇਕ ਸਾਲ ਤੋਂ ਜੇਲ੍ਹ ਵਿਚ ਬੰਦ ਹਨ।

ਪੂਨੇ ਪੁਲੀਸ ਨੇ ਪ੍ਰੋਫੈਸਰ ਵਰਨੋਨ ਦੇ ਘਰੋਂ ਬਰਾਮਦ ਹੋਈ 'ਇਤਰਾਜ਼ਯੋਗ ਸਮੱਗਰੀ ਦੀ ਜੋ ਸੂਚੀ ਅਦਾਲਤ ਵਿਚ ਪੇਸ਼ ਕੀਤੀ ਹੈ, ਉਸ ਵਿਚ 'ਯੁੱਧ ਅਤੇ ਸ਼ਾਤੀ' ਅਤੇ 'ਮਾਓਵਾਦੀਆਂ' ਨੂੰ ਸਮਝਦਿਆਂ ਨਾਂ ਦੀਆਂ ਕਿਤਾਬਾਂ, ਦਲਿਤ ਸੰਗੀਤ ਮੰਡਲੀ ਕਬੀਰ ਕਲਾ ਮੰਚ ਦੀ ਸੀਡੀ, ਆਨੰਦ ਪਟਵਰਧਨ ਦੀ ਮਸ਼ਹੂਰ ਦਸਤਾਵੇਜ਼ੀ ਫਿਲਮ 'ਜੈ ਭੀਮ ਕਾਮਰੇਡ", ਆਨਲਾਈਨ 'ਮਾਰਕਸਿਸਟ ਆਰਕਾਈਵ' ਦੀ ਸੀਡੀ ਵਗੈਰਾ ਸ਼ਾਮਲ ਹਨ। ਜੱਜ ਨੇ ਵਰਨੋਨ ਗੋਂਸਾਲਵਜ਼ ਨੂੰ ਸਵਾਲ ਕੀਤਾ ਕਿ ਉਸ ਦੇ ਘਰੋਂ ਮਿਲੀ 'ਇਤਰਾਜ਼ਯੋਗ ਸਮੱਗਰੀ ਵਿਚੋਂ ਸੀਡੀ 'ਰਾਜਯਾ ਦਮਨ ਵਿਰੋਧੀ ਦਾ ਸਿਰਲੇਖ ਹੀ ਦਰਸਾਉਂਦਾ ਹੈ ਕਿ ਇਹ ਸਟੇਟ ਖਿਲ਼ਾਫ਼ ਕੁਝ ਹੈ ਜਦ ਕਿ 'ਵਾਰ ਐਂਡ ਪੀਸ ਹੋਰ ਮੁਲਕਾਂ ਦੇ ਯੁੱਧ ਬਾਰੇ ਹੈ; ਤੂੰ ਇਹ ਇਤਰਾਜ਼ਯੋਗ ਸਮੱਗਰੀ ਜਿਵੇਂ 'ਵਾਰ ਐਂਡ ਪੀਸ, ਅਜਿਹੀਆਂ ਕਿਤਾਬਾਂ ਤੇ ਸੀਡੀਜ਼ ਘਰ ਵਿਚ ਕਿਉਂ ਰੱਖੀਆਂ ? ਤੈਨੂੰ ਇਹ ਅਦਾਲਤ ਨੂੰ ਦੱਸਣਾ ਪਵੇਗਾ।

ਜੇ ਇਹ ਮੰਨ ਵੀ ਲਿਆ ਜਾਵੇ ਕਿ ਜਸਟਿਸ ਕੋਟਵਾਲ ਸੀਨੀਅਰ ਪੱਤਰਕਾਰ ਬਿਸ਼ਵਜੀਤ ਰਾਏ ਦੀ ਸੰਪਾਦਤ ਕਿਤਾਬ 'ਯੁੱਧ ਅਤੇ ਸ਼ਾਤੀ' ਦਾ ਜ਼ਿਕਰ ਕਰ ਰਹੇ ਸਨ ਜੋ ਦਰਅਸਲ ਮਰਹੂਮ ਮਹਾਸ਼ਵੇਤਾ ਦੇਵੀ ਸਮੇਤ ਵੱਖ ਵੱਖ ਬੁੱਧੀਜੀਵੀਆਂ ਵੱਲੋਂ ਪੱਛਮੀ ਬੰਗਾਲ ਦੇ ਇਲਾਕੇ ਜੰਗਲ ਮਹੱਲ ਵਿਚ ਉੱਠੀ ਲਾਲਗੜ੍ਹ ਬਗ਼ਾਵਤ ਦੇ ਪ੍ਰਸੰਗ ਵਿਚ ਸਰਕਾਰ ਅਤੇ ਮਾਓਵਾਦੀਆਂ ਦਰਮਿਆਨ ਚੱਲੀ ਸ਼ਾਂਤੀ ਵਾਰਤਾ ਬਾਰੇ ਲੇਖਾਂ ਦਾ ਸੰਗ੍ਰਹਿ ਹੈ, ਫਿਰ ਵੀ ਇਹ ਸਵਾਲ ਅਦਾਲਤ ਦੇ ਘੇਰੇ ਵਿਚ ਨਹੀਂ ਆਉਂਦੇ, ਕਿਉਂਕਿ ਸੰਵਿਧਾਨ ਮਨੁੱਖੀ ਅਜ਼ਾਦੀ ਨੂੰ ਪ੍ਰਮੁਖ ਮੰਨਦਾ ਹੈ।

ਬਿਸ਼ਵਜੀਤ ਰਾਏ ਦੀ ਕਿਤਾਬ ਅਤੇ ਉਸ ਦੇ ਘਰੋਂ ਬਰਾਮਦ ਕੀਤੀ ਹੋਰ ਸਮੱਗਰੀ ਉੱਪਰ ਕਦੇ ਵੀ ਪਾਬੰਦੀ ਨਹੀਂ ਲਗਾਈ ਗਈ। ਇਸ ਸੂਰਤ ਵਿਚ ਇਹ ਗ਼ੈਰ ਕਾਨੂੰਨੀ ਕਿਵੇਂ ਹੋਈ ?

ਹੁਣੇ ਜਿਹੇ ਮਹਾਂਰਾਸ਼ਟਰ ਪੁਲੀਸ ਨੇ ਨਾਗਪੁਰ ਵਿਚ ਗ੍ਰਿਫ਼ਤਾਰ ਕੀਤੇ ਕਾਰਕੁਨਾਂ ਕੋਲੋਂ ਜੋ 'ਪਾਬੰਦੀਸ਼ੁਦਾ ਸਾਹਿਤ ਬਰਾਮਦ ਦਿਖਾਇਆ ਹੈ, ਉਸ ਵਿਚ ਡਾ. ਅੰਬੇਡਕਰ ਦੀਆਂ ਲਿਖਤਾਂ ਅਤੇ ਸ਼ਹੀਦ ਭਗਤ ਸਿੰਘ ਬਾਰੇ ਪੈਂਫਲਿਟ ਸ਼ਾਮਲ ਸਨ। ਪੰਜਾਬ ਵਿਚ ਮਜ਼ਦੂਰ ਆਗੂ ਸੰਜੀਵ ਮਿੰਟੂ ਦੀ ਗ੍ਰਿਫ਼ਤਾਰੀ ਸਮੇਂ ਉਸ ਕੋਲੋਂ ਬਰਾਮਦ ਕੀਤੇ 'ਪਾਬੰਦੀਸ਼ੁਦਾ ਸਾਹਿਤ ਵਿਚ ਨਾਨਕ ਸਿੰਘ ਦਾ ਮਸ਼ਹੂਰ ਨਾਵਲ 'ਇਕ ਮਿਆਨ ਦੋ ਤਲਵਾਰਾਂ ਅਤੇ ਤਰਕਸ਼ੀਲ ਕਿਤਾਬਾਂ ਸ਼ਾਮਲ ਸਨ।

ਪਿਛਲੇ ਸਾਲ ਗ੍ਰਿਫ਼ਤਾਰੀਆਂ ਦੌਰਾਨ ਪੁਲੀਸ ਅਧਿਕਾਰੀਆਂ ਦੀ ਸੋਚ ਦਾ ਇਕ ਹੋਰ ਪਾਸਾ ਵੀ ਸਾਹਮਣੇ ਆਇਆ ਸੀ। ਪ੍ਰੋਫੈਸਰ ਵਰਵਰਾ ਰਾਓ ਨੂੰ ਗ੍ਰਿਫ਼ਤਾਰ ਕਰਨ ਸਮੇਂ ਉਸ ਦੀਆਂ ਧੀ ਪਵਨ ਦੇ ਘਰ ਦੀ ਤਲਾਸ਼ੀ ਵੀ ਲਈ ਗਈ ਜੋ ਹੈਦਰਾਬਾਦ ਯੂਨੀਵਰਸਿਟੀ ਵਿਚ ਵਿਦੇਸ਼ੀ ਅਤੇ ਅੰਗਰੇਜ਼ੀ ਜ਼ੁਬਾਨਾਂ ਦੇ ਪ੍ਰੋਫੈਸਰ ਸੱਤਿਆ ਨਰਾਇਣ ਦੀ ਪਤਨੀ ਹੈ। ਤਲਾਸ਼ੀ ਦੌਰਾਨ ਪੁਲੀਸ ਅਧਿਕਾਰੀਆਂ ਨੇ ਦਲਿਤ ਚਿੰਤਕ ਪ੍ਰੋਫੈਸਰ ਨੂੰ ਪੁੱਛਿਆ: 'ਤੇਰੇ ਘਰ ਐਨੀਆਂ ਕਿਤਾਬਾਂ ਕਿਉਂ ਹਨ ? ਤੂੰ ਐਨੀਆਂ ਕਿਤਾਬਾਂ ਕਿਉਂ ਪੜ੍ਹਦਾ ਏਂ ? ਮਾਓ ਅਤੇ ਮਾਰਕਸ ਉੱਪਰ ਕਿਤਾਬਾਂ ਕਿਉਂ ਪੜ੍ਹਦਾ ਏਂ ? ਤੇਰੇ ਘਰ ਵਿਚ ਜੋਤੀਬਾ ਫੂਲੇ ਅਤੇ ਅੰਬੇਡਕਰ ਦੀਆਂ ਤਸਵੀਰਾਂ ਕਿਉਂ ਹਨ ? ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਕਿਉਂ ਨਹੀਂ ? ਇਸ ਤੋਂ ਜ਼ਾਹਿਰ ਹੈ ਕਿ ਮੋਦੀ ਰਾਜ ਦੌਰਾਨ ਪੁਲੀਸ ਵੀ ਫਿਰਕੂ ਬਣਾ ਦਿੱਤੀ ਗਈ ਹੈ। ਹੁਣੇ ਜਿਹੇ ਵਿਸ਼ੇਸ਼ ਏਜੰਸੀ ਐੱਨਆਈਏ ਨੇ ਦਿਲ ਦੇ ਰੋਗਾਂ ਦੇ ਉੱਚ ਕੋਟੀ ਦੇ ਮਾਹਿਰ ਡਾ. ਉਪੇਂਦਰ ਕੌਲ (ਚੇਅਰਮੈਨ ਬਤਰਾ ਹਸਪਤਾਲ, ਦਿੱਲੀ) ਦੀ ਮੈਡੀਕਲ ਸ਼ਬਦਾਵਲੀ ਵਾਲੇ ਸਾਧਾਰਨ ਟੈਕਸਟ ਮੈਸੇਜ ਨੂੰ ਦਹਿਸ਼ਤੀ ਫੰਡਾਂ ਨਾਲ ਜੋੜ ਲਿਆ। ਤਿਹਾੜ ਜੇਲ੍ਹ ਵਿਚ ਬੰਦ ਕਸ਼ਮੀਰੀ ਆਗੂ ਯਾਸਿਨ ਮਲਿਕ ਡਾ. ਕੌਲ ਦੇ ਮਰੀਜ਼ ਹਨ। ਯਾਸਿਨ ਮਲਿਕ ਅਤੇ ਡਾ. ਕੌਲ ਦਰਮਿਆਨ ਬਲੱਡ ਟੈਸਟਾਂ ਦੀ ਰਿਪੋਰਟ ਬਾਬਤ ਟੈਕਸਟ ਮੈਸੇਜ ਦਾ ਆਦਾਨ-ਪ੍ਰਦਾਨ ਹੋਇਆ। ਇਕ ਟੈਕਸਟ ਮੈਸੇਜ ਵਿਚ 'ਆਈਐੱਨਆਰ 2.78 ਲਿਖਿਆ ਗਿਆ ਸੀ। ਬਲੱਡ ਰਿਪੋਰਟ ਦੇ ਪ੍ਰਸੰਗ ਵਿਚ ਇਸਤੇਮਾਲ ਕੀਤੀ ਜਾਂਦੀ ਇਸ ਮੈਡੀਕਲ ਟਰਮ ਦਾ ਭਾਵ ਹੈ- ਇੰਟਰਨੈਸ਼ਨਲਾਈਜ਼ਡ ਰੇਸ਼ੋ; ਲੇਕਿਨ ਜਾਂਚ ਏਜੰਸੀ ਦੇ 'ਮਾਹਿਰਾਂ' ਨੇ ਇਸ ਨੂੰ ਦਹਿਸ਼ਤੀ ਫੰਡਾਂ ਦੇ ਤੌਰ ਤੇ ਇਸ ਤਰ੍ਹਾਂ ਡੀਕੋਡ ਕੀਤਾ: 'ਭਾਰਤੀ ਕਰੰਸੀ ਵਿਚ 2.78 ਕਰੋੜ ਰੁਪਏ ਦੀ ਹਵਾਲਾ ਰਕਮ।

ਕੌਮੀ ਜਾਂਚ ਏਜੰਸੀ ਜਾਣ ਬੁਝ ਕੇ ਡਾ. ਕੌਲ ਨੂੰ ਪ੍ਰੇਸ਼ਾਨ ਕਰ ਰਹੀ ਹੈ, ਕਿਉਂਕਿ ਥੋੜ੍ਹੇ ਦਿਨ ਪਹਿਲਾਂ ਹੀ ਉਨ੍ਹਾਂ ਨੇ ਐੱਨਡੀਟੀਵੀ ਉੱਪਰ ਬਹਿਸ ਵਿਚ ਸ਼ਾਮਲ ਹੋ ਕੇ ਜੰਮੂ ਕਸ਼ਮੀਰ ਦੇ ਹਾਲਾਤ ਬਾਰੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਸੀ। ਇਸ ਤੋਂ ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਵਿਰੋਧੀਆਂ, ਘੱਟ ਗਿਣਤੀਆਂ ਨੂੰ ਸਟੇਟ ਦੇ ਡੰਡੇ ਨਾਲ ਦਬਾਇਆ ਜਾ ਰਿਹਾ ਹੈ।

## ਰੋਮਿਲਾ ਥਾਪਰ ਨਾਲ ਧੱਕਾ-

ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨੇ ਇਤਿਹਾਸਕਾਰ ਰੋਮਿਲਾ ਥਾਪਰ ਨੂੰ ਪਿਛਲੇ ਸਾਲਾਂ ਵਿਚ ਉਸ ਦੁਆਰਾ ਇਤਿਹਾਸ ਦੇ ਖੇਤਰ ਵਿਚ ਕੀਤੇ ਗਏ ਕੰਮ ਦੇ ਵੇਰਵੇ ਦੇਣ ਲਈ ਕਿਹਾ ਹੈ। ਰੋਮਿਲਾ ਥਾਪਰ ਨੇ 1970 ਤੋਂ 1991 ਤੱਕ ਇਸ ਯੂਨੀਵਰਸਿਟੀ ਵਿਚ ਇਤਿਹਾਸ ਪੜ੍ਹਾਇਆ ਅਤੇ 1993 ਵਿਚ ਉਸ ਨੂੰ ਪ੍ਰੋਫ਼ੈਸਰ ਐਮੀਰੀਟਸ ਦਾ ਅਹੁਦਾ ਦਿੱਤਾ ਗਿਆ। ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰਮੋਦ ਕੁਮਾਰ ਨੇ ਰੋਮਿਲਾ ਥਾਪਰ ਨੂੰ ਇਹ ਵੇਰਵੇ ਇਸ ਲਈ ਭੇਜਣ ਲਈ ਕਿਹਾ ਹੈ, ਕਿਉਂਕਿ ਯੂਨੀਵਰਸਿਟੀ ਨੇ ਇਕ ਕਮੇਟੀ ਬਣਾਈ ਹੈ ਜੋ ਉਸ ਦੁਆਰਾ ਕੀਤੀ ਗਈ ਇਤਿਹਾਸਕਾਰੀ ਦਾ ਮੁਲੰਕਣ ਕਰਕੇ ਇਹ ਫ਼ੈਸਲਾ ਕਰੇਗੀ ਕਿ ਯੂਨੀਵਰਸਿਟੀ ਵੱਲੋਂ ਉਹਦੀ ਪ੍ਰੋਫ਼ੈਸਰ ਐਮੀਰੀਟਸ ਵਜੋਂ ਮਿਆਦ ਵਧਾਈ ਜਾਣੀ ਚਾਹੀਦੀ ਹੈ ਜਾਂ ਨਹੀਂ।



ਪ੍ਰੋਫ਼ੈਸਰ ਐਮੀਰੀਟਸ ਦਾ ਅਹੁਦਾ ਉਨ੍ਹਾਂ ਉੱਘੇ ਵਿਦਵਾਨਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਆਪਣੇ ਖੇਤਰ ਵਿਚ ਮੌਲਿਕ ਕੰਮ ਕੀਤਾ ਹੋਵੇ। ਇਹ ਅਹੁਦਾ ਸਾਰੀ ਉਮਰ ਲਈ ਦਿੱਤਾ ਜਾਂਦਾ ਹੈ ਅਤੇ ਇਸ ਅਹੁਦੇ ਕਾਰਨ ਸਬੰਧਿਤ ਵਿਦਵਾਨ ਨੂੰ ਕੋਈ ਤਨਖ਼ਾਹ ਜਾਂ ਮਾਇਕ ਸਹਾਇਤਾ ਨਹੀਂ ਮਿਲਦੀ। ਯੂਨੀਵਰਸਿਟੀ ਉਸ ਵਿਦਵਾਨ ਨੂੰ ਸਿਰਫ਼ ਇਕ ਕਮਰਾ ਦਿੰਦੀ ਹੈ ਤੇ ਉਸ ਨੂੰ ਕਦੇ ਕਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਅਤੇ ਖੋਜ ਵਿਚ ਸਹਾਇਤਾ ਕਰਨ ਲਈ ਕਿਹਾ ਜਾਂਦਾ ਹੈ।

ਰੋਮਿਲਾ ਥਾਪਰ ਦੇਸ਼ ਦੇ ਹੁਣ ਤੱਕ ਹੋਏ ਸਭ ਤੋਂ ਵੱਡੇ ਇਤਿਹਾਸਕਾਰਾਂ ਵਿਚੋਂ ਹੈ। ਉਸ ਨੇ ਹਿੰਦੋਸਤਾਨ ਦੇ ਪੁਰਾਤਨ ਇਤਿਹਾਸ ਬਾਰੇ ਮੌਲਿਕ ਕੰਮ ਕੀਤਾ ਹੈ। ਉਸ ਨੇ ਦੋ ਵਾਰ (1992 ਤੇ 2005) ਵਿਚ ਪਦਮ ਭੂਸ਼ਨ ਲੈਣ ਤੋਂ ਇਨਕਾਰ ਕੀਤਾ। ਉਸ ਨੂੰ ਹਿੰਦੋਸਤਾਨ, ਯੂਰੋਪ ਅਤੇ ਅਮਰੀਕਾ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਨੇ ਆਨਰੇਰੀ ਡਾਕਟਰੇਟ ਦੀਆਂ ਡਿਗਰੀਆਂ ਦਿੱਤੀਆਂ ਹਨ। ਉਸਦੇ ਬਹੁਤ ਸਾਰੇ ਵਿਦਿਆਰਥੀ ਉੱਘੇ ਇਤਿਹਾਸਕਾਰ ਬਣੇ ਹਨ। ਅਜਿਹੀ ਉੱਘੀ ਵਿਦਵਾਨ ਤੋਂ ਉਸ ਦੇ ਕੀਤੇ ਖੋਜ ਕਾਰਜ ਸਬੰਧੀ ਪੁੱਛਣਾ ਕੁਫ਼ਰ ਹੈ। ਅਸਲ ਵਿਚ ਮੋਦੀ ਰਾਜ ਦੌਰਾਨ ਹਿੰਦੂਵਾਦੀ ਰਾਸ਼ਟਰਵਾਦ ਦਾ ਵਿਰੋਧ ਕਰਨ ਵਾਲੇ ਲੇਖਕਾਂ ਤੇ ਇਤਿਹਾਸਕਾਰਾਂ ਨੂੰ ਸਟੇਟ ਦੇ ਡੰਡੇ ਨਾਲ ਦਬਾਇਆ ਜਾ ਰਿਹਾ ਹੈ।

## ਸ਼ੇਹਲਾ ਰਸ਼ੀਦ ਖ਼ਿਲਾਫ਼ ਦੇਸ਼ ਧ੍ਰੋਹ ਦਾ ਮਾਮਲਾ ਦਰਜ -

ਜੇ.ਐਨ.ਯੂ. ਦੀ ਸਾਬਕਾ ਵਿਦਿਆਰਥੀ ਨੇਤਾ ਸ਼ੇਹਲਾ ਰਸ਼ੀਦ ਖ਼ਿਲਾਫ਼ ਦਿੱਲੀ ਪੁਲਿਸ ਵਲੋਂ ਦੇਸ਼-ਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਹੈ। ਸ਼ੇਹਲਾ ਰਸ਼ੀਦ ਨੇ 17 ਅਗਸਤ ਨੂੰ ਉਪਰੋ-ਥਲੀ ਕਈ ਟਵੀਟ ਕਰਦਿਆਂ ਸੈਨਾ 'ਤੇ ਕਈ ਗੰਭੀਰ ਦੋਸ਼ ਲਗਾਉਂਦਿਆ ਕਿਹਾ ਸੀ ਕਿ ਹਥਿਆਰਬੰਦ ਸੈਨਿਕ ਕਸ਼ਮੀਰ ਵਿਚ ਰਾਤ ਸਮੇਂ ਜ਼ਬਰਦਸਤੀ ਘਰਾਂ ਵਿਚ ਦਾਖ਼ਲ ਹੋ ਕੇ ਲੋਕਾਂ ਨਾਲ ਖਿੱਚ-ਧੂਹ ਕਰ ਰਹੇ ਹਨ ਅਤੇ ਸ਼ੋਪੀਆਂ ਵਿਚ 4 ਲੋਕਾਂ ਨੂੰ ਸੈਨਾ ਕੈਂਪ ਲਿਜਾ ਕੇ ਪੁੱਛਗਿੱਛ ਕਰਨ ਦੇ ਨਾਂਅ 'ਤੇ ਉਨ੍ਹਾਂ ਨਾਲ ਮਾਰਕੁੱਟ ਕੀਤੀ ਗਈ ਹੈ। ਭਾਰਤੀ ਸੈਨਾ ਵਲੋਂ ਇਨ੍ਹਾਂ ਸਭ ਦੋਸ਼ਾਂ ਨੂੰ ਝੂਠਾ ਕਰਾਰ ਦੇਣ ਬਾਅਦ ਸੁਪਰੀਮ ਕੋਰਟ ਦੇ ਵਕੀਲ ਅਲਖ ਅਲੋਕ ਸ੍ਰੀਵਾਸਤਵ ਨੇ ਦਿੱਲੀ ਪੁਲਿਸ ਕਮਿਸ਼ਨਰ ਅਮੁੱਲਿਆ ਪਟਨਾਇਕ ਕੋਲ ਸ਼ੇਹਲਾ ਰਸ਼ੀਦ ਖ਼ਿਲਾਫ਼ ਪੂਰੀ ਤਰ੍ਹਾਂ ਝੂਠੇ ਤੇ ਮਨਘੜਤ ਦੋਸ਼ ਲਗਾਉਣ ਦੀ ਸ਼ਿਕਾਇਤ ਕੀਤੀ ਸੀ। ਜਿਸ ਤੋਂ ਬਾਅਦ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਵਲੋਂ ਇਸ ਮਾਮਲੇ ਦੀ ਜਾਂਚ ਕਰਨ ਉਪਰੰਤ ਸ਼ੇਹਲਾ ਰਸ਼ੀਦ ਖ਼ਿਲਾਫ਼ ਦੇਸ਼-ਧ੍ਰੋਹ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸ਼ੇਹਲਾ ਰਸ਼ੀਦ ਸਾਬਕਾ ਆਈ.ਏ.ਐਸ. ਅਧਿਕਾਰੀ ਸ਼ਾਹ ਫੈਸਲ ਵਲੋਂ ਬਣਾਈ ਜੰਮੂ-ਕਸ਼ਮੀਰ ਪੀਪਲਜ਼ ਮੂਵਮੈਂਟ ਪਾਰਟੀ ਵਿਚ ਸ਼ਾਮਿਲ ਹੋ ਚੁੱਕੀ ਹੈ। ਦੂਜੇ ਪਾਸੇ ਜੇ.ਕੇ.ਪੀ.ਐਮ. ਦੀ ਨੇਤਾ ਸ਼ੇਹਲਾ ਰਸ਼ੀਦ ਦਾ ਕਹਿਣਾ ਹੈ ਕਿ ਉਸ ਖ਼ਿਲਾਫ਼ ਦਿੱਲੀ ਪੁਲਿਸ ਵਲੋਂ ਦਾਇਰ ਕੀਤਾ ਗਿਆ ਦੇਸ਼-ਧ੍ਰੋਹ ਦਾ ਮਾਮਲਾ ਰਾਜਨੀਤੀ ਤੋਂ ਪ੍ਰੇਰਿਤ 'ਹੋਛੀ' ਤੇ 'ਅਫ਼ਸੋਸਨਾਕ' ਕਾਰਵਾਈ ਹੈ।



## ਉੱਤਰ-ਪੂਰਬੀ ਰਾਜਾਂ ਦੀ ਧਾਰਾ 371 ਨੂੰ ਨਹੀਂ ਛੇੜੇਗੀ ਮੋਦੀ ਸਰਕਾਰ

**ਗੁਹਾਟੀ/ਏਟੀ ਨਿਊਜ਼ :** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਕੇਂਦਰ ਸਰਕਾਰ ਧਾਰਾ 371 ਨੂੰ ਨਹੀਂ ਛੇੜੇਗੀ, ਜਿਹੜੀ ਉੱਤਰ-ਪੂਰਬੀ ਰਾਜਾਂ ਨੂੰ ਵਿਸ਼ੇਸ਼ ਅਧਿਕਾਰ ਦਿੰਦੀ ਹੈ। ਉਨ੍ਹਾਂ ਉੱਤਰ-ਪੂਰਬੀ ਕੌਂਸਲ ਦੇ 68ਵੇਂ ਪਲੈਨਰੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੰਦੀ ਧਾਰਾ 370 ਆਰਜ਼ੀ ਨੌਈਅਤ ਦੀ ਸੀ, ਪਰ ਧਾਰਾ 371 ਉੱਤਰ-ਪੂਰਬੀ ਰਾਜਾਂ ਲਈ ਵਿਸ਼ੇਸ਼ ਵਿਵਸਥਾਵਾਂ ਨਾਲ ਸੰਬੰਧਤ ਹੈ। ਦੋਹਾਂ ਧਾਰਾਵਾਂ ਵਿਚਾਲੇ ਬਹੁਤ ਫਰਕ ਹੈ। ਉਨ੍ਹਾ ਕਿਹਾ ਕਿ ਧਾਰਾ 370 ਖਤਮ ਕਰਨ ਦੇ ਬਾਅਦ ਉੱਤਰ-ਪੂਰਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਧਾਰਾ 371 ਵੀ ਖਤਮ ਦਿੱਤੀ ਜਾਵੇਗੀ। ਸ਼ਾਹ ਨੇ ਕਿਹਾ ਕਿ ਮੈਂ ਪਾਰਲੀਮੈਂਟ ਵਿਚ ਸਾਫ ਕੀਤਾ ਸੀ ਕਿ ਅਜਿਹਾ ਨਹੀਂ ਹੋਵੇਗਾ।

## ਕਸ਼ਮੀਰ ਵਿਚ ਫ਼ੌਜੀ ਸਖ਼ਤਾਈ ਜਾਰੀ

**ਸ੍ਰੀਨਗਰ/ਏਟੀ ਨਿਊਜ਼ :** ਮੁਹੱਰਮ ਦੇ ਜਲੂਸ ਰੋਕਣ ਲਈ ਸ੍ਰੀਨਗਰ ਸਮੇਤ ਕਸ਼ਮੀਰ ਵਾਦੀ ਦੇ ਕਈ ਹਿੱਸਿਆਂ ਵਿਚ ਐਤਵਾਰ ਤੋਂ ਹੋਰ ਫੌਜੀ ਸਖਤਾਈ ਲਾਗੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਨੂੰ ਡਰ ਹੈ ਕਿ ਜਲੂਸਾਂ ਦੌਰਾਨ ਹਿੰਸਾ ਹੋ ਸਕਦੀ ਹੈ। ਸ੍ਰੀਨਗਰ ਦੇ ਲਾਲ ਚੌਕ ਨੂੰ ਕੰਡਿਆਲੀ ਤਾਰ ਨਾਲ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ। ਇਲਾਜ ਲਈ ਹੀ ਲੋਕਾਂ ਨੂੰ ਲੰਘਣ ਦਿੱਤਾ ਜਾਵੇਗਾ।

## ਖਾਲਿਸਤਾਨ ਪੱਖੀ ਸਰਗਰਮੀਆਂ ਕਰਨ ਦੇ ਦੋਸ਼ 'ਚ ਪੰਜਾਬ ਪੁਲੀਸ ਵਲੋਂ ਦੋ ਸਿੰਘ ਗ੍ਰਿਫ਼ਤਾਰ

**ਸਰਦੂਲਗੜ੍ਹ/ਏਟੀ ਨਿਊਜ਼ :**

ਖਾਲਿਸਤਾਨ ਦੇ ਪੱਖ ਵਿਚ ਸਰਗਮੀਆਂ ਭਖਾਉਣ ਦੇ ਦੋਸ਼ ਹੇਠ ਪੁਲੀਸ ਨੇ ਸਰਦੂਲਗੜ੍ਹ ਹਲਕੇ ਵਿਚ ਦੋ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਸਰਦੂਲਗੜ੍ਹ ਦੇ ਮੁਖੀ ਸੰਦੀਪ ਭਾਟੀ ਨੇ ਦੱਸਿਆ ਕਿ ਸ਼ਹਿਰ ਵਿੱਚ ਰਾਇਸ਼ੁਮਾਰੀ-2020 ਸਬੰਧੀ ਆਨਲਾਈਨ ਫਾਰਮ ਭਰਨ ਦਾ ਕੰਮ ਕਰ ਰਹੇ ਕੁਲਦੀਪ ਸਿੰਘ ਵਾਸੀ ਮੀਰਪੁਰ ਕਲਾਂ ਅਤੇ ਰਾਜਵਿੰਦਰ ਸਿੰਘ ਵਾਸੀ ਟਿੱਬੀ ਹਰੀ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਅਕਤੀਆਂ ਦਾ ਵਿਦੇਸ਼ਾਂ ਵਿਚ ਵੀ ਤਾਲਮੇਲ ਹੈ। ਇਹ ਵਿਅਕਤੀ ਸ਼ਹਿਰ ਦਾ ਮਾਹੌਲ ਖ਼ਰਾਬ ਕਰ ਰਹੇ ਸਨ, ਜਿਸ ਕਾਰਨ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES
11 ਸਤੰਬਰ 2019 ਤੋਂ 17 ਸਤੰਬਰ 2019

*ਮਹਿਮਾਨ ਸੰਪਾਦਕੀ*

# ਬਾਦਲ ਸਾਬ੍ਹ ! ਹੁਣ ਚਿੜੀਆਂ ਨੇ ਖੇਤ ਚੁਗ ਲਿਆ ਹੈ !!

**- ਜਸਪਾਲ ਸਿੰਘ ਹੇਰਾਂ**

ਜਿਸ ਦਿਨ ਗੁਰੂ ਨਗਰੀ ਸੁਲਤਾਨਪੁਰ ਲੋਧੀ ਨੂੰ ਬਾਦਲ ਦਲ ਵੱਲੋਂ ਚਿੱਟਾ ਕਰਨ ਦੀ ਮੁਹਿੰਮ ਵਿੱਢੀ ਗਈ ਸੀ, ਉਸ ਦਿਨ ਬਜ਼ੁਰਗ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਮਨ ਦੀਆਂ ਭਾਵਨਾਵਾਂ ਸੰਗਤਾਂ ਨਾਲ ਸਾਂਝੀਆ ਕੀਤੀਆਂ। ਭਾਵੇਂ ਕਿ ਬਾਦਲ ਦੇ ਢਿੱਡ ਦੀਆਂ ਹੋਰ ਕੋਈ ਨਹੀਂ ਜਾਣ ਸਕਦਾ, ਇਸ ਕਾਰਨ ਪੱਕਾ ਨਹੀਂ ਆਖਿਆ ਜਾ ਸਕਦਾ ਕਿ ਵੱਡੇ ਬਾਦਲ ਨੇ ਜੋ ਕਿਹਾ, ਉਹ ਮਨੋ ਸੀ ਜਾਂ ਫਿਰ ਕਿਸੇ ਸਿਆਸੀ ਡਰਾਮੇਬਾਜ਼ੀ ਦਾ ਹਿੱਸਾ ਸੀ। ਬਾਦਲ ਦਾ ਇਹ ਭਾਸ਼ਣ ਸ਼ੋਸਲ ਮੀਡੀਏ ਉਤੇ ਖ਼ੂਬ ਵਾਇਰਲ ਹੋ ਰਿਹਾ ਹੈ। ਇਸ ਭਾਸ਼ਣ 'ਚ ਬਾਦਲ ਸਾਹਿਬ, ਬਾਣੀ ਕੰਠ ਕਰਨ 'ਤੇ ਜ਼ੋਰ ਦਿੰਦੇ ਹਨ। ਉਨਾਂ ਅਨੁਸਾਰ ਹਰ ਵਿਦਿਆਰਥੀ ਨੂੰ ਉਸ ਦੀ ਉਮਰ ਅਨੁਸਾਰ ਐਨੀ-ਕੁ ਬਾਣੀ ਜ਼ਰੂਰ ਕੰਠ ਚਾਹੀਦੀ ਹੈ। ਅਸੀਂ ਵੀ ਸਮਝਦੇ ਹਾਂ ਕਿ ਹਰ ਸਿੱਖ ਨੂੰ ਬਾਣੀ ਜ਼ਰੂਰ ਕੰਠ ਹੋਣੀ ਚਾਹੀਦੀ ਹੈ। ਨਿੱਤਨੇਮ ਉਸ ਦੇ ਜੀਵਨ ਦਾ ਜ਼ਰੂਰੀ ਹਿੱਸਾ ਹੋਣਾ ਚਾਹੀਦਾ ਹੈ। ਅੱਜ ਕੌਮ 'ਚ ਨਿਘਾਰ ਇਸ ਕਾਰਨ ਹੀ ਆਇਆ ਹੋਇਆ ਹੈ ਕਿ ਅਸੀਂ ਗੁਰਬਾਣੀ ਤੋਂ ਟੁੱਟ ਗਏ ਹਾਂ। ਬਾਣੀ ਨਾਲ ਜੁੜ ਕੇ ਹੀ ਮਨੁੱਖ ਗੁਰਸਿੱਖ ਬਣਦਾ ਹੈ ਅਤੇ ਗੁਰਸਿੱਖ ਮਨੁੱਖ ਹੀ ਸੱਚਾ ਸਿੱਖ ਹੁੰਦਾ ਹੈ। ਪ੍ਰੰਤੂ ਬਾਦਲ ਵੱਲੋਂ ਸਿੱਖਾਂ ਨੂੰ ਗੁਰਬਾਣੀ ਨਾਲ ਜੁੜਨ ਦਾ ਸੱਦਾ ਦੇਣਾ ਅਜੀਬ ਤੇ ਹਾਸੋਹੀਣਾ ਹੈ। ਕੀ ਇਹ ਉਮਰ ਦਾ ਪ੍ਰਭਾਵ ਹੈ ਜਾਂ ਅੱਗਾ ਵਿਖਾਈ ਦੇਣ ਦਾ ਅਸਰ ਹੈ। ਜਿਸ ਬਾਦਲ ਦੇ ਰਾਜ 'ਚ ਸਿੱਖੀ ਸਿਧਾਂਤਾਂ ਨੂੰ ਵੱਡਾ ਖੋਰਾ ਲੱਗਿਆ, ਸਿੱਖੀ ਤੇ ਬ੍ਰਾਹਮਣੀ ਕਰਮਕਾਂਡ ਦੀ ਅਮਰ ਵੇਲ ਚੜ੍ਹਾਈ ਗਈ, ਗੁਰੂ ਸਾਹਿਬ ਦੀ ਨਿਰੰਤਰ ਬੇਅਦਬੀ ਹੋਈ, ਉਸ ਬਾਦਲ ਦੇ ਮੂੰਹੋਂ ਗੁਰਬਾਣੀ ਨਾਲ ਜੁੜਨ ਦੀ ਸਿਖਿਆ, ਇਉਂ ਲਗਦੀ ਹੈ ਜਿਵੇਂ ਕੋਈ ਠੱਗ, ਠੱਗੀ ਨਾ ਮਾਰਨ ਦੀ ਸਿਖਿਆ ਦੇ ਰਿਹਾ ਹੋਵੇ।

ਬੁੱਢੀ ਉਮਰ ਦੀ ਸਿਖਿਆ ਤਾਂ ਹੀ ਅਸਰ ਕਰਦੀ ਹੈ, ਜੇ ਤੁਹਾਡਾ ਪਹਿਲਾ ਜੀਵਨ ਉੱਚਾ-ਸੁੱਚਾ ਰਿਹਾ ਹੋਵੇ। ਜੇ ਤੁਸੀਂ ਪਹਿਲੇ ਜੀਵਨ 'ਚ ਧਰਮ ਦਾ ਨਾਸ ਕੀਤਾ ਹੋਵੇ, ਫਿਰ ਤੁਹਾਡੀ ਸਿਖਿਆ, ਸਿਰਫ਼ ਹਾਸੇ-ਠੱਠੇ ਦਾ ਸਬੱਬ ਬਣਦੀ ਹੈ; ਜਿਵੇਂ ਬਾਦਲ ਸਾਹਿਬ ਦੀ ਧਾਰਮਿਕ ਭਾਸ਼ਣ ਵਾਲੀ ਵੀਡੀਓ ਦੇ ਵਾਇਰਲ ਹੋਣ 'ਤੇ ਲੋਕਾਂ ਵੱਲੋਂ ਕੀਤੀਆਂ ਜਾ ਰਹੀਆਂ ਟਿੱਪਣੀਆਂ ਤੋਂ ਸਾਬਤ ਹੋ ਰਿਹਾ ਹੈ। ਹੁਣ ਸਮਾਂ ਬਦਲ ਚੁੱਕਾ ਹੈ, ਲੋਕ ਅੱਖਾਂ ਤੇ ਕੰਨ ਖੋਲ੍ਹ ਕੇ ਰੱਖਦੇ ਹਨ। ਇਸ ਲਈ ਉਹ ਬਾਦਲ ਸਾਹਿਬ ਵੱਲੋਂ ਧਾਰਮਿਕ ਨਕਾਬ ਪਾ ਕੇ ਰਾਜਨੀਤੀ ਕਰਨ ਨੂੰ ਬਾਖੂਬੀ ਸਮਝ ਗਏ ਹਨ ਤੇ ਉਨ੍ਹਾਂ ਦੀ ਇਹ ਧਾਰਮਿਕ ਸਿੱਖਿਆ ਕਿਵੇਂ ਵੀ ਮੰਨਣ ਲਈ ਤਿਆਰ ਨਹੀਂ। ਅਸੀਂ ਸਮਝਦੇ ਹਾਂ ਕਿ ਬਾਦਲ ਸਾਹਿਬ ਦੇ ਇਸ ਧਾਰਮਿਕ ਭਾਸ਼ਣ 'ਤੇ ਲੋਕਾਂ ਦੀਆਂ ਨਾਂਹ ਪੱਖੀਆਂ ਟਿੱਪਣੀਆਂ, ਬਾਦਲ ਵਰਗਿਆਂ ਲਈ ਚਿਤਾਵਨੀ ਹਨ ਕਿ ਜੇ ਲੋਕਾਂ ਦੇ ਮਨ ਜਿੱਤ ਕੇ ਰੱਖਣੇ ਹਨ, ਤਾਂ ਜਿੰਦਗੀ 'ਚ ਸੱਚਾ-ਸੁੱਚਾ ਵਿਵਹਾਰ ਕਰਨਾ ਪਵੇਗਾ। ਹੁਣ ਬਾਦਲ ਸਾਹਿਬ ਖ਼ੁਦ ਹੀ ਮੰਨ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਵੀ ਸ਼ਾਇਦ ਬਾਣੀ ਕੰਠ ਨਾ ਹੋਵੇ, ਪਰ ਆਪਣੇ ਕੀਤੇ ਸਿੱਖ ਸਿਧਾਂਤਾਂ ਦੇ ਵਿਰੋਧੀ ਕੰਮਾਂ ਬਾਰੇ ਕੁਝ ਨਹੀਂ ਬੋਲ ਰਹੇ। ਸਿੱਖਾਂ ਦੀ ਚੁਣੀ ਹੋਈ ਧਾਰਮਿਕ ਸੰਸਥਾ ਦਾ ਪੂਰਨ ਰੂਪ 'ਚ ਰਾਜਨੀਤੀਕਰਨ ਦੇ ਦੋਸ਼ੀ ਖ਼ੁਦ ਬਾਦਲ ਸਾਹਿਬ ਹੀ ਤਾਂ ਹਨ। ਉਸ ਦੇ ਭੇਜੇ ਲਿਫਾਫੇ 'ਚੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਨਿਕਲਦੇ ਰਹੇ ਹਨ ਅਤੇ ਗੁਰੂ ਦੀ ਗੋਲਕ, ਉਸ ਦੀ ਨਿੱਜੀ ਜਗੀਰ ਬਣੀ ਹੋਈ ਹੈ। ਖ਼ੁਦ ਸ਼੍ਰੋਮਣੀ ਕਮੇਟੀ ਦੀ ਧਾਰਮਿਕਤਾ ਦਾ ਭੋਗ ਪਾ ਕੇ , ਹੁਣ ਉਸ ਨੂੰ ਧਾਰਮਿਕ ਹੋਣ ਦੀ ਸਿਖਿਆ ਦੇਣਾ "ਨੌਂ ਸੋ ਚੂਹੇ ਖਾਕੇ-ਬਿੱਲੀ ਹੱਜ ਨੂੰ ਚੱਲੀ" ਵਾਲੀ ਗੱਲ ਤੋਂ ਵੱਧ ਕੁਝ ਨਹੀਂ।

ਅਸੀਂ ਸਮਝਦੇ ਹਾਂ ਕਿ ਬਾਦਲ ਸਾਹਿਬ ਦੀਆਂ ਇਹਨਾਂ ਸਿਖਿਆਵਾਂ ਦਾ ਕਿਧਰੇ ਕੋਈ ਅਸਰ ਹੋਣ ਵਾਲਾ ਨਹੀਂ, ਕਿਉਂਕਿ ਹੁਣ ਉਸ ਦੇ ਆਪਣੇ ਹੱਥ ਵੱਸ ਹੀ ਕੁਝ ਨਹੀਂ ਰਿਹਾ ਹੈ, ਸਾਰਾ ਕਰਤਾ ਧਰਤਾ ਹੁਣ ਸੁਖਬੀਰ ਬਾਦਲ ਹੈ। ਸੁਲਤਾਨਪੁਰ ਲੋਧੀ ਨੂੰ ਚਿੱਟਾ ਕਰਕੇ, ਬਾਦਲ ਦਲ ਦੇ ਮੱਥੇ 'ਤੇ ਲੱਗਿਆ ਬੇਅਦਬੀ ਦਾ ਕਾਲਾ ਧੱਬਾ ਇਸ ਕਰਕੇ ਚਿੱਟਾ ਨਹੀਂ ਹੋਣਾ। ਪਾਪ ਬਖ਼ਸ਼ਿਆ ਜਾ ਸਕਦਾ ਹੈ, ਪ੍ਰੰਤੂ ਪਾਪ ਨੂੰ ਲੁਕਾਉਣ ਲਈ ਕੌਮ ਨੂੰ ਗੁੰਮਰਾਹ ਕਰਨਾ, ਕੌਮ ਨੂੰ ਦਬਾਉਣਾ, ਬਖ਼ਸ਼ਣਯੋਗ ਨਹੀਂ। ਸਵੇਰ ਦਾ ਭੁੱਲਿਆ, ਸ਼ਾਮ ਨੂੰ ਘਰ ਪਰਤ ਆਵੇ ਤਾਂ ਬਖ਼ਸ਼ ਦਿੱਤਾ ਜਾਂਦਾ ਹੈ, ਪ੍ਰੰਤੂ ਜੇ ਉਹ ਰਾਤ ਦੇ ਕਾਲੇ ਹਨੇਰੇ ਤੋਂ ਬਾਅਦ ਪਰਤਦਾ ਹੈ, ਤਾਂ ਇਹ ਸ਼ੰਕਾ ਬਣੀ ਰਹਿੰਦੀ ਹੈ ਕਿ ਰਾਤ ਦੇ ਕਾਲੇ ਹਨੇਰੇ 'ਚ ਉਸ ਨੇ ਕੋਈ ਗੁਨਾਹ ਜ਼ਰੂਰ ਕੀਤਾ ਹੋਵੇਗਾ। ਇਥੇ ਤਾਂ ਬਾਦਲਕਿਆਂ ਦਾ ਗੁਨਾਹ, ਬਾਦਲਕਿਆਂ ਦੇ ਪਾਪ ਦਿਨ ਦੇ ਚਿੱਟੇ ਚਾਨਣ ਵਾਂਗੂੰ ਸਾਫ਼ ਹਨ। ਫਿਰ ਬਖ਼ਸ਼ਣ ਦੀ ਸੋਚ ਕਿਥੋਂ ਪੈਦਾ ਹੋ ਸਕਦੀ ਹੈ ?

ਗੁਰਬਾਣੀ ਸਾਨੂੰ ਇਹ ਸਿਖਿਆ ਵੀ ਦਿੰਦੀ ਹੈ ਕਿ ਮਨੁੱਖ ਦੀ ਸੋਚ, ਉਮਰ ਦੇ ਕਿਸੇ ਪੜਾਅ 'ਤੇ ਬਦਲ ਸਕਦੀ ਹੈ ਪ੍ਰੰਤੂ ਉਸ ਦੀ ਬਦਲੀ ਸੋਚ ਦਾ ਮਨੁੱਖਤਾ ਨੂੰ ਸਬੂਤ ਮਿਲਣਾ ਚਾਹੀਦਾ ਹੈ। ਗੁਰੂ ਤੇ ਸੰਗਤ ਦੋਵੇਂ ਬਖ਼ਸ਼ਣਹਾਰ ਹਨ ਪ੍ਰੰਤੂ ਗੁਨਾਹ ਪ੍ਰਤੀ ਸੱਚੇ ਮਨੋ ਪਛਤਾਵਾ ਹੋਵੇ ਤੇ ਭੁੱਲ ਦੇ ਸੁਧਾਰ ਵੱਲ ਤੁਰਿਆ ਜਾਵੇ। ਜਿਸ ਆਰਐਸਐਸ. ਦੀ ਗੁਲਾਮੀ ਕਰਕੇ ਬਾਦਲਾਂ ਨੇ ਸਿੱਖ ਕੌਮ ਨਾਲ ਗ਼ਦਾਰੀ ਕੀਤੀ ਹੈ, ਉਸ ਨਾਲ ਗੱਠਜੋੜ ਦਾ ਢੰਡੋਰਾ ਬਾਦਲ ਸਾਹਿਬ ਉਪਰੋਕਤ ਸਿਖਿਆ ਦੇਣ ਦੇ ਅਗਲੇ ਦਿਨ ਹੀ ਮੁੜ ਪਿੱਟਦੇ ਹਨ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਕੌਮ ਨਾਲ ਗ਼ਦਾਰੀ ਬਾਦਲਾਂ ਦੇ ਖ਼ੂਨ 'ਚ ਰਚ ਚੁੱਕੀ ਹੈ, ਜਿਸ ਨੂੰ ਹੁਣ ਵੱਖ ਨਹੀਂ ਕੀਤਾ ਜਾ ਸਕਦਾ। ਇਸ ਕਾਰਨ ਬਾਦਲ ਸਾਹਿਬ ਦੇ ਅਜਿਹੇ ਕਥਿਤ ਧਾਰਮਿਕ ਭਾਸ਼ਣ ਡਰਾਮੇਬਾਜ਼ੀ ਤੋਂ ਵੱਧ ਕੁਝ ਨਹੀਂ ਜਾਪਦੇ। ਪ੍ਰਕਾਸ਼ ਸਿੰਘ ਬਾਦਲ ਦੀ ਇਸ ਭਾਸ਼ਣੀ ਸੁਰ ਵਿਚ ਜੇ ਰਤਾ ਮਾਤਰ ਕੋਈ ਸੱਚ ਮੰਨ ਵੀ ਲਿਆ ਜਾਵੇ ਤਾਂ ਵੀ ਇਸ ਹਾਲਾਤ ਵਿਚ ਸਿਰਫ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ "ਅਬ ਪਛਤਾਏ ਕਿਆ ਹੋਏ-ਜਬ ਚਿੜੀਆ ਚੁਗ ਗਈ ਖੇਤ"।

# ਮੌਸਮੀ ਤਬਾਹੀ ਦੇ ਕੰਢੇ 'ਤੇ ਖੜ੍ਹੀ ਮਨੁੱਖਤਾ

**ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਜੇ ਇਸ ਵਾਤਾਵਰਨੀ ਤਬਾਹੀ ਨੂੰ ਲਾਜ਼ਮੀ ਰੋਕਣਾ ਹੈ ਤਾਂ ਆਲਮੀ ਸਰਮਾਏਦਾਰੀ ਪ੍ਰਬੰਧ ਦੀ ਥਾਂ ਬਦਲਵਾਂ ਆਰਥਿਕ ਪ੍ਰਬੰਧ ਉੱਭਰਨਾ ਚਾਹੀਦਾ ਹੈ। ਇਸ ਦੇ ਬਾਵਜੂਦ ਆਲਮੀ ਤਾਪਮਾਨ ਵਿਚ ਸੰਨ 2030 ਤੱਕ 1.5 ਡਿਗਰੀ ਸੈਂਟੀਗਰੇਡ ਦੇ ਵਾਧੇ ਨੂੰ ਰੋਕਣ ਦੀ ਵੱਡੀ ਜ਼ਰੂਰਤ ਇਸ ਗੱਲ ਦੀ ਮੰਗ ਕਰਦੀ ਹੈ ਕਿ ਜੇ ਆਲਮੀ ਸਰਮਾਏਦਾਰੀ ਦਾ ਲੋੜੀਂਦਾ ਬਦਲ ਨਹੀਂ ਵੀ ਪੈਦਾ ਹੁੰਦਾ ਅਤੇ ਆਲਮੀ ਤਾਕਤਾਂ ਦੇ ਮੌਜੂਦਾ ਤਵਾਜ਼ਨ ਨੂੰ ਦੇਖਦਿਆਂ ਇਸ ਦੀ ਸੰਭਾਵਨਾ ਵੀ ਨਹੀਂ ਹੈ; ਤਾਂ ਵੀ ਆਲਮੀ, ਕੌਮੀ, ਸਥਾਨਕ, ਪਰਿਵਾਰਕ ਅਤੇ ਨਿੱਜੀ ਪੱਧਰ ਉੱਤੇ ਬਹੁ-ਪੱਧਰੀ ਕਾਰਵਾਈ ਕੀਤੀ ਜਾਣੀ ਜ਼ਰੂਰੀ ਹੈ ਤਾਂ ਕਿ ਗਰੀਨਹਾਊਸ ਗੈਸਾਂ ਦਾ ਨਿਕਾਸ ਘਟਾਇਆ ਜਾ ਸਕੇ।**



**ਪ੍ਰੀਤਮ ਸਿੰਘ**
**(ਆਕਸਫੋਰਡ ਸਕੂਲ ਆਫ ਗਲੋਬਲ ਐਂਡ ਏਰੀਆ ਸਟੱਡੀਜ਼, ਆਕਸਫੋਰਡ ਯੂਨੀਵਰਸਿਟੀ, ਯੂਕੇ)।**

ਜਲਵਾਯੂ (ਪੌਣ-ਪਾਣੀ) ਦੀ ਤਬਦੀਲੀ ਬਾਰੇ ਸੰਯੁਕਤ ਰਾਸ਼ਟਰ (ਯੂਐੱਨ) ਦੇ ਕੌਮਾਂਤਰੀ ਪੈਨਲ ਨੇ ਆਲਮੀ ਭਾਈਚਾਰੇ ਨੂੰ ਖ਼ਬਰਦਾਰ ਕੀਤਾ ਹੈ



ਕਿ ਜੇ ਆਲਮੀ ਤਪਸ਼ ਅਤੇ ਜੈਵਿਕ ਵੰਨ-ਸੁਵੰਨਤਾ ਵਿਚ ਤੇਜ਼ੀ ਨਾਲ ਆ ਰਹੇ ਨਿਘਾਰ ਨੂੰ ਰੋਕਣ ਲਈ ਫ਼ੌਰੀ ਕਦਮ ਨਾ ਚੁੱਕੇ ਗਏ ਤਾਂ ਸਾਰੀ ਦੁਨੀਆਂ ਨੂੰ ਸੰਨ 2030 ਤੱਕ ਮੌਸਮ ਪੱਖੋਂ ਭਾਰੀ ਤਬਾਹੀ ਦਾ ਸਾਹਮਣਾ ਕਰਨਾ ਪਵੇਗਾ। ਇਸ ਚੇਤਾਵਨੀ ਨੂੰ ਦੋ ਕਾਰਨਾਂ ਕਰਕੇ ਸੰਜੀਦਗੀ ਨਾਲ ਲਿਆ ਜਾਣਾ ਚਾਹੀਦਾ ਹੈ : ਪਹਿਲਾ, ਇਸ ਦੀ ਵਿਗਿਆਨਕ ਪ੍ਰਮਾਣਿਕਤਾ ਅਤੇ ਦੂਜਾ, ਇਸ ਚਿਤਾਵਨੀ ਨੂੰ ਨਜ਼ਰਅੰਦਾਜ਼ ਕਰਨ ਦੀ ਸੂਰਤ ਵਿਚ ਸਾਡੀ ਧਰਤੀ ਲਈ ਨਿਕਲਣ ਵਾਲੇ ਮਾੜੇ ਸਿੱਟੇ।

ਇਸ ਚਿਤਾਵਨੀ ਦੀ ਵਿਗਿਆਨਕ ਪ੍ਰਮਾਣਿਕਤਾ ਬਾਰੇ ਦੋ ਪੱਖ ਬਹੁਤ ਅਹਿਮ ਹਨ। ਪਹਿਲਾ, ਜਿਹੜੀ ਯੂਐੱਨ ਪੈਨਲ ਰਿਪੋਰਟ ਨੇ ਇਸ ਖ਼ਤਰੇ ਬਾਰੇ ਖ਼ਬਰਦਾਰ ਕੀਤਾ ਹੈ, ਉਹ ਵਾਤਾਵਰਨ ਤੇ ਮੌਸਮ ਸਬੰਧੀ ਦੁਨੀਆਂ ਦੇ ਮੋਹਰੀ ਵਿਗਿਆਨੀਆਂ ਵੱਲੋਂ ਤਿਆਰ ਕੀਤੀ ਗਈ ਹੈ ਜਿਨ੍ਹਾਂ ਨੂੰ ਇਸ ਸਬੰਧੀ ਉਪਲੱਬਧ ਸਾਰੇ ਅਧਿਐਨਾਂ ਦੀ ਤੁਲਨਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਤਾਂ ਜੋ ਕਿਸੇ ਸਿੱਟੇ ਉੱਤੇ ਪੁੱਜਿਆ ਜਾ ਸਕੇ। ਦੂਜਾ, ਪੈਨਲ ਜਿਨ੍ਹਾਂ ਸਿੱਟਿਆਂ ਉੱਤੇ ਪੁੱਜਾ ਹੈ, ਉਨ੍ਹਾਂ ਬਾਰੇ ਇਸ ਪੈਨਲ ਦੇ ਸਾਰੇ ਮੈਂਬਰਾਂ ਦੀ ਸਰਬਸੰਮਤੀ ਹੈ। ਇਸ ਸਰਬਸੰਮਤੀ ਦੀ ਕੁਝ ਹਲਕਿਆਂ ਵਿਚ ਆਲੋਚਨਾ ਵੀ ਹੋਈ ਹੈ, ਜੋ ਮਹਿਜ਼ ਉਨ੍ਹਾਂ ਮੌਸਮ ਵਿਗਿਆਨੀਆਂ ਨੂੰ ਵਜ਼ਨ ਦੇਣ ਵਾਲੀ ਗੱਲ ਹੈ ਜਿਹੜੇ ਮੌਸਮ ਸਬੰਧੀ ਖ਼ਤਰੇ ਨੂੰ ਬਹੁਤ ਜ਼ਿਆਦਾ ਗੰਭੀਰ ਮੰਨਣ ਵਾਲੇ ਵਿਗਿਆਨੀਆਂ ਦੇ ਮੁਕਾਬਲੇ ਘੱਟ ਗੰਭੀਰ ਮੰਨਦੇ ਹਨ।

ਇਸ ਦੇ ਬਾਵਜੂਦ ਇਨ੍ਹਾਂ ਸਿੱਟਿਆਂ ਦੀ ਅਹਿਮੀਅਤ ਇਸ ਕਾਰਨ ਵਧ ਜਾਂਦੀ ਹੈ ਕਿ ਇਹ ਇਸ ਪੈਨਲ ਦੇ ਸਾਰੇ ਮੈਂਬਰਾਂ ਦੀ ਸਹਿਮਤੀ ਉੱਤੇ ਆਧਾਰਿਤ ਹਨ। ਇਸ ਯੂਐੱਨ ਪੈਨਲ ਨੇ ਮੌਸਮੀ ਤਬਾਹੀ ਦੇ ਇਸ ਖ਼ਦਸ਼ੇ ਬਾਰੇ ਜਿਹੜੇ ਵੱਖੋ-ਵੱਖ ਆਯਾਮ ਸਾਰੀ ਦੁਨੀਆਂ ਦੇ ਧਿਆਨ ਵਿਚ ਲਿਆਂਦੇ ਹਨ, ਉਨ੍ਹਾਂ ਬਾਰੇ ਇੱਥੇ ਅਸੀਂ ਸੰਖੇਪ ਵਿਚ ਚਰਚਾ ਕਰਾਂਗੇ। ਇਨ੍ਹਾਂ ਵਿਚ ਸਾਲ 2030 ਦੀ ਤਾਰੀਖ਼ ਦੀ ਅਹਿਮੀਅਤ, ਇਸ ਤਬਾਹੀ ਦਾ ਅਰਥ, ਇਸ ਦੇ ਮੁੱਖ ਕਾਰਨ ਤੇ ਇਸ ਨੂੰ ਰੋਕਣ ਦੇ ਸੰਭਵ ਤਰੀਕੇ ਸ਼ਾਮਲ ਹਨ।

ਤਾਰੀਖ਼ 2030 ਇਸ ਕਾਰਨ ਅਹਿਮ ਹੈ ਕਿਉਂਕਿ ਪੈਨਲ ਵੱਲੋਂ ਕੀਤੇ ਗਏ ਮਾਡਲਿੰਗ ਤਜਰਬਿਆਂ ਮੁਤਾਬਿਕ ਜੇ ਆਲਮੀ ਤਾਪਮਾਨ ਸਨਅਤੀਕਰਨ ਤੋਂ ਪੂਰਬਲੇ ਦੌਰ (ਪ੍ਰੀ-ਇੰਡਸਟਰੀਅਲ ਏਜ) ਵਾਲੇ ਤਾਪਮਾਨ ਦੇ ਮੁਕਾਬਲੇ 1.5 ਡਿਗਰੀ ਸੈਂਟੀਗਰੇਡ ਵਧਦਾ ਹੈ ਤਾਂ ਆਲਮੀ ਜਲਵਾਯੂ ਵਿਚ ਨਾ-ਮੁੜਨਯੋਗ ਤੇ ਅਣਕਿਆਸੀਆਂ ਤਬਦੀਲੀਆਂ ਆਉਣਗੀਆਂ। ਸਨਅਤੀਕਰਨ ਤੋਂ ਪੂਰਬਲੇ ਦੌਰ ਦਾ ਮਤਲਬ ਹੈ, 19ਵੀਂ ਸਦੀ ਦੇ ਮੱਧ ਦਾ ਸਮਾਂ, ਜਦੋਂ ਸਨਅਤੀ ਇਨਕਲਾਬ ਨੇ ਇਨਸਾਨੀ ਸਮਾਜ ਦੇ ਵਿਕਾਸ ਵਿਚ ਨਵੀਂ ਤਬਦੀਲੀ ਲਿਆਂਦੀ। 'ਜਲਵਾਯੂ ਤਬਦੀਲੀ ਸਬੰਧੀ ਸਾਲ 2015 ਦੇ ਪੈਰਿਸ ਇਕਰਾਰਨਾਮੇ' ਵਿਚ ਸੰਨ 2030 ਤੱਕ ਆਲਮੀ ਤਾਪਮਾਨ, ਸਨਅਤੀਕਰਨ ਤੋਂ ਪੂਰਬਲੇ ਦੌਰ ਵਾਲੇ ਤਾਪਮਾਨ ਦੇ ਮੁਕਾਬਲੇ 2 ਡਿਗਰੀ ਸੈਂਟੀਗਰੇਡ ਤੱਕ ਵਧ ਜਾਣ ਨੂੰ ਮੌਸਮੀ ਤਬਾਹੀ ਭੜਕਾਉਣ ਵਾਲਾ ਬਿੰਦੂ ਮੰਨਿਆ ਗਿਆ ਸੀ, ਪਰ ਉਦੋਂ ਤੋਂ ਹੁਣ ਤੱਕ ਆਈ ਜਲਵਾਯੂ ਤਬਦੀਲੀ ਦੀ ਰਫ਼ਤਾਰ ਨੂੰ ਦੇਖਦਿਆਂ ਯੂਐੱਨ ਪੈਨਲ ਨੇ ਇਹ ਬਿੰਦੂ ਆਲਮੀ ਤਾਪਮਾਨ ਦੇ ਵਾਧੇ ਦੇ 2 ਡਿਗਰੀ ਤੋਂ ਘਟਾ ਕੇ ਡੇਢ ਡਿਗਰੀ ਸੈਂਟੀਗਰੇਟ ਤੱਕ ਕਰ ਦਿੱਤਾ ਹੈ। ਇਸ ਗੱਲ ਦੇ ਮੱਦੇਨਜ਼ਰ ਤਾਪਮਾਨ ਦੇ ਵਾਧੇ ਦਾ ਇਹ ਬਿੰਦੂ ਉਦੋਂ ਹੋਰ ਵੀ ਅਹਿਮ ਬਣ ਜਾਂਦਾ ਹੈ ਕਿ ਇਸ ਡੇਢ ਡਿਗਰੀ ਸੈਂਟੀਗਰੇਡ ਵਿਚੋਂ ਇਕ ਡਿਗਰੀ ਤਾਪਮਾਨ ਪਹਿਲਾਂ ਹੀ ਵਧ ਚੁੱਕਾ ਹੈ। ਜੇ ਮੌਸਮੀ ਤਬਾਹੀ ਤੋਂ ਬਚਣਾ ਹੈ ਤਾਂ ਹੁਣ ਸਮੁੱਚੀ ਇਨਸਾਨੀਅਤ ਮੂਹਰੇ 2030 ਮਹਿਜ਼ ਅੱਧੀ (0.5) ਡਿਗਰੀ ਤਾਪਮਾਨ ਵਾਧੇ ਨੂੰ ਰੋਕਣ ਦੀ ਵੱਡੀ ਚੁਣੌਤੀ ਹੈ।

ਇਸ ਮੌਸਮੀ ਤਬਾਹੀ ਵਿਚ ਅਨੇਕਾਂ ਖ਼ਤਰਨਾਕ ਤਬਦੀਲੀਆਂ ਸ਼ਾਮਲ ਹੋ ਸਕਦੀਆਂ ਹਨ; ਜਿਵੇਂ ਇਕ ਪਾਸੇ ਗਰਮੀ ਦੀ ਭਿਆਨਕ ਲਹਿਰ ਤੇ ਦੂਜੇ ਪਾਸੇ ਭਾਰੀ ਬਰਫ਼ਬਾਰੀ; ਸਮੁੰਦਰ ਤਲ ਦਾ ਉੱਚਾ ਉੱਠਣਾ ਤੇ ਇਸ ਕਾਰਨ ਸੰਸਾਰ ਦੇ ਸਾਹਿਲੀ ਇਲਾਕਿਆਂ ਵਿਚ ਹੜ੍ਹ ਆਉਣੇ; ਧਰਤੀ ਦੇ ਧਰੁਵਾਂ ਉੱਤੇ ਜੰਮੀ ਬਰਫ਼ ਅਤੇ ਹਿਮਾਲਿਆ ਦੇ ਗਲੇਸ਼ੀਅਰਾਂ ਦਾ ਪਿਘਲਣਾ, ਜਿਸ ਨਾਲ ਪਹਿਲਾਂ ਤਾਂ ਭਿਆਨਕ ਹੜ੍ਹ ਆਉਣਗੇ ਅਤੇ ਬਾਅਦ ਵਿਚ ਪਾਣੀ ਦੇ ਹੰਢਣਸਾਰ ਵਸੀਲਿਆਂ ਵਿਚ ਕਮੀ ਆ ਜਾਵੇਗੀ ਕਿਉਂਕਿ ਗਲੇਸ਼ੀਅਰਾਂ ਵਿਚ ਬਰਫ਼ ਜੰਮਣੀ ਘਟ ਜਾਵੇਗੀ; ਭਾਰੀ ਗਰਮੀ ਕਾਰਨ ਸੋਕੇ ਪੈਣਗੇ ਅਤੇ ਕੁਝ ਹੋਰ ਇਲਾਕੇ ਰੇਗਿਸਤਾਨ ਬਣਨ ਲੱਗਣਗੇ ਜਿਸ ਨਾਲ ਅੰਨ ਦੀ ਕਮੀ ਦੀ ਸਮੱਸਿਆ ਪੈਦਾ ਹੋਵੇਗੀ; ਅੰਨ ਤੇ ਪਾਣੀ ਦੀ ਕਮੀ ਕਾਰਨ ਹਿੰਸਕ ਸਮਾਜਿਕ ਟਕਰਾਅ ਵਧਣਗੇ ਅਤੇ ਇਨ੍ਹਾਂ ਟਕਰਾਵਾਂ ਕਾਰਨ ਤਾਨਾਸ਼ਾਹ ਸਰਕਾਰਾਂ ਦਾ ਉਭਾਰ ਹੋਵੇਗਾ; ਇਸ ਤਰ੍ਹਾਂ ਹੜ੍ਹਾਂ, ਸਮੁੰਦਰਾਂ ਦੇ ਤੇਜ਼ਾਬੀ ਹੋਣ, ਅਣਕਿਆਸੇ ਤੂਫ਼ਾਨਾਂ ਅਤੇ ਸੋਕਿਆਂ ਕਾਰਨ ਜਾਨਵਰਾਂ ਅਤੇ ਇਨਸਾਨਾਂ (ਮੁੱਖ ਤੌਰ 'ਤੇ ਕਮਜ਼ੋਰ ਤਬਕਿਆਂ ਦੇ ਲੋਕ ਜਿਵੇਂ ਗ਼ਰੀਬ ਅਤੇ ਛੱਤ-ਵਿਹੂਣੇ) ਦੀਆਂ ਵੱਡੇ ਪੱਧਰ 'ਤੇ ਮੌਤਾਂ ਹੋਣਗੀਆਂ; ਅਜਿਹੀਆਂ ਮੌਤਾਂ ਕਾਰਨ ਪਾਣੀ ਤੇ ਹਵਾ ਪ੍ਰਦੂਸ਼ਿਤ ਹੋਣ ਦੇ ਸਿੱਟੇ ਵਜੋਂ ਬਿਮਾਰੀਆਂ ਫੈਲਣਗੀਆਂ; ਦਰੱਖ਼ਤਾਂ (ਜੰਗਲਾਂ) ਦੀ ਕਟਾਈ ਅਤੇ ਜੈਵਿਕ ਵੰਨ-ਸੁਵੰਨਤਾ ਦੇ ਨਿਘਾਰ ਕਾਰਨ ਵੱਖ-ਵੱਖ ਜੀਵ ਰੂਪਾਂ ਵਿਚਕਾਰ ਵਾਤਾਵਰਨੀ ਤਵਾਜ਼ਨ ਖ਼ਤਰੇ 'ਚ ਪਵੇਗਾ।

ਇਸ ਖ਼ਤਰਨਾਕ ਤਬਾਹੀ ਦਾ ਕਾਰਨ ਮੁੱਖ ਤੌਰ 'ਤੇ ਸਾਡੇ ਆਰਥਿਕ ਪ੍ਰਬੰਧ ਦਾ ਕਾਰਜ-ਢੰਗ ਹੈ। ਪੈਦਾਵਾਰ ਦੀ ਸਰਮਾਏਦਾਰਾਨਾ ਪ੍ਰਣਾਲੀ ਦਾ ਦੁਨੀਆਂ ਵਿਚ ਦਬਦਬਾ ਵੀ ਉਦੋਂ ਹੀ ਹੋਇਆ ਜਦੋਂ ਸਨਅਤੀ ਇਨਕਲਾਬ ਆਇਆ ਅਤੇ ਇਸ ਦੇ ਨਾਲ ਹੀ ਵਾਤਾਵਰਨ ਦੀ ਤਬਾਹੀ ਦਾ ਪੱਧਰ ਸਰਮਾਏਦਾਰਾਨਾ ਆਰਥਿਕ ਪ੍ਰਬੰਧ ਤੋਂ ਪੂਰਬਲੇ ਦੌਰ ਦੇ ਮੁਕਾਬਲੇ ਕਈ ਗੁਣਾ ਵਧ ਗਿਆ। ਸਰਮਾਏਦਾਰੀ ਨਿਜ਼ਾਮ ਵਿਚ ਸਾਰੇ ਕੁਦਰਤੀ ਵਸੀਲਿਆਂ ਦਾ ਇਸਤੇਮਾਲ ਜ਼ੋਰਦਾਰ ਤੇ ਵਿਆਪਕ ਪੱਧਰ 'ਤੇ ਕੀਤਾ ਜਾਂਦਾ ਹੈ ਤਾਂ ਕਿ ਵੱਧ ਤੋਂ ਵੱਧ ਮੁਨਾਫ਼ਾ ਕਮਾਇਆ ਜਾ ਸਕੇ ਅਤੇ ਆਰਥਿਕ ਵਿਕਾਸ ਵੱਧ ਤੋਂ ਵੱਧ ਹੋ ਸਕੇ। ਇਸ ਆਰਥਿਕ ਤਰਕ ਦਾ ਬੁਨਿਆਦੀ ਤੌਰ 'ਤੇ ਹੰਢਣਸਾਰ ਵਿਕਾਸ ਦੀਆਂ ਲੋੜਾਂ ਨਾਲ ਟਕਰਾਅ ਹੁੰਦਾ ਹੈ।

ਪੈਦਾਵਾਰ ਅਤੇ ਤਿਆਰ ਮਾਲ ਦੀ ਢੋਆ-ਢੁਆਈ ਵਾਸਤੇ ਊਰਜਾ ਦੀ ਵਰਤੋਂ ਦਾ ਮਤਲਬ ਹੈ ਖਣਿਜ ਬਾਲਣ, ਖ਼ਾਸਕਰ ਤੇਲ, ਗੈਸ ਤੇ ਕੋਲੇ ਦੀ ਵਰਤੋਂ ਵਿਚ ਭਾਰੀ ਇਜ਼ਾਫ਼ਾ। ਸਰਮਾਏਦਾਰਾਨਾ ਸਨਅਤੀਕਰਨ ਦੀ ਆਮਦ ਨਾਲ ਤੇਜ਼ ਹੋਈ ਖਣਿਜ ਬਾਲਣ ਦੀ ਵਰਤੋਂ, ਕਾਰਬਨ ਡਾਈਆਕਸਾਈਡ ਅਤੇ ਦੂਜੀਆਂ ਗਰੀਨਹਾਊਸ ਗੈਸਾਂ ਦੇ ਨਿਕਾਸ ਵਿਚ ਵਾਧੇ ਦਾ ਵੱਡਾ ਕਾਰਨ ਹੈ ਅਤੇ ਇਹੋ ਗੈਸਾਂ ਆਲਮੀ ਤਪਸ਼ ਤੇ ਜੈਵਿਕ ਵੰਨ-ਸੁਵੰਨਤਾ ਦੇ ਨਿਘਾਰ ਦਾ ਮੁੱਖ ਕਾਰਨ ਹਨ। ਸਾਲ 2030 ਤੱਕ ਆਲਮੀ ਤਾਪਮਾਨ ਵਿਚ 1.5 ਡਿਗਰੀ ਵਾਧੇ ਦਾ ਜਿਹੜਾ ਖ਼ਦਸ਼ਾ ਮਹਿਸੂਸ ਕੀਤਾ ਜਾ ਰਿਹਾ ਹੈ, ਉਸ ਦਾ ਕਾਰਨ ਜੀਵਮੰਡਲ ਵਿਚ ਗਰੀਨਹਾਊਸ ਗੈਸਾਂ ਦਾ ਇਕੱਤਰ ਹੁੰਦੇ ਜਾਣਾ ਹੈ ਤੇ ਇਹ ਅਮਲ ਸਰਮਾਏਦਾਰਾਨਾ ਸਨਅਤੀਕਰਨ ਦੀ ਆਮਦ 'ਤੇ ਖਣਿਜ ਬਾਲਣ ਦੀ ਭਾਰੀ ਵਰਤੋਂ ਸ਼ੁਰੂ ਹੋਣ ਦੇ ਵੇਲੇ ਤੋਂ ਜਾਰੀ ਹੈ। ਇਸ ਵਿਚ ਪਿਛਲੇ ਕੁਝ ਦਹਾਕਿਆਂ ਤੋਂ ਸਰਮਾਏਦਾਰੀ ਦੇ ਆਲਮੀਕਰਨ ਕਾਰਨ ਹੋਰ ਤੇਜ਼ ਵਾਧਾ ਹੋਇਆ ਹੈ।

ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਜੇ ਇਸ ਵਾਤਾਵਰਨੀ ਤਬਾਹੀ ਨੂੰ ਲਾਜ਼ਮੀ ਰੋਕਣਾ ਹੈ ਤਾਂ ਆਲਮੀ ਸਰਮਾਏਦਾਰੀ ਪ੍ਰਬੰਧ ਦੀ ਥਾਂ ਬਦਲਵਾਂ ਆਰਥਿਕ ਪ੍ਰਬੰਧ ਉੱਭਰਨਾ ਚਾਹੀਦਾ ਹੈ। ਇਸ ਦੇ ਬਾਵਜੂਦ ਆਲਮੀ ਤਾਪਮਾਨ ਵਿਚ ਸੰਨ 2030 ਤੱਕ 1.5 ਡਿਗਰੀ ਸੈਂਟੀਗਰੇਡ ਦੇ ਵਾਧੇ ਨੂੰ ਰੋਕਣ ਦੀ ਵੱਡੀ ਜ਼ਰੂਰਤ ਇਸ ਗੱਲ ਦੀ ਮੰਗ ਕਰਦੀ ਹੈ ਕਿ ਜੇ ਆਲਮੀ ਸਰਮਾਏਦਾਰੀ ਦਾ ਲੋੜੀਂਦਾ ਬਦਲ ਨਹੀਂ ਵੀ ਪੈਦਾ ਹੁੰਦਾ ਅਤੇ ਆਲਮੀ ਤਾਕਤਾਂ ਦੇ ਮੌਜੂਦਾ ਤਵਾਜ਼ਨ ਨੂੰ ਦੇਖਦਿਆਂ ਇਸ ਦੀ ਸੰਭਾਵਨਾ ਵੀ ਨਹੀਂ ਹੈ; ਤਾਂ ਵੀ ਆਲਮੀ, ਕੌਮੀ, ਸਥਾਨਕ, ਪਰਿਵਾਰਕ ਅਤੇ ਨਿੱਜੀ ਪੱਧਰ ਉੱਤੇ ਬਹੁ-ਪੱਧਰੀ ਕਾਰਵਾਈ ਕੀਤੀ ਜਾਣੀ ਜ਼ਰੂਰੀ ਹੈ ਤਾਂ ਕਿ ਗਰੀਨਹਾਊਸ ਗੈਸਾਂ ਦਾ ਨਿਕਾਸ ਘਟਾਇਆ ਜਾ ਸਕੇ। ਕੁਝ ਕੌਮੀ ਸਰਕਾਰਾਂ ਜਿਵੇਂ ਬਰਤਾਨੀਆ, ਆਇਰਲੈਂਡ, ਕੈਨੇਡਾ ਅਤੇ ਫਰਾਂਸ ਤੇ 16 ਮੁਲਕਾਂ ਦੀਆਂ 740 ਉਪ-ਕੌਮੀ (ਸੂਬਾਈ ਆਦਿ) ਸਰਕਾਰਾਂ ਵੱਲੋਂ 'ਮੌਸਮੀ ਐਮਰਜੈਂਸੀ' ਦਾ ਕੀਤਾ ਗਿਆ ਐਲਾਨ ਗਰੀਨਹਾਊਸ ਗੈਸਾਂ ਦਾ ਨਿਕਾਸ ਘਟਾਉਣ ਦੇ ਸਬੰਧ ਵਿਚ ਹੰਗਾਮੀ ਕਦਮ ਚੁੱਕੇ ਜਾਣ ਦੀ ਲੋੜ ਪ੍ਰਤੀ ਵਧ ਰਹੀ ਜਾਗਰੂਕਤਾ ਦਾ ਸੰਕੇਤ ਹੈ।

ਇਸ ਲਈ ਆਉਣ ਵਾਲੇ 11 ਸਾਲ ਹੀ ਇਹ ਨਿਤਾਰਾ ਕਰਨਗੇ ਕਿ ਆਲਮੀ ਭਾਈਚਾਰੇ ਵਜੋਂ ਕੀ ਅਸੀਂ ਅਜਿਹੇ ਸਾਂਝੇ ਕਦਮ ਚੁੱਕਣ ਦੇ ਸਮਰੱਥ ਹਾਂ ਜਿਨ੍ਹਾਂ ਰਾਹੀਂ ਸਾਡੀ ਧਰਤੀ ਨੂੰ ਦਰਪੇਸ਼ ਇਸ ਵਾਤਾਵਰਨੀ ਤਬਾਹੀ ਨੂੰ ਰੋਕਿਆ ਜਾ ਸਕੇ। ਅਸੀਂ ਉਮੀਦ ਕਰ ਸਕਦੇ ਹਾਂ ਕਿ ਕਈ ਵਾਰ ਔਖੇ ਸਮੇਂ ਹੀ ਮਨੁੱਖ ਨੂੰ ਅਜਿਹੇ ਪੜਾਅ 'ਤੇ ਲੈ ਜਾਂਦੇ ਹਨ, ਜਦੋਂ ਉਨ੍ਹਾਂ ਨੂੰ ਆਪਣੇ ਬਚਾਅ ਲਈ ਸਖ਼ਤ ਕਦਮ ਚੁੱਕਣੇ ਹੀ ਪੈਂਦੇ ਹਨ, ਪਰ ਸਾਨੂੰ ਇਸ ਗੱਲ ਨੂੰ ਵੀ ਰੱਦ ਨਹੀਂ ਕਰਨਾ ਚਾਹੀਦਾ ਕਿ ਆਲਮੀ ਸਰਮਾਏਦਾਰੀ ਆਰਥਿਕ ਪ੍ਰਬੰਧ ਦੀ ਸਮਾਜਿਕ-ਆਰਥਿਕ ਪ੍ਰਕਿਰਿਆ ਇੰਨੀ ਤਾਕਤਵਰ ਸਾਬਤ ਹੁੰਦੀ ਹੈ ਕਿ ਇਸ ਤਬਾਹੀ ਨੂੰ ਰੋਕਣ ਲਈ ਵਿਅਕਤੀਗਤ ਤੇ ਉਪ-ਕੌਮੀ ਕੋਸ਼ਿਸ਼ਾਂ ਬਹੁਤ ਹੀ ਕਮਜ਼ੋਰ ਸਾਬਤ ਹੁੰਦੀਆਂ ਹਨ। ਅਸੀਂ ਇਸ ਸਬੰਧੀ ਚੰਗੇ ਦੀ ਉਮੀਦ ਹੀ ਕਰ ਸਕਦੇ ਹਾਂ, ਜਦੋਂਕਿ ਇਸ ਸਬੰਧੀ ਦਾਨਿਸ਼ਮੰਦਾਂ ਦੀ ਉਦਾਸੀਨਤਾ ਸਾਡੇ ਲਈ ਵੱਡੀ ਚਿੰਤਾ ਹੈ।

# ਪੰਜਾਬ ਵੀ ਯੂਨੀਅਨ ਟੈਰੇਟਰੀ ਬਣਨ ਲਈ ਤਿਆਰ ਰਹੇ



ਪ੍ਰਿੰ. ਸਰਵਣ ਸਿੰਘ



ਪੰਜਾਬ ਹੁਣ ਬੇਹੱਦ ਨਾਜ਼ਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਐਤਕੀਂ ਭਾਖੜਾ ਡੈਮ ਮਈ-ਜੂਨ ਤਕ ਹੀ ਭਰਪੂਰ ਹੋ ਗਿਆ ਸੀ। ਜੂਨ-ਜੁਲਾਈ ਦੇ ਦਿਨੀਂ ਇਸ ਨੂੰ ਖ਼ਤਰੇ ਦੇ ਨਿਸ਼ਾਨ ਤਕ ਪੁੱਜਣ ਲਈ ਪੂਰਾ ਭਰੀ ਰੱਖਿਆ ਗਿਆ। ਨਹਿਰਾਂ ਅਤੇ ਦਰਿਆਵਾਂ ਵਿੱਚ ਹਿਸਾਬ ਕਿਤਾਬ ਨਾਲ ਪਾਣੀ ਨਾ ਛੱਡਿਆ ਗਿਆ। ਉਦੋਂ ਵਾਧੂ ਪਾਣੀ ਖੇਤਾਂ ਤਕ ਪੁਚਾਇਆ ਜਾ ਸਕਦਾ ਸੀ ਜੋ ਫਸਲਾਂ ਪਾਲਦਾ। ਦਰਿਆਵਾਂ ਵਿੱਚ ਛੱਡੇ ਪਾਣੀ ਦਾ ਕਾਫੀ ਹਿੱਸਾ ਧਰਤੀ ਵਿੱਚ ਜੀਰਿਆ ਜਾਂਦਾ। ਪਰ ਡੈਮ ਨੂੰ ਕੰਢਿਆਂ ਤੱਕ ਭਰੀ ਗਏ। ਅਗਸਤ ਦੀਆਂ ਬਾਰਸ਼ਾਂ ਵਿੱਚ ਜਦੋਂ ਪਾਣੀ ਖ਼ਤਰੇ ਦੇ ਨਿਸ਼ਾਨ ਨੇੜੇ ਪੁੱਜਣ ਲੱਗਾ ਤਾਂ ਅਚਾਨਕ ਫਲੱਡ ਗੇਟ ਖੋਲ੍ਹ ਦਿੱਤੇ ਗਏ ਜਿਸ ਨਾਲ ਸੈਂਕੜੇ ਪਿੰਡ, ਹਜ਼ਾਰਾਂ ਪਰਿਵਾਰ ਅਤੇ ਲੱਖਾਂ ਏਕੜ ਫਸਲਾਂ ਡੋਬ ਦਿੱਤੀਆਂ ਗਈਆਂ। ਇਸ ਨਾਲ ਕਰੋੜਾਂ ਅਰਬਾਂ ਦਾ ਮਾਲੀ ਨੁਕਸਾਨ ਹੋਇਆ। ਬਿਮਾਰੀਆਂ ਅਤੇ ਵਬਾਵਾਂ ਦੇ ਇਲਾਜ ਅਤੇ ਮੁੜ ਵਸੇਬੇ ਤਕ ਜੋ ਜੱਦੋਜਹਿਦ ਕਰਨੀ ਪੈਣੀ ਹੈ, ਉਹਦਾ ਹਿਸਾਬ ਲਾਉਣਾ ਬਾਕੀ ਹੈ। ਬਾਰਸ਼ ਪੰਜਾਬ ਵਿੱਚ ਬਹੁਤੀ ਨਹੀਂ ਪਈ। ਇਹ ਨੁਕਸਾਨ ਭਾਖੜੇ ਦੇ ਫਲੱਡ ਗੇਟ ਅਚਾਨਕ ਖੋਲ੍ਹਣ ਕਰਕੇ ਹੀ ਹੋਇਆ ਹੈ। ਕੇਂਦਰ ਸਰਕਾਰ ਨੇ ਪੰਜਾਬ ਦੀ ਵਿਸ਼ੇਸ਼ ਮਦਦ ਕਰਨ ਲਈ ਹਾਮੀ ਨਹੀਂ ਭਰੀ। ਇੱਡੀ ਵੱਡੀ ਅਣਗਹਿਲੀ ਦੀ ਪੂਰੀ ਪੜਤਾਲ ਹੋਣੀ ਚਾਹੀਦੀ ਹੈ ਕਿ ਪੰਜਾਬ ਦੀ ਤਬਾਹੀ ਦਾ ਕੌਣ ਜ਼ਿੰਮੇਵਾਰ ਹੈ ?

ਕੇਂਦਰ ਸਰਕਾਰ ਨੇ ਜੇਕਰ ਹੁਣ ਵੀ ਬਹੱਤਰ ਸਾਲ ਪੁਰਾਣੀ ਪੰਜਾਬ ਵਿਰੋਧੀ ਨੀਤੀ ਨਾ ਬਦਲੀ ਤਾਂ ਕੁਝ ਵੀ ਹੋ ਸਕਦਾ ਹੈ। ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਨ। ਉਨ੍ਹਾਂ ਨੇ ਅੰਗਰੇਜ਼ ਹਾਕਮਾਂ ਦੀਆਂ ਗੋਲੀਆਂ ਖਾਧੀਆਂ, ਫਾਂਸੀ ਚੜ੍ਹੇ, ਕਾਲੇ ਪਾਣੀ ਗਏ ਅਤੇ ਜਾਇਦਾਦਾਂ ਕੁਰਕ ਕਰਾਈਆਂ। ਪਰ ਆਜ਼ਾਦੀ ਆਉਣ ਸਮੇਂ ਪੰਜਾਬ ਦਾ ਧੜ ਦੁਫਾੜ ਕਰ ਦਿੱਤਾ ਗਿਆ। ਦਸ ਲੱਖ ਲੋਕ ਨਿਹੱਕੇ ਮਾਰੇ ਗਏ। ਅਣਗਿਣਤ ਔਰਤਾਂ ਦੀ ਪੱਤ ਲੁੱਟੀ ਗਈ। ਕਰੋੜ ਤੋਂ ਵੱਧ ਪੰਜਾਬੀਆਂ ਦਾ ਉਜਾੜਾ ਹੋਇਆ। ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਖ਼ਾਤਰ ਪੰਜਾਬੀਆਂ ਨੂੰ ਮਾਣ ਸਨਮਾਨ ਤਾਂ ਕੀ ਦੇਣਾ ਸੀ, ਉਲਟਾ ਕੇਂਦਰੀ ਹਾਕਮਾਂ ਨੇ ਪੰਜਾਬ ਨੂੰ ਹਰੇਕ ਖੇਤਰ ਵਿੱਚ ਪਿੱਛੇ ਸੁੱਟਿਆ। ਇਸ ਕੁਕਰਮ ਵਿੱਚ ਪੰਜਾਬ ਦੇ ਹਾਕਮ ਵੀ ਕੇਂਦਰੀ ਸਰਕਾਰਾਂ ਨਾਲ ਰਲਦੇ ਰਹੇ !

ਇਹ ਗੱਲ ਜੱਗ ਜ਼ਾਹਿਰ ਹੈ ਕਿ ਜਦੋਂ ਕਦੇ ਵੀ ਭਾਰਤ-ਪਾਕਿ ਵਿਚਕਾਰ ਤਣਾਅ ਵਧਦਾ ਹੈ, ਲੜਾਈ ਜਾਂ ਜੰਗ ਹੁੰਦੀ ਹੈ ਤਾਂ ਸਭ ਤੋਂ ਵਧ ਨੁਕਸਾਨ ਪੰਜਾਬੀਆਂ ਦਾ ਹੁੰਦਾ ਹੈ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਨੂੰ ਕਿਸੇ ਕੇਂਦਰੀ ਸਰਕਾਰ ਨੇ ਕਦੇ ਕੋਈ ਵਿਸ਼ੇਸ਼ ਆਰਥਿਕ ਪੈਕਜ ਨਹੀਂ ਦਿੱਤਾ। ਕੇਂਦਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ ਵਿਰੁੱਧ ਜੇ ਕਦੇ ਬਦਅਮਨੀ ਫੈਲੀ ਤਾਂ ਕੇਂਦਰ ਨੇ ਬਦਅਮਨੀ ਦਬਾਉਣ ਦੇ ਨਾਂ ਉੱਤੇ ਭੇਜੇ ਗਏ ਸੁਰੱਖਿਆ ਦਲਾਂ ਦਾ ਖਰਚਾ ਵੀ ਪੰਜਾਬ ਸਿਰ ਹੀ ਪਾਇਆ। ਦੇਸ਼ ਦੇ ਕਮਾਊ ਪੁੱਤ ਪੰਜਾਬ ਸਿਰ ਐਵੇਂ ਨਹੀਂ ਪੌਣੇ ਤਿੰਨ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ। ਪੰਜਾਬੀਆਂ ਨੇ ਸਰਹੱਦਾਂ ਦੀ ਰਾਖੀ ਲਈ ਹਿੱਕਾਂ ਤਾਣ ਕੇ ਜਾਨਾਂ ਵਾਰੀਆਂ, ਵਿਦੇਸ਼ੀ ਕਰੰਸੀ ਲਿਆਂਦੀ ਅਤੇ ਹਰਾ ਇਨਕਲਾਬ ਲਿਆ ਕੇ ਭੁੱਖੇ ਮਰਦੇ ਦੇਸ਼ ਦਾ ਢਿੱਡ ਭਰਿਆ। ਇਨਾਮ ਮਿਲਿਆ ਪੰਜਾਬੀਆਂ ਸਿਰ ਕਰਜ਼ਾ, ਭੁੱਖ-ਨੰਗ ਅਤੇ ਵਿਦੇਸ਼ਾਂ ਵੱਲ ਦੇਸ਼ ਨਿਕਾਲਾ ! ਮਜਬੂਰੀ ਵੱਸ ਪੰਜਾਬੀ ਹੁਣ ਵਾਹੋਦਾਹੀ ਦੇਸੋਂ ਭੱਜੇ ਜਾ ਰਹੇ ਹਨ। ਹਾਲਾਤ ਅਜਿਹੇ ਬਣਾਏ ਜਾ ਰਹੇ ਹਨ ਕਿ ਉਹ ਮੁੜ ਕੇ ਪੰਜਾਬ ਵੱਲ ਮੂੰਹ ਨਾ ਕਰਨ।

ਕੇਂਦਰੀ ਸਰਕਾਰਾਂ ਦੀ ਨੀਤੀ ਵੇਖੋ ! ਪੰਜਾਬ ਦੀਆਂ ਨਹਿਰਾਂ, ਕੱਸੀਆਂ ਅਤੇ ਸੂਏ ਭਾਵੇਂ ਦਰਿਆਈ ਪਾਣੀਆਂ ਨੂੰ ਤਰਸਦੇ ਰਹਿਣ, ਧਰਤੀ ਹੇਠਲਾ ਪਾਣੀ ਭਾਵੇਂ ਡੂੰਘੇ ਪਤਾਲ ਵਿੱਚ ਚਲਾ ਜਾਵੇ ਪਰ ਪੰਜਾਬ ਦਾ ਦਰਿਆਈ ਪਾਣੀ ਰਾਜਸਥਾਨ, ਹਰਿਆਣੇ ਅਤੇ ਦਿੱਲੀ ਨੂੰ ਦੇਣਾ ਹੀ ਦੇਣਾ ਹੈ। ਕਦੇ ਕਿਸੇ ਨੇ ਕਿਹਾ ਕਿ ਜਮਨਾ ਦਾ ਪਾਣੀ ਦੇਸ਼ ਲਈ ਮਰ ਮਿਟਣ ਵਾਲੇ ਪੰਜਾਬ ਨੂੰ ਵੀ ਦੇ ਦਿੱਤਾ ਜਾਵੇ ?

ਦੁਨੀਆ ਭਰ ਵਿੱਚ ਰੀਪੇਰੀਅਨ ਸਿਧਾਂਤ, ਅਧਿਕਾਰ ਅਤੇ ਕਾਨੂੰਨ ਲਾਗੂ ਹੈ ਕਿ ਕੁਦਰਤੀ ਨਦੀਆਂ ਅਤੇ ਦਰਿਆ ਉਨ੍ਹਾਂ ਦੇ ਹੁੰਦੇ ਹਨ ਜਿਨ੍ਹਾਂ ਦੀ ਜ਼ਮੀਨ ਉੱਤੇ ਉਹ ਵਗਦੇ ਹਨ। ਪੰਜਾਬ ਦੇ ਦਰਿਆਵਾਂ ਨੇ ਪੰਜਾਬੀਆਂ ਦੀ ਜ਼ਮੀਨ ਮੱਲੀ ਹੋਈ ਹੈ ਜੋ ਅਰਬਾਂ ਖਰਬਾਂ ਦੀ ਹੈ। ਜਿਹੜੇ ਲੋਕ ਦਰਿਆਵਾਂ ਕੰਢੇ ਰਹਿੰਦੇ ਹਨ, ਜੇ ਉਹ ਦਰਿਆਵਾਂ ਦਾ ਸੁਖ ਮਾਣਦੇ ਹਨ ਤਾਂ ਹੜ੍ਹ ਆਉਣ ਉੱਤੇ ਉਹੀ ਦਰਿਆਵਾਂ ਦਾ ਦੁੱਖ ਵੀ ਜਰਦੇ ਹਨ। ਜਿਨ੍ਹਾਂ ਸੂਬਿਆਂ ਨੇ ਮੁਫ਼ਤ ਵਿੱਚ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਿਆ, ਕੀ ਉਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਬਣਦੀ ਕਿ ਔਖੇ ਵੇਲੇ ਪੰਜਾਬ ਦੀ ਮਦਦ ਕਰਨ ? ਰਾਜਸਥਾਨ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਜ਼ਮੀਨ ਖਰੀਦਣ ਦੀ ਮਨਾਹੀ ਹੈ। ਉਹ ਉੱਥੋਂ ਦੀ ਮਿੱਟੀ ਭਾਵ ਪੱਥਰ ਮਹਿੰਗਾ ਮੁੱਲ ਤਾਰ ਕੇ ਖਰੀਦਦੇ ਹਨ। ਫਿਰ ਕੀਮਤੀ ਪੱਥਰ ਵਾਂਗ ਪੰਜਾਬ ਦੇ ਕੀਮਤੀ ਪਾਣੀ ਦਾ ਮੁੱਲ ਉਹ ਕਿਉਂ ਨਹੀਂ ਤਾਰਦੇ ? ਹੈ ਕੋਈ ਨਿਆਂ ? ਇਹ ਕਿਹੋ ਜਿਹਾ 'ਰਾਮਰਾਜੀ ਰਾਸ਼ਟਰਵਾਦ' ਹੈ ?

ਪੰਜਾਬ ਸਿਰ ਚੜ੍ਹਿਆ ਅਰਬਾਂ ਖਰਬਾਂ ਦਾ ਕਰਜ਼ਾ ਨਿਰੀਆਂ ਫੈਲਸੂਫੀਆਂ ਦਾ ਨਹੀਂ, 1947 ਤੋਂ ਕੇਂਦਰ ਵੱਲੋਂ ਕੀਤੇ ਜਾ ਰਹੇ ਵਿਤਕਰਿਆਂ ਕਾਰਨ ਵੀ ਹੈ। ਇਹ ਵਿਤਕਰੇ ਸ਼ਰੇਆਮ ਦਿਸੀ ਜਾਂਦੇ ਹਨ। ਸੂਬਿਆਂ ਵੱਲੋਂ ਸੰਵਿਧਾਨ ਵਿੱਚ ਦਰਜ ਫੈਡਰਲ ਢਾਂਚੇ ਦੀ ਮੰਗ ਸੰਵਿਧਾਨਕ ਹੈ। ਸੂਬਿਆਂ ਲਈ ਅਧਿਕਾਰ ਮੰਗਣੇ ਸੰਵਿਧਾਨਕ ਹਨ ਜੋ ਸੂਬਿਆਂ ਨੂੰ ਦੇਣ ਦੀ ਥਾਂ ਉਲਟਾ ਖੋਹੇ ਜਾ ਰਹੇ ਹਨ। ਪੰਜਾਬ ਵਿੱਚ ਹੁਣ ਤਕ ਕੋਈ ਵੱਡੀ ਇੰਡਸਟਰੀ ਇਸ ਬਹਾਨੇ ਨਹੀਂ ਦਿੱਤੀ ਗਈ ਕਿ ਇਹ ਸੂਬਾ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਹੈ। ਖ਼ਦਸ਼ਾ ਪ੍ਰਗਟਾਇਆ ਜਾਂਦਾ ਹੈ ਕਿ ਇੰਡਸਟਰੀ ਉੱਜੜ ਸਕਦੀ ਹੈ। ਪੰਜਾਬ ਪਾਸ ਜੋ ਮਾੜੀ ਮੋਟੀ ਇੰਡਸਟਰੀ ਸੀ, ਉਹ ਪੰਜਾਬ ਦੇ ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਤੋਂ ਬਾਹਰ ਤੋਰ ਦਿੱਤੀ ਗਈ ਹੈ।

ਪੰਜਾਬ ਕੋਲ ਆਮਦਨ ਦਾ ਵਸੀਲਾ ਲੈ ਦੇ ਕੇ ਖੇਤਾਂ ਦੀ ਉਪਜ ਹੀ ਹੈ ਜੋ ਪਾਣੀ ਉੱਤੇ ਨਿਰਭਰ ਹੈ। ਦਰਿਆਈ ਪਾਣੀ ਦੀ ਘਾਟ ਕਾਰਨ ਪੰਜਾਬੀਆਂ ਨੂੰ 15 ਲੱਖ ਟਿਊਵੈੱਲ ਖੇਤਾਂ ਵਿੱਚ ਤੇ 25 ਲੱਖ ਪਿੰਡਾਂ ਅਤੇ ਸ਼ਹਿਰਾਂ ਦੇ ਘਰਾਂ ਵਿੱਚ ਲਾਉਣੇ ਪਏ ਹਨ। ਹਰ ਸਾਲ ਟਿਊਵੈੱਲ ਡੂੰਘੇ ਤੋਂ ਡੂੰਘੇ ਕਰਦਿਆਂ ਅਰਬਾਂ ਖਰਬਾਂ ਰੁਪਏ ਖਰਚ ਹੋਏ ਹਨ ਤੇ ਸੈਂਕੜੇ ਫੁੱਟ ਡੂੰਘੇ ਪਾਣੀ ਖਿੱਚਣ ਲਈ ਮੋਟਰਾਂ ਦੀ ਹਾਰਸ ਪਾਵਰ ਵਧਾ ਕੇ ਅਰਬਾਂ ਖਰਬਾਂ ਦੀ ਬਿਜਲੀ ਫੂਕਣੀ ਪਈ ਹੈ। ਪੰਜਾਬ ਦਿਨੋ ਦਿਨ ਮਾਰੂਥਲ ਹੋਣ ਵੱਲ ਵਧ ਰਿਹਾ ਹੈ। ਬੇਰੁਜ਼ਗਾਰ ਜੁਆਨੀ ਮਹਿੰਗੇ ਮੁੱਲ ਵਿਦੇਸ਼ਾਂ ਨੂੰ ਉਡੀ ਜਾ ਰਹੀ ਹੈ ਤੇ ਜਿਹੜੇ ਉੱਡ ਨਹੀਂ ਸਕਦੇ ਉਹ ਨਸ਼ੇ ਪੱਤੇ ਵਿੱਚ ਗ਼ਲਤਾਨ ਹੋ ਕੇ ਮਰੀ ਖਪੀ ਜਾ ਰਹੇ ਹਨ। ਪੰਜਾਬ ਦੀ ਸਥਿਤੀ ਹੁਣ ਰੋਮ ਦੇ ਸੜਨ ਵਰਗੀ ਬਣੀ ਪਈ ਹੈ। ਅਖੇ ਜਦੋਂ ਰੋਮ ਸੜ ਰਿਹਾ ਸੀ ਤਾਂ ਉਹਦਾ ਹਾਕਮ ਨੀਰੋ ਬੰਸਰੀ ਵਜਾ ਰਿਹਾ ਸੀ। ਸਾਡੇ ਹਾਕਮ ਵੀ ਬੰਸਰੀਆਂ ਵਜਾਉਣ ਡਹੇ ਨੇ।

ਪੰਜਾਬ ਦੇ ਪਿੰਡ ਕਪੂਰੀ ਦੀ ਜੂਹ ਵਿੱਚ ਐੱਸ ਵਾਈ ਐੱਲ ਨਹਿਰ ਦਾ ਜੋ ਟੱਕ ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਲਾਇਆ ਸੀ, ਉਹ ਪੰਜਾਬ ਦੀ ਸ਼ਾਹਰਗ ਉੱਤੇ ਟੱਕ ਸਾਬਤ ਹੋਇਆ ਸੀ। ਉਸ ਨਾਲ ਕਈ ਵਰ੍ਹੇ ਪੰਜਾਬੀਆਂ ਦਾ ਖ਼ੂਨ ਵਹਿੰਦਾ ਰਿਹਾ। ਹੁਣ ਫਿਰ ਐੱਸ ਵਾਈਐੱਲ ਦੀ ਤਲਵਾਰ ਪੰਜਾਬ ਦੀ ਧੌਣ ਉੱਤੇ ਤਣੀ ਹੋਈ ਹੈ। ਵੇਖਦੇ ਹਾਂ ਭਾਜਪਾ ਦਾ ਪ੍ਰਧਾਨ ਮੰਤਰੀ ਕੀ ਕਰਦਾ ਹੈ ? ਬਾਦਲ ਅਤੇ ਕੈਪਟਨ ਲਾਣਾ ਉਸ ਤੋਂ ਕੀ ਕਰਵਾਉਂਦਾ ਹੈ ?



ਇੱਕ ਪਾਸੇ ਤਾਂ ਆਪਣੇ ਹੀ ਦਰਿਆਈ ਪਾਣੀਆਂ ਬਿਨਾਂ ਪੰਜਾਬ ਦੀਆਂ ਫਸਲਾਂ ਤਿਹਾਈਆਂ ਮਰ ਰਹੀਆਂ ਹਨ, ਦੂਜੇ ਪਾਸੇ ਦੂਸਰੇ ਸੂਬਿਆਂ ਦੀਆਂ ਫਸਲਾਂ ਸਾਰਾ ਸਾਲ ਪਾਲਣ ਅਤੇ ਸਾਰਾ ਸਾਲ ਬਿਜਲੀ ਦੀਆਂ ਸਹੂਲਤਾਂ ਦੇਣ ਲਈ ਭਾਖੜਾ ਬੰਨ੍ਹ ਕੰਢਿਆਂ ਤਕ ਭਰੀ ਰੱਖਣ ਅਤੇ ਜਦੋਂ ਪਾਣੀ ਉੱਤੋਂ ਦੀ ਹੋ ਜਾਵੇ ਤਾਂ ਫਲੱਡ ਗੇਟ ਖੋਲ੍ਹ ਕੇ ਪੰਜਾਬ ਨੂੰ ਡੋਬਣ ਦੀ ਨੀਤੀ ਜਾਰੀ ਹੈ। ਜੇਕਰ ਜੂਨ ਜੁਲਾਈ ਵਿੱਚ ਬਾਰਸ਼ਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੰਜਾਬ ਦੇ ਦਰਿਆਵਾਂ ਵਿੱਚ ਹਿਸਾਬ ਕਿਤਾਬ ਦਾ ਪਾਣੀ ਛੱਡਿਆ ਜਾਂਦਾ ਤਾਂ ਉਸ ਪਾਣੀ ਦਾ ਕਾਫੀ ਹਿੱਸਾ ਪੰਜਾਬ ਦੀ ਧਰਤੀ ਵਿੱਚ ਹੀ ਸਮਾ ਜਾਣਾ ਸੀ, ਜੋ ਬਾਅਦ ਵਿੱਚ ਕੰਮ ਆਉਂਦਾ। ਫਿਰ ਨਾ ਹੜ੍ਹ ਆਉਂਦਾ, ਨਾ ਲੋਕਾਂ ਉੱਤੇ ਆਫ਼ਤ ਆਉਂਦੀ। ਪੰਜਾਬ ਤਾਂ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਹੈ। ਕੀ ਕੇਂਦਰ ਅਤੇ ਜਿਹੜੇ ਪ੍ਰਾਂਤ ਪੰਜਾਬ ਦੇ ਦਰਿਆਈ ਪਾਣੀਆਂ ਦਾ ਲਾਭ ਲੈ ਰਹੇ ਹਨ, ਉਹ ਇਸ ਨੁਕਸਾਨ ਦੀ ਪੂਰਤੀ ਕਰਨਗੇ ?

ਆਉਂਦੇ ਦਿਨਾਂ ਵਿੱਚ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਜਿਵੇਂ ਕਿ ਚੋਣਾਂ ਮੌਕੇ ਅਕਸਰ ਹੁੰਦਾ ਆਇਆ ਹੈ, ਐੱਸ ਵਾਈ ਐੱਲ ਦਾ ਮੁੱਦਾ ਮੁੜ ਭਖ ਪਿਆ ਹੈ। ਪੰਜਾਬ ਪਹਿਲਾਂ ਹੀ ਸੋਕੇ/ਡੋਬੇ ਦਾ ਮਾਰਿਆ ਪਿਆ ਹੈ। 1950ਵਿਆਂ ਦਾ ਨਹੀਂ, 2015-20 ਵਿੱਚ ਵਗਦੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਮਾਪੇ ਬਿਨਾਂ ਜੇਕਰ ਫੈਸਲਾ ਹਰਿਆਣੇ ਨੂੰ ਹੋਰ ਪਾਣੀ ਦੇਣ ਦਾ ਆ ਗਿਆ ਤਾਂ ਸਿਆਪੇ ਵੀ ਹੋਣਗੇ ਤੇ ਵੈਣ ਵੀ ਪੈਣਗੇ। ਹਾਲੇ ਤਾਂ ਭਗਤ ਰਵਿਦਾਸ ਜੀ ਦੇ ਮੰਦਰ ਨੂੰ ਢੁਹਾਉਣ ਦਾ ਮਸਲਾ ਹੀ ਹੱਲ ਨਹੀਂ ਹੋ ਰਿਹਾ।

ਇਹ ਗੱਲ ਕਿਸੇ ਦੇ ਖ਼ਾਬ ਖ਼ਿਆਲ ਵਿੱਚ ਨਹੀਂ ਸੀ ਕਿ ਪੰਜਾਬ ਦੇ ਨੀਲੇ ਚਿੱਟੇ ਹਾਕਮ ਹੀ ਪੰਜਾਬ ਦੇ ਹਿਤ ਕੇਂਦਰ ਕੋਲ ਵੇਚਣ ਦੇ ਦਲਾਲ ਬਣ ਜਾਣਗੇ ! ਪੰਜਾਬ ਕੋਲੋਂ ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ, ਪਾਣੀ ਦੇ ਸੋਮੇ, ਭਾਖੜਾ ਡੈਮ ਤੇ ਹੈੱਡ ਵਰਕਸ ਪਹਿਲਾਂ ਹੀ ਕੇਂਦਰ ਨੇ ਪੰਜਾਬ ਤੋਂ ਹਥਿਆਏ ਹੋਏ ਹਨ। ਹਾਲਾਤ ਬਣਾਏ ਜਾ ਰਹੇ ਹਨ ਕਿ ਸਾਰੇ ਪੰਜਾਬੀ ਸੂਬੇ ਨੂੰ ਹੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਾਂਗ ਯੂਨੀਅਨ ਟੈਰੇਟਰੀ ਬਣਾ ਦਿੱਤਾ ਜਾਵੇ। ਜੰਮੂ ਕਸ਼ਮੀਰ ਤੋਂ ਸ਼ੁਭ ਆਰੰਭ ਹੋ ਹੀ ਚੁੱਕਾ ਹੈ। ਪਾੜੋ ਤੇ ਰਾਜ ਕਰੋ ਦੀ ਬਦਨੀਤੀ ਮੁਤਾਬਿਕ ਮਾਝੇ, ਮਾਲਵੇ ਅਤੇ ਦੁਆਬੇ ਦੀਆਂ ਯੂਨੀਅਨ ਟੈਰੇਟਰੀਆਂ ਬਣਾ ਕੇ ਉਪ ਰਾਜਪਾਲ ਲਾਏ ਜਾਣ ਦੇ ਹਾਲਾਤ ਬਣਾਏ ਜਾ ਸਕਦੇ ਹਨ। ਲੋੜ ਪੈਣ ਉੱਤੇ ਉਨ੍ਹਾਂ ਨੂੰ ਆਪਸ ਵਿੱਚ ਉਲਝਾਇਆ ਵੀ ਜਾ ਸਕਦਾ ਹੈ। ਐੱਸਵਾਈਐੱਲ ਨਹਿਰ ਖ਼ੈਰ ਸੁੱਖ ਨਾਲ ਤਾਂ ਬਣਨੀ ਨਹੀਂ, ਫੌਜ ਲਾ ਕੇ ਬਣਾਉਣੀ ਪਵੇਗੀ। ਬਦਅਮਨੀ ਫੈਲਣ ਉੱਤੇ ਕਸ਼ਮੀਰ ਵਾਂਗ ਹੋਰ ਫੌਜ ਲਾ ਕੇ ਪੰਜਾਬ ਰਾਜ ਦਾ ਦਰਜਾ ਪਹਿਲਾਂ ਮੁਲਤਵੀ ਅਤੇ ਫਿਰ ਖ਼ਤਮ ਕਰ ਦੇਣ ਦਾ ਮੌਕਾ ਹੋਵੇਗਾ। ਪਾਰਲੀਮੈਂਟ ਦੀ ਬਹੁਗਿਣਤੀ ਮੋਹਰ ਲਾ ਸਕਦੀ ਹੈ। ਹਿੰਦੂਤਵ ਦੇ ਅਜੰਡੇ ਵਾਲੇ ਰਾਮਰਾਜੀ ਭਾਰਤ ਵਿੱਚ ਆਰ ਐੱਸ ਐੱਸ ਦਾ ਸੁਹਾਗਾ ਫਿਰਨਾ ਸ਼ੁਰੂ ਹੋ ਗਿਆ ਹੈ। ਵੇਖਦੇ ਹਾਂ ਪੰਜਾਬ ਹੋਰ ਕਦੋਂ ਤਕ ਸੁਖ ਮਨਾਉਂਦਾ ਹੈ ?

# ਅਕਾਲੀ-ਭਾਜਪਾ ਵਿਚ ਪਈ ਫੁੱਟ

## ਸੁਖਬੀਰ ਪੰਜਾਬ ਭਾਜਪਾ ਆਗੂਆਂ ਦੀ ਹਾਈ ਕਮਾਂਡ ਨੂੰ ਕਰਨਗੇ ਸ਼ਿਕਾਇਤ




**ਪਟਿਆਲਾ/ਏਟੀ ਨਿਊਜ਼ :** ਅਕਾਲੀ ਦਲ ਤੇ ਭਾਜਪਾ ਦਾ ਸਿਆਸੀ ਰਿਸ਼ਤਾ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਸੂਬੇ 'ਚ 25 ਸਾਲ ਰਾਜ ਕਰਨ ਦੇ ਦਾਅਵੇ ਕਰਨ ਵਾਲੇ ਅਕਾਲੀ -ਭਾਜਪਾ ਗੱਠਜੋੜ ਦੇ ਰਿਸ਼ਤਿਆਂ ਨੂੰ ਗ੍ਰਹਿਣ ਲੱਗਦਾ ਦਿਖਾਈ ਦੇ ਰਿਹਾ ਹੈ। ਅਜਿਹਾ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਪੰਜਾਬ ਦੇ ਵਿੱਚ ਭਾਰਤੀ ਜਨਤਾ ਪਾਰਟੀ ਵਲੋਂ ਮੈਂਬਰਸ਼ਿਪ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਨੂੰ ਭਾਜਪਾ ਦੇ ਆਗੂ ਪਾਰਟੀ ਵੱਡੀ ਸਫਲਤਾ ਮੰਨਕੇ ਇਹ ਕਹਿ ਰਹੇ ਹਨ ਕਿ ਪਾਰਟੀ ਵਲੋਂ 2 ਲੱਖ ਮੈਂਬਰ ਬਣਾਉਣ ਦਾ ਟੀਚਾ ਰੱਖਿਆ ਗਿਆ ਸੀ ਜੋ ਕਿ 5 ਲੱਖ ਪਾਰ ਹੋ ਗਿਆ। ਸ਼ਾਇਦ ਇਹੋ ਕਾਰਨ ਹੈ ਕਿ ਮੈਂਬਰਸ਼ਿੱਪ ਵਧਣ ਤੋਂ ਬਾਅਦ ਕਿਹਾ ਜਾ ਰਿਹਾ ਹੈ ਕਿ ਭਾਜਪਾ ਨੂੰ ਸਾਲ 20 22 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨਾਲ ਗੱਠਜੋੜ ਕਰਨ ਦੀ ਜ਼ੂਰਤ ਨਹੀਂ ਪਏਗੀ। ਹੁਣ ਤੱਕ ਸੂਬੇ ਚ ਅਕਾਲੀ ਭਾਜਪਾ ਦੇ ਰਿਸ਼ਤਿਆਂ ਨੂੰ ਨਹੁੰ ਮਾਸ ਵਾਲਾ ਰਿਸ਼ਤਾ ਕਿਹਾ ਜਾਂਦਾ ਰਿਹਾ ਹੈ ਪਰ ਹੁਣ ਭਾਜਪਾ ਦੇ ਦਿੱਗਜ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਤੇ ਸਵਾਲ ਚੁੱਕਣ ਸ਼ੁਰੂ ਕਰ ਦਿੱਤੇ ਹਨ। ਸੂਤਰਾਂ ਦੀ ਮੰਨੀਏ ਤਾਂ ਪੰਜਾਬ ਚ ਬੀਜੇਪੀ ਆਪਣਾ ਚੰਗਾ ਆਧਾਰ ਸਮਝਦੀ ਐ। ਇਸੇ ਕਰਕੇ ਭਾਰਤੀ ਜਨਤਾ ਪਾਰਟੀ ਆਗੂਆਂ ਦੇ ਬਿਆਨ ਵੀ ਆਏ ਦਿਨੀਂ ਸਾਹਮਣੇ ਆ ਰਹੇ ਨੇ। ਤੇ ਹੁਣ ਇਹ ਬਿਆਨਬਾਜ਼ੀਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਰਾਸ ਨਹੀਂ ਆ ਰਹੀਆਂ। ਇਸੇ ਕਰਕੇ ਹੁਣ ਸੁਖਬੀਰ ਇਹਨ੍ਹਾਂ ਲੀਡਰਾਂ ਤੋਂ ਕਾਫੀ ਖਫਾ ਦਿਖਾਈ ਦੇ ਰਹੇ ਨੇ। ਤੇ ਮੰਨਿਆਂ ਇਹ ਵੀ ਜਾ ਰਿਹੈ ਕਿ ਇਹਨਾ ਸਬੰਧਾਂ ਚ ਚੱਲ ਰਹੀ ਖਿੱਚੋਤਾਨ ਕਰਕੇ ਹੀ ਸੁਖਬੀਰ ਬਾਦਲ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਮੁਲਾਕਾਤ ਕਰ ਸਕਦੇ ਨੇ ਜਿਸ ਦੌਰਾਨ ਇਸ ਮਾਮਲੇ ਤੇ ਚਰਚਾ ਕੀਤੀ ਜਾ ਸਕਦੀ ਐ।

ਦਰਅਸਲ ਭਾਜਪਾ ਦੇਸ਼ ਅੰਦਰ ਆਪਣਾ ਚੰਗਾ ਆਧਾਰ ਬਣਾ ਚੁੱਕੀ ਐ ਤੇ ਹੁਣ ਕੇਂਦਰ ਵਿੱਚ ਭਾਜਪਾ ਦੀ ਦੂਜੀ ਵਾਰ ਐਂਟਰੀ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਹੌਂਸਲੇ ਜ਼ੂਰ ਬੁਲੰਦ ਹੋ ਚੁੱਕੇ ਨੇ । ਇਹ ਬਿਆਨਬਾਜ਼ੀਆਂ ਦਾ ਸਿਲਸਲਾ ਕੋਈ ਨਵਾਂ ਮਾਮਲਾ ਨਹੀਂ ਹੈ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਸਰਕਾਰ ਦੇ ਕਾਰਜਕਾਲ 'ਚ ਵੀ ਭਾਜਪਾ ਆਗੂ ਇਲਜ਼ਾਮ ਲਗਾਉਂਦੇ ਰਹੇ ਨੇ ਕਿ ਸਰਕਾਰ ਚ ਭਾਜਪਾ ਆਗੂਆਂ ਦੀ ਕੋਈ ਸੁਣਵਾਈ ਨਹੀਂ ਹੁੰਦੀ ਤੇ ਨਾਲ ਹੀ ਉਸ ਵੇਲੇ ਭਾਜਪਾ ਦਾ ਡਿਪਟੀ ਸੀਐਮ ਲਗਾਉਣ ਦੀ ਮੰਗ ਵੀ ਜ਼ੋਰਾਂ ਸ਼ੋਰਾਂ ਨਾਲ ਉਠੀ ਸੀ। ਪਰ ਸਾਲ 2017 ਦੌਰਾਨ ਉਸ ਵੇਲੇ ਭਾਜਪਾ ਦੇ ਸੂਬਾ ਪੱਧਰੀ ਆਗੂਆਂ ਦਾ ਵਿਰੋਧ ਵੀ ਅਕਾਲੀ ਭਾਜਪਾ ਦੇ ਗਠਜੋੜ ਤੇ ਕੋਈ ਬਹੁਤਾ ਪ੍ਰਭਾਵ ਇਸ ਲਈ ਨਹੀਂ ਪਾ ਸਕਿਆ ਕਿਉਂਕਿ ਬਾਦਲਾਂ ਦੀ ਸਾਂਝ ਭਾਰਤੀ ਜਨਤਾ ਪਾਰਟੀ ਵਾਲਿਆਂ ਨਾਲ ਬਹੁਤ ਪੁਰਾਣੀ ਹੈ ਤੇ ਮੋਦੀ, ਰਾਜਨਾਥ, ਤੇ ਅਮਿਤ ਸ਼ਾਹ ਵਰਗੇ ਆਗੂ ਵੱਡੇ ਬਾਦਲ ਦਾ ਦਿਲੋਂ ਸਤਿਕਾਰ ਕਰਦੇ ਹਨ। ਕੁਝ ਮਹੀਨੇ ਪਹਿਲਾਂ ਵੀ ਭਾਜਪਾ ਵਲੋਂ ਉਨ੍ਹਾਂ ਹਲਕਿਆਂ ਚ ਮੈਂਬਰਸ਼ਿਪ ਅਭਿਆਨ ਚਲਾਇਆ ਗਿਆ ਸੀ ਜਿਹੜੇ ਹਲਕੇ ਟਿਕਟਾਂ ਦੀ ਵੰਡ ਅਨੁਸਾਰ ਸ਼ਰੋਮਣੀ ਅਕਾਲੀ ਦਲ ਦੇ ਹਿੱਸੇ ਆਉਂਦੇ ਨੇ। ਭਾਜਪਾ ਤੇ ਅਕਾਲੀ ਦਲ ਦੇ ਸਾਂਝੇ ਗ੍ਰਠਜੋੜ ਅਨੁਸਾਰ ਅਕਾਲੀ ਦਲ ਦੇ ਹਿੱਸੇ 94 ਸੀਟਾਂ ਤੇ ਭਾਜਪਾ ਨੂੰ 23 ਵਿਧਾਨ ਸਭਾ ਸੀਟਾਂ 'ਦਿੱਤੀਆਂ ਗਈਆਂ ਹਨ। ਪਰ ਤੇਜੀ ਨਾਲ ਬਦਲੇ ਸਮੀਕਰਨਾਂ ਤੋਂ ਬਾਅਦ ਹੁਣ ਭਾਜਪਾ ਵਾਲੇ ਆਪਣੇ ਕੋਟੇ ਦੀਆਂ ਸੀਟਾਂ ਨੂੰ ਵਧਾਉਣ ਦੀ ਮੰਗ ਕਰਨ ਲੱਗ ਪਏ ਹਨ ਤੇ ਇਹ ਮੰਗ ਭਾਜਪਾ ਹਾਈਕਮਾਨ ਕੋਲ ਵੀ ਪਹੁੰਚ ਚੁਕੀ ਹੈ। ਅਕਾਲੀ ਭਾਜਪਾ ਦੀ ਪਿਛਲੀ ਸਰਕਾਰ ਦੇ ਕਾਰਜਕਾਲ ਵੇਲੇ ਵੀ ਅਕਾਲੀ ਦਲ ਦਾ ਭਾਜਪਾ ਆਗੂਆਂ ਨੇ ਕਾਫੀ ਵਿਰੋਧ ਕੀਤਾ ਸੀ।

ਦੱਸ ਦਈਏ ਕਿ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਆਪਣੇ 10 ਸੀਟਾਂ ਦੇ ਕੋਟੇ ਵਿੱਚੋਂ ਸਿਰਫ ਦੋ ਸੀਟਾਂ ਹੀ ਜਿੱਤ ਸਕੀ ਹੈ ਤੇ ਭਾਜਪਾ ਵਾਲਿਆਂ ਨੇ ਆਪਣੇ 3 ਸੀਟਾਂ ਦੇ ਕੋਟੇ ਵਿੱਚੋਂ ਵੀ 2 ਕੱਢ ਲਈਆਂ ਹਨ ਉਸ ਨੂੰ ਦੇਖਦਿਆਂ ਭਾਜਪਾ ਵਾਲਿਆਂ ਦੇ ਹੌਸਲੇ ਪੂਰੇ ਬੁਲੰਦ ਹਨ। ਭਾਜਪਾ ਦੀ ਕੇਂਦਰੀ ਲੀਡਰਸ਼ਿੱਪ ਵੱਲੋਂ ਸਾਲ 2024 ਤੱਕ ਪੂਰੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ ਤੇ ਸ਼ਾਇਦ ਇਸੇ ਟੀਚੇ ਤਹਿਤ ਕੰਮ ਕਰਦਿਆਂ ਪੰਜਾਬ ਭਾਜਪਾ ਨੇ ਵੀ ਸੂਬੇ ਅੰਦਰ ਜੋਰਾਂ ਸ਼ੋਰਾਂ ਨਾਲ ਮੈਂਬਰਸ਼ਿੱਪ ਅਭਿਆਨ ਚਲਾ ਰੱਖਿਆ ਹੈ। ਇਸ ਅਭਿਆਨ ਤੋਂ ਭਾਜਪਾ ਵਾਲਿਆਂ ਨੂੰ ਮਿਲੇ ਰਹੇ ਜੋਰ ਦਾਰ ਹੁੰਗਾਰੇ ਨੇ ਭਾਜਪਾ ਦੀ ਸੂਬਾ ਲੀਡਰਸ਼ਿੱਪ ਨੂੰ ਇਹ ਬਿਆਨ ਦੇਣ ਲਈ ਉਕਸਾ ਦਿੱਤਾ ਹੈ ਕਿ ਸਾਲ 2022 ਦੀਆਂ ਚੋਣਾਂ ਭਾਜਪਾ ਵਾਲੇ ਆਪਣੇ ਦਮ 'ਤੇ ਵੀ ਲੜ ਸਕਦੇ ਹਨ ਤੇ ਇਹੋ ਗੱਲ ਸੁਖਬੀਰ ਤੇ ਅਕਾਲੀ ਦਲ ਦੀ ਹੋਰ ਲੀਡਰਸ਼ਿੱਪ ਨੂੰ ਚੁਭ ਰਹੀ ਹੈ। ਤਾਹੀਓਂ ਇਹ ਗੱਲਾਂ ਨਿੱਕਲ ਕੇ ਸਾਹਮਣੇ ਆ ਰਹੀਆਂ ਹਨ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਦੀ ਸੂਬਾ ਇਕਾਈ ਦੀ ਸ਼ਿਕਾਇਤ ਕੇਂਦਰੀ ਲੀਡਰਸ਼ਿੱਪ ਕੋਲ ਕੀਤੀ ਜਾਵੇਗੀ। ਹੁਣ ਵੇਖਣਾ ਇਹ ਹੋਵੇਗਾ ਕਿ ਪੂਰੇ ਦੇਸ਼ ਤੋਂ ਇਲਾਵਾ ਪੰਜਾਬ ਵਿੱਚ ਵੀ ਭਾਜਪਾ ਨੂੰ ਮਿਲ ਰਹੇ ਜ਼ਬਰਦਸਤ ਹੁੰਗਾਰੇ ਨੂੰ ਦੇਖਣ ਦੇ ਬਾਵਜੂਦ ਵੀ ਭਾਜਪਾ ਦੀ ਕੇਂਦਰੀ ਲੀਡਰਸ਼ਿੱਪ ਬਾਦਲਾਂ ਨਾਲ ਆਪਣੀ ਪੁਰਾਣੀ ਸਾਂਝ ਪੁਗਾਏਗੀ ਜਾਂ ਰਾਜਨੀਤੀ ਵਿੱਚ ਕੋਈ ਕਿਸੇ ਦਾ ਨਹੀਂ ਵਾਲੀ ਕਹਾਵਤ ਇੱਥੇ ਵੀ ਸੱਚ ਹੋ ਨਿੱਬੜੇਗੀ।

# ਪੰਜਾਬ ਦੇ ਪਾਣੀਆਂ ਨੂੰ ਲੁੱਟਣ ਲਈ ਮੁੜ ਬਿਸਾਤ ਵਿਛੀ

## ਅਦਾਲਤ ਦਾ ਸੁਰੱਖਿਆ ਬਲਾਂ ਰਾਹੀਂ ਜ਼ਬਰਦਸਤੀ ਨਹਿਰ ਕੱਢਣ ਦੇ ਪੁਰਾਣੇ ਹੁਕਮ 'ਤੇ ਅਮਲ ਲਈ ਜ਼ੋਰ

**ਜਲੰਧਰ/ਬਿਊਰੋ ਨਿਊਜ਼ :**

ਸਤਲੁਜ-ਯਮੁਨਾ ਲਿੰਕ ਨਹਿਰ ਦੇ ਕੰਮ ਨੂੰ ਪੂਰਾ ਕਰਨ ਸਬੰਧੀ ਸੁਪਰੀਮ ਕੋਰਟ ਨੇ ਭਾਰਤ ਸਰਕਾਰ ਵਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇ.ਕੇ. ਵੇਨੂਗੋਪਾਲ ਦੀ ਮੰਗ 'ਤੇ ਪੰਜਾਬ, ਹਰਿਆਣਾ ਅਤੇ ਕੇਂਦਰ ਨੂੰ ਇਹ ਮਾਮਲਾ ਗੱਲਬਾਤ ਨਾਲ ਸੁਲਝਾਉਣ ਲਈ ਚਾਰ ਮਹੀਨੇ ਦਾ ਹੋਰ ਸਮਾਂ ਦੇਣ ਦਾ ਫ਼ੈਸਲਾ ਲਿਆ ਹੈ। ਅਦਾਲਤ ਨੇ ਇਸੇ ਸਾਲ 9 ਜੁਲਾਈ ਨੂੰ ਸੁਣਵਾਈ ਦੌਰਾਨ ਚਿਤਾਵਨੀ ਦਿੱਤੀ ਸੀ ਕਿ ਸਰਕਾਰ ਇਸ ਮੁੱਦੇ 'ਤੇ ਗੱਲਬਾਤ ਰਾਹੀਂ ਜੇਕਰ 3 ਸਤੰਬਰ ਤੱਕ ਫ਼ੈਸਲਾ ਨਾ ਲੈ ਸਕੀ ਤਾਂ ਅਦਾਲਤ ਇਸ ਮਾਮਲੇ ਵਿਚ ਆਪਣਾ ਫ਼ੈਸਲਾ ਸੁਣਾ ਦੇਵੇਗੀ ।ਭਾਰਤ ਦੇ ਅਟਾਰਨੀ ਜਨਰਲ ਨੇ ਭਾਵੇਂ ਅਦਾਲਤ ਤੋਂ ਗੱਲਬਾਤ ਲਈ 3 ਮਹੀਨੇ ਦਾ ਹੋਰ ਸਮਾਂ ਮੰਗਿਆ ਸੀ ਪਰ ਜਸਟਿਸ ਅਰੁਨ ਮਿਸ਼ਰਾ ਦੇ ਬੈਂਚ ਵਲੋਂ ਸਬੰਧਤ ਧਿਰਾਂ ਨੂੰ 4 ਮਹੀਨੇ ਦਾ ਹੋਰ ਸਮਾਂ ਦੇਣ ਦਾ ਫ਼ੈਸਲਾ ਸੁਣਾਇਆ। ਹਰਿਆਣਾ ਜਿੱਥੇ ਕਿ ਚਾਲੂ ਮਹੀਨੇ ਦੇ ਅੱਧ ਤੱਕ ਵਿਧਾਨ ਸਭਾ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਹੋ ਜਾਣ ਦੀ ਸੰਭਾਵਨਾ ਹੈ, ਦੇ ਵਕੀਲਾਂ ਵਲੋਂ ਹੋਰ ਸਮਾਂ ਵਧਾਉਣ ਦਾ ਵਿਰੋਧ ਕਰਦਿਆਂ ਕਿਹਾ ਕਿ ਨਹਿਰ ਦੀ ਉਸਾਰੀ ਨੂੰ ਅਣਮਿੱਥੇ ਸਮੇਂ ਲਈ ਲਟਕਾਇਆ ਨਾ ਜਾਵੇ ਅਤੇ ਅਦਾਲਤ ਇਸ ਲਈ ਸਮਾਂ ਸੀਮਾ ਨਿਸ਼ਚਿਤ ਕਰੇ । ਵਰਣਨਯੋਗ ਹੈ ਕਿ ਸੁਪਰੀਮ ਕੋਰਟ ਆਪਣੇ ਉਸ ਪੁਰਾਣੇ ਫ਼ੈਸਲੇ 'ਤੇ ਅਮਲ ਲਈ ਜ਼ੋਰ ਦੇ ਰਹੀ ਹੈ ਜਿਸ ਵਿਚ ਅਦਾਲਤ ਨੇ ਪੰਜਾਬ ਦੇ ਵਿਰੋਧ ਕਾਰਨ ਕੇਂਦਰ ਨੂੰ ਕੇਂਦਰੀ ਏਜੰਸੀ ਅਤੇ ਸੁਰੱਖਿਆ ਬਲਾਂ ਰਾਹੀਂ ਇਸ ਨਹਿਰ ਦੇ ਕੰਮ ਨੂੰ ਪੂਰਾ ਕਰਵਾਉਣ ਦੇ ਆਦੇਸ਼ ਦਿੱਤੇ ਸਨ । ਪੰਜਾਬ ਵਲੋਂ ਦਾਇਰ ਪਟੀਸ਼ਨਾਂ ਸਬੰਧੀ ਅਦਾਲਤ ਦਾ ਹੁਣ ਤੱਕ ਇਹ ਸਟੈਂਡ ਸੀ ਕਿ ਨਹਿਰ ਬਣਾਉਣ ਦੇ ਹੁਕਮ 'ਤੇ ਅਮਲ ਹੋਣ ਤੋਂ ਬਾਅਦ ਹੀ ਅਦਾਲਤ ਪੰਜਾਬ ਦੇ ਦੂਜੇ ਨੁਕਤਿਆਂ 'ਤੇ ਵਿਚਾਰ ਕਰੇਗੀ । ਵਰਣਨਯੋਗ ਹੈ ਕਿ ਪੰਜਾਬ ਵਲੋਂ ਅਦਾਲਤ ਵਿਚ ਆਪਣੀ ਪਟੀਸ਼ਨ ਦਾਇਰ ਕਰਕੇ ਉਪਲਬੱਧ ਦਰਿਆਈ ਪਾਣੀਆਂ ਦਾ ਨਵੇਂ ਸਿਰੇ ਤੋਂ ਪਤਾ ਲਗਾਉਣ ਦੀ ਮੰਗ ਦੇ ਨਾਲ ਪਾਣੀਆਂ ਦੀ ਵੰਡ ਸਬੰਧੀ ਨਵਾਂ ਕਮਿਸ਼ਨ ਬਣਾਏ ਜਾਣ ਦੀ ਮੰਗ ਰੱਖੀ ਗਈ ਸੀ । ਪੰਜਾਬ ਦਾ ਕਹਿਣਾ ਹੈ ਕਿ ਦਰਿਆਈ ਪਾਣੀਆਂ ਦੀ ਉਪਲਬੱਧਤਾ 17.17 ਮਿਲੀਅਨ ਏਕੜ ਫੁੱਟ ਤੋਂ ਘੱਟ ਕੇ 14.37 ਮਿਲੀਅਨ ਏਕੜ ਫੁੱਟ ਰਹਿ ਗਈ ਹੈ ਜਿਸ ਕਾਰਨ ਐਸ.ਵਾਈ.ਐਲ. ਵਿਚ ਦੇਣ ਲਈ ਹੁਣ ਪਾਣੀ ਹੀ ਨਹੀਂ ਹੈ । ਪੰਜਾਬ ਵਲੋਂ ਪੇਸ਼ ਡਾਟੇ ਵਿਚ ਦੱਸਿਆ ਗਿਆ ਹੈ ਕਿ ਰਾਜ ਵਿਚ ਦਰਿਆਈ ਪਾਣੀ ਦੀ ਸਿੰਜਾਈ ਵਿਚ 1990-91 ਤੋਂ 2014-15 ਦਰਮਿਆਨ 29.12 ਪ੍ਰਤੀਸ਼ਤ ਦੀ ਕਮੀ ਆਈ ਹੈ ਅਤੇ ਰਾਜ ਵਿਚ ਹੁਣ 71.46 ਪ੍ਰਤੀਸ਼ਤ ਜ਼ਮੀਨ ਦੀ ਸਿੰਜਾਈ ਟਿਊਬਵੈਲਾਂ ਰਾਹੀਂ ਹੋ ਰਹੀ ਹੈ ਜਿਸ ਕਾਰਨ ਰਾਜ ਦੇ 78 ਪ੍ਰਤੀਸ਼ਤ ਖੇਤਰ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਕਾਫ਼ੀ ਹੇਠਾਂ ਚਲਾ ਗਿਆ । ਦਿਲਚਸਪ ਗੱਲ ਇਹ ਹੈ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਵਲੋਂ 2017 ਦੌਰਾਨ ਐਸ. ਵਾਈ.ਐਲ. ਲਈ ਜ਼ਮੀਨ ਪ੍ਰਾਪਤੀ ਦੇ ਨੋਟੀਫ਼ਿਕੇਸ਼ਨ ਖ਼ਤਮ ਕਰਦਿਆਂ ਮਾਲ ਰਿਕਾਰਡ 'ਚ ਇਸ ਨਹਿਰ ਲਈ ਪ੍ਰਾਪਤ ਕੀਤੀ ਜ਼ਮੀਨ ਵੀ ਇਸ ਦੇ ਅਸਲ ਮਾਲਕਾਂ ਨਾਂਅ ਵਾਪਸ ਚੜ੍ਹਾ ਦਿੱਤੀ ਸੀ ਅਤੇ ਕਈ ਕਿਸਾਨਾਂ ਇਸ ਜ਼ਮੀਨ 'ਤੇ ਦੁਬਾਰਾ ਖੇਤੀ ਵੀ ਸ਼ੁਰੂ ਕਰ ਦਿੱਤੀ ਗਈ ਹੈ। ਪੰਜਾਬ ਸਰਕਾਰ ਜੋ ਕਿ ਅਦਾਲਤੀ ਫ਼ੈਸਲੇ ਦੀ ਚਿਤਾਵਨੀ ਕਾਰਨ ਪੱਬਾਂ ਭਾਰ ਅਤੇ ਕਾਫ਼ੀ ਚਿੰਤਤ ਸੀ, ਨੇ ਅਦਾਲਤ ਵਲੋਂ ਗੱਲਬਾਤ ਲਈ ਹੋਰ ਸਮਾਂ ਮਿਲਣ ਕਾਰਨ ਭਾਵੇਂ ਫਿਲਹਾਲ ਸੁੱਖ ਦਾ ਸਾਹ ਲਿਆ ਹੈ ਪਰ ਤਲਵਾਰ ਅਜੇ ਵੀ ਸਿਰ 'ਤੇ ਲਟਕ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਰਾਜ ਦੇ ਮੁੱਖ ਸਕੱਤਰ ਅਤੇ ਆਪਣੇ ਚੀਫ਼ ਪ੍ਰਮੁੱਖ ਸਕੱਤਰ ਨਾਲ 3 ਦਿਨ ਦਿੱਲੀ ਡੇਰਾ ਲਾਈ ਬੈਠੇ ਰਹੇ ਅਤੇ ਉਨ੍ਹਾਂ ਵਲੋਂ ਕੇਂਦਰੀ ਜਲ ਸ਼ਕਤੀ ਮੰਤਰੀ ਗਜਿੰਦਰਾ ਸਿੰਘ ਸ਼ੇਖਾਵਤ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਇਸੇ ਮੁੱਦੇ 'ਤੇ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਨਹਿਰ ਬਣਾਉਣ ਸਬੰਧੀ ਕੋਈ ਵੀ ਫ਼ੈਸਲਾ ਇਸ ਸਰਹੱਦੀ ਸੂਬੇ ਵਿਚ ਦੁਬਾਰਾ ਹਾਲਾਤ ਖ਼ਰਾਬ ਕਰ ਸਕਦਾ ਹੈ। ਇਸੇ ਤਰ੍ਹਾਂ ਨਹਿਰ ਬਣਾਉਣ ਸਬੰਧੀ ਕੋਈ ਵੀ ਫ਼ੈਸਲਾ ਅਕਾਲੀ-ਭਾਜਪਾ ਦੇ ਗੱਠਜੋੜ ਲਈ ਵੀ ਮਾਰੂ ਸਾਬਤ ਹੋ ਸਕਦਾ ਸੀ ਜੋ ਸ਼ਾਇਦ ਭਾਜਪਾ ਵੀ ਇਸ ਮੌਕੇ ਨਹੀਂ ਚਾਹੁੰਦੀ। ਪਾਣੀ ਵਿਵਾਦ ਸਬੰਧੀ ਕਮਿਸ਼ਨ ਸੁਪਰੀਮ ਕੋਰਟ ਦੀ ਥਾਂ ਸਰਕਾਰ ਵਲੋਂ ਚੁਣੇ ਜਾਣ ਸਬੰਧੀ ਪਾਰਲੀਮੈਂਟ ਵਲੋਂ ਕੀਤੀ ਤਰਮੀਮ ਸਬੰਧੀ ਬਿੱਲ ਨੂੰ ਵੀ ਕੇਂਦਰ ਨੇ ਹਾਲ ਦੀ ਘੜੀ ਰਾਜ ਸਭਾ ਵਿਚ ਪੇਸ਼ ਕਰਨ ਤੋਂ ਰੋਕ ਲਿਆ ਹੈ। ਪੰਜਾਬ ਇਸ ਤਰਮੀਮ ਦਾ ਵੀ ਵਿਰੋਧ ਕਰ ਰਿਹਾ ਹੈ ।

### ਕੀ ਹੈ ਐਸਵਾਈਐਲ ਦਾ ਮੁੱਦਾ ?

ਇਸ ਨਹਿਰ ਦਾ ਮੁੱਢ ਹਰਿਆਣਾ ਦੇ ਸੰਨ 1966 'ਚ ਹੋਂਦ ਵਿਚ ਆਉਣ ਦੇ ਨਾਲ ਹੀ ਬੰਨ੍ਹਿਆ ਗਿਆ।ਪੰਜਾਬ-ਹਰਿਆਣਾ ਦੀ ਵੰਡ ਹੋਣ ਤੋਂ ਬਾਅਦ ਹਰਿਆਣਾ ਨੇ ਆਪਣੇ ਹਿੱਸੇ ਦੇ ਪਾਣੀ ਉੱਤੇ ਦਾਅਵਾ ਠੋਕਿਆ। ਸੰਨ 1955 ਵਿਚ ਕੇਂਦਰ ਸਰਕਾਰ ਦੀ ਇੰਟਰ ਸਟੇਟ ਮੀਟਿੰਗ ਅਨੁਸਾਰ ਰਾਵੀ ਤੇ ਬਿਆਸ ਦੇ ਕੁੱਲ 15.85 ਮਿਲੀਅਨ ਏਕੜ ਫੀਟ ਪਾਣੀ ਵਿੱਚੋਂ ਰਾਜਸਥਾਨ ਨੂੰ 8 ਐਮ.ਏ.ਐਫ. ਤੇ ਪੰਜਾਬ ਨੂੰ 7.2 ਐਮ.ਏ.ਐਫ.ਤੇ ਜੰਮੂ-ਕਸ਼ਮੀਰ ਨੂੰ 0.65 ਐਮ.ਏ.ਐਫ. ਪਾਣੀ ਦਿੱਤੇ ਜਾਣ ਬਾਰੇ ਸਮਝੌਤਾ ਹੋਇਆ। ਉਸ ਸਮੇਂ ਪੰਜਾਬ ਨੇ ਘੱਟ ਪਾਣੀ ਦਿੱਤੇ ਜਾਣ ਉੱਤੇ ਇਤਰਾਜ਼ ਪ੍ਰਗਟਾਇਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਦੋਵਾਂ ਸੂਬਿਆਂ ਵਿੱਚ ਇਹ ਵਿਵਾਦ ਲਗਾਤਾਰ ਜਾਰੀ ਹੈ। ਸੰਨ 1976 ਵਿੱਚ ਕੇਂਦਰ ਸਰਕਾਰ ਨੇ ਪੰਜਾਬ ਦੇ 7.2 ਐਮ. ਏ.ਐਫ. ਪਾਣੀ ਵਿੱਚੋਂ 3.5 ਐਮ.ਏ.ਐਫ.ਹਿੱਸਾ ਹਰਿਆਣਾ ਨੂੰ ਦੇਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਤੋਂ ਬਾਅਦ ਪੰਜਾਬ ਤੋਂ ਹਰਿਆਣਾ ਦੇ ਹਿੱਸੇ ਦਾ ਪਾਣੀ ਲਿਆਉਣ ਲਈ ਸਤਲੁਜ ਨੂੰ ਯਮਨਾ ਨਦੀ ਨਾਲ ਜੋੜਨ ਵਾਲੀ ਨਹਿਰ ਦੀ ਯੋਜਨਾ ਬਣਾਈ ਗਈ। ਨਹਿਰ ਦਾ ਨਾਂਅ ਰੱਖਿਆ ਗਿਆ ਸਤਲੁਜ-ਯਮੁਨਾ ਲਿੰਕ ਨਹਿਰ। ਸਾਲ 1981 ਵਿੱਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਤਤਕਾਲੀਨ ਮੁੱਖ ਮੰਤਰੀਆਂ ਨੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਮਿਲ ਕੇ ਨਹਿਰ ਸੰਬੰਧੀ ਸਮਝੌਤੇ ਉੱਤੇ ਹਸਤਾਖ਼ਰ ਕੀਤੇ।

8 ਅਪ੍ਰੈਲ, 1982 ਨੂੰ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਵਿੱਚ ਟੱਕ ਲਾ ਕੇ ਇਸ ਨਹਿਰ ਦੀ ਖ਼ੁਦਾਈ ਦੀ ਸ਼ੁਰੂਆਤ ਕੀਤੀ ਸੀ। ਨਹਿਰ ਦੀ ਕੁੱਲ ਲੰਬਾਈ 214 ਕਿਲੋਮੀਟਰ ਹੈ, ਜਿਸ ਵਿੱਚੋਂ ਪੰਜਾਬ ਦੇ ਹਿੱਸੇ ਵਿੱਚ 122 ਕਿਲੋਮੀਟਰ ਤੇ ਹਰਿਆਣਾ ਦੇ ਹਿੱਸੇ ਵਿੱਚ 92 ਕਿੱਲੋਮੀਟਰ ਨਹਿਰ ਦਾ ਨਿਰਮਾਣ ਹੋਣਾ ਸੀ। ਇਸ ਨਹਿਰ ਦੇ ਨਿਰਮਾਣ ਦਾ ਜ਼ਿਆਦਾਤਰ ਕੰਮ ਪੂਰਾ ਹੋ ਚੁੱਕਾ ਹੈ, ਜੋ 10 ਫ਼ੀਸਦੀ ਬਾਕੀ ਹੈ, ਉਹ ਪੰਜਾਬ ਵਾਲੇ ਪਾਸੇ ਹੈ। ਨਹਿਰ ਦੇ ਨਿਰਮਾਣ ਨੂੰ ਲੈ ਕੇ ਪੰਜਾਬ ਵਿੱਚ ਹਿੰਸਾ ਵੀ ਹੋਈ ਜਿਸ ਤੋਂ ਬਾਅਦ ਸੰਨ 1990 ਵਿੱਚ ਇਸ ਦੇ ਨਿਰਮਾਣ ਉੱਤੇ ਰੋਕ ਲਾ ਦਿੱਤੀ ਗਈ।

ਇਸ ਨਹਿਰ ਦੇ ਨਿਰਮਾਣ ਨੂੰ ਲੈ ਕੇ ਕਾਫ਼ੀ ਰਾਜਨੀਤੀ ਵੀ ਹੋਈ। ਇਸ ਤੋਂ ਬਾਅਦ ਮਾਮਲਾ ਸੰਨ 1996 ਵਿੱਚ ਸੁਪਰੀਮ ਕੋਰਟ ਪਹੁੰਚ ਗਿਆ। ਪੰਜਾਬ ਦੀ ਦਲੀਲ ਸੀ ਕਿ ਸੂਬੇ ਵਿਚ ਪਾਣੀ ਦਾ ਪੱਧਰ ਪਹਿਲਾਂ ਹੀ ਘੱਟ ਹੈ। ਇਸ ਲਈ ਹਰਿਆਣਾ ਨੂੰ ਹੋਰ ਵਾਧੂ ਪਾਣੀ ਨਹੀਂ ਦਿੱਤਾ ਜਾ ਸਕਦਾ। ਸੁਪਰੀਮ ਕੋਰਟ ਨੇ ਪੰਜਾਬ ਨੂੰ ਸੰਨ 2002 ਤੇ 2004 ਵਿੱਚ ਦੋ ਵਾਰ ਨਹਿਰ ਦੇ ਨਿਰਮਾਣ ਦਾ ਕੰਮ ਪੂਰਾ ਕਰਨ ਦਾ ਨਿਰਦੇਸ਼ ਦਿੱਤਾ। ਸੰਨ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਇੱਕ ਫ਼ੈਸਲੇ ਨੇ ਇਸ ਮਾਮਲੇ ਨੂੰ ਹੋਰ ਭਖਾ ਦਿੱਤਾ।12 ਜੁਲਾਈ, 2004 ਨੂੰ ਪੰਜਾਬ ਵਿਧਾਨ ਸਭਾ ਨੇ ਇੱਕ ਬਿੱਲ ਪਾਸ ਕਰਕੇ ਕੈਪਟਨ ਸਰਕਾਰ ਨੇ ਪੰਜਾਬ ਦੇ ਪਾਣੀਆਂ ਸਬੰਧੀ ਕੀਤੇ ਗਏ ਸਾਰੇ ਸਮਝੌਤੇ ਰੱਦ ਕਰ ਦਿੱਤੇ। ਪੰਜਾਬ ਸਰਕਾਰ ਦੇ ਇਸ ਫ਼ੈਸਲੇ ਖ਼ਿਲਾਫ਼ ਤਤਕਾਲੀਨ ਸਰਕਾਰ ਸੁਪਰੀਮ ਕੋਰਟ ਵਿਚ ਚਲੀ ਗਈ। ਮਾਮਲਾ ਅਦਾਲਤੀ ਦਾਅ ਪੇਚ ਵਿਚ ਸਾਲ-ਦਰ-ਸਾਲ ਉਲਝਦਾ ਗਿਆ। 15 ਮਾਰਚ, 2016 ਨੂੰ ਮੌਜੂਦਾ ਬਾਦਲ ਸਰਕਾਰ ਨੇ ਨਹਿਰ ਲਈ ਕਿਸਾਨਾਂ ਤੋਂ ਐਕਵਾਇਰ ਕੀਤੀ ਗਈ 5000 ਏਕੜ ਜ਼ਮੀਨ ਵਾਪਸ ਕਰਨ ਸੰਬੰਧੀ ਡੀ-ਨੋਟੀਫ਼ਿਕੇਸ਼ਨ ਦਾ ਬਿੱਲ ਪਾਸ ਕਰ ਦਿੱਤਾ। ਇਸ ਤਹਿਤ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਦਾ ਮਾਲਕਾਨਾ ਹੱਕ ਫਿਰ ਤੋਂ ਦੇ ਦਿੱਤਾ ਗਿਆ।

ਬਿੱਲ ਪਾਸ ਹੋਣ ਤੋਂ ਬਾਅਦ ਪੰਜਾਬ ਵਿੱਚ ਐਸ.ਵਾਈ.ਐਲ. ਨਹਿਰ ਨੂੰ ਬੰਦ ਕਰਨ ਦਾ ਕੰਮ ਵੀ ਸ਼ੁਰੂ ਕਰ ਦਿੱਤਾ। ਇਸ ਵਿਚ ਅਕਾਲੀ ਦਲ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇੱਥੇ ਹੀ ਬਸ ਨਹੀਂ ਪੰਜਾਬ ਸਰਕਾਰ ਨੇ ਹਰਿਆਣਾ ਸਰਕਾਰ ਨੂੰ 191 ਕਰੋੜ ਰੁਪਏ ਦੀ ਰਕਮ ਦਾ ਚੈੱਕ ਵੀ ਵਾਪਸ ਕਰ ਦਿੱਤਾ।ਇਹ ਉਹ ਰਕਮ ਸੀ, ਜੋ ਹਰਿਆਣਾ ਸਰਕਾਰ ਨੇ ਨਹਿਰ ਲਈ ਜ਼ਮੀਨ ਐਕਵਾਇਰ ਕਰਨ ਲਈ ਪੰਜਾਬ ਸਰਕਾਰ ਨੂੰ ਦਿੱਤੀ ਸੀ। ਪੰਜਾਬ ਸਰਕਾਰ ਦੇ ਫ਼ੈਸਲੇ ਖ਼ਿਲਾਫ਼ ਹਰਿਆਣਾ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਜਾ ਕੇ ਨਹਿਰ ਦੇ ਲਈ ਤਤਕਾਲੀਨ ਰਸੀਵਰ ਨਿਯੁਕਤ ਕਰਨ ਦੀ ਅਪੀਲ ਕੀਤੀ। ਹਰਿਆਣਾ ਸਰਕਾਰ ਨੇ ਦਲੀਲ ਦਿੱਤੀ ਕਿ ਕੋਰਟ ਵੱਲੋਂ ਨਿਯੁਕਤ ਰਸੀਵਰ, ਨਹਿਰ ਦੀ ਜ਼ਮੀਨ ਅਤੇ ਕਾਗ਼ਜ਼ਾਤ ਤੁਰੰਤ ਆਪਣੇ ਕਬਜ਼ੇ ਵਿਚ ਲਏ।

ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਪਹਿਲਾ ਹੀ ਦੋਵਾਂ ਸੂਬਿਆਂ- ਪੰਜਾਬ ਤੇ ਹਰਿਆਣਾ ਨੂੰ ਗੱਲਬਾਤ ਰਾਹੀਂ ਸੁਖਾਵਾਂ ਹੱਲ ਕੱਢਣ ਲਈ ਆਪਣੇ ਅਧਿਕਾਰੀ ਨਾਮਜ਼ਦ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਸਕੱਤਰ ਪਹਿਲਾਂ ਹੀ ਹਰਿਆਣਾ ਦੇ ਮੁੱਖ ਸਕੱਤਰ ਨਾਲ ਤਾਲਮੇਲ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਦੋਵਾਂ ਸੂਬਿਆਂ ਦੇ ਮੁੱਖ ਸਕੱਤਰਾਂ ਦੀ ਅਗਵਾਈ ਹੇਠ ਟੀਮਾਂ ਦੀ ਆਪਸੀ ਗੱਲਬਾਤ ਚੱਲ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਸੁਪਰੀਮ ਕੋਰਟ ਵੱਲੋਂ ਦਿੱਤੇ ਚਾਰ ਮਹੀਨਿਆਂ ਦੇ ਸਮੇਂ ਅੰਦਰ ਦੋਵੇਂ ਸੂਬੇ ਗੱਲਬਾਤ ਜ਼ਰੀਏ ਇਸ ਮਾਮਲੇ ਦਾ ਹੱਲ ਕੱਢ ਲੈਣਗੇ। ਮਸਲਾ ਗੱਲਬਾਤ ਜ਼ਰੀਏ ਹੱਲ ਹੋ ਜਾਵੇ, ਇਹੀ ਬਿਹਤਰ ਹੋਵੇਗਾ।


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEIMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
ਤੀਰਥ ਗਾਖਲ
ਰੰਗ ਕਬੱਡੀ ਦੇ
UNITED SPORTS CLUB, CALIFORNIA AMERICA
Amolak Singh Gakhal
Chief Patron, United Sports Club
Sponsor of 1st Prize
Jagjit Singh Rakkar
Ocean Transport
Kuljit Singh Nijjar
White Hawlk
Sponsor of 2nd Prize
Jugraj Singh Sahota & Narinder Singh Sahota of Sahota Family
Late. Kashmir Singh Sahota
Sponsor of 3rd Prize
Jaswinder Boparai, Dalbir Boparai
Malkit Bopari, Gurdev Boparai
Diamond Sponsor
Inder Dosanjh
Dosanjh Family
Auto Group Inc.
Diamond Sponsor
In the loving Memory of
Late S. Mehnga Singh Sarai
By: Sarai Family
Sponsor All Open
1st Prize
Sponsored by
TAKHAR FAMILY
in loving memory of
Late. Santokh Singh Takhar
Apna Punjab Club
Late. Santokh Singh Takhar
Media In charge
World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਮੁੱਖ ਮਹਿਮਾਨ
OPENING
ਮੈਨੀ ਗਰੇਵਾਲ
ਸੁਰਜੀਤ ਸਿੰਘ ਟੁੱਟ
ਓਲੰਪੀਅਨ ਸੁਰਿੰਦਰ ਸਿੰਘ ਸੋਢੀ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਮੇਜਰ ਸਿੰਘ ਬੈਂਸ
ਤੀਰਥ ਸਿੰਘ ਗਾਖਲ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kirandeep Singh (director)
Kala Gakhal Director
Gurnam Singh Wraich
ਵਿਸ਼ੇਸ਼ ਮਹਿਮਾਨ
ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ,ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸਪੁਰ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ
ਗੋਲਡ ਮੈਡਲ ਨਾਲ ਸਨਮਾਨ
ਨੇਕੀ ਸਿੱਧਵਾਂ
ਮੰਗੀ ਬੱਗਾ ਪਿੰਡ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖੁਸ਼ੀ ਦੁੱਗਾਂ
ਸੁਲਤਾਨ ਸ਼ਮਸਪੁਰ
GUEST OF HONOUR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Pritam Singh Grewal
Bhupinder Singh Parmar
Makhan Sandhu
Amarjit Sangha
Bhjan Singh Thiara
Harwinder Singh Atwal
Kuldip S. Sahota
Uppal Manjit Singh
Pamma deol
Jaswant Singh Hothi
Joga Kang
Jass Sohal
Mangal Singh Bhandal
Dr. Harjinder Khehra
Pr. Sarwan Singh
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Sarup Singh Jhaj
Inderjit Dhugga
Lakha
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Kulwant Singh Khaira
Jaswant Singh Sarai
Ateetpal Singh
Arundeep Singh
Jagdeep Singh
Ravinder Singh Dhaliwal
Paramjit Sekhon
Dhanna Coach
Ruby Harkhowal
TUTT BROTHERS, INDER DOSANJH AUTO GROUP INC., OCEAN TRANSPORTS & WHITE HAWLK, INDERJIT THIND, JASPREET S ATORNY, GN TIRE & LUBE, TIRATH S GAKHAL, PAMMA LUDHAR. SIKH PANCHYAT, SANTOKH S. JUDGE, BOB DHILLON. MANN INSURANCE BROKERS, SIKH PANCHAYAT SADH SANGAT, SURINDER S. ATWAL, S. HARWINDER SINGH ATWAL. RANDHIR S. NIJJAR. JASWANT SINGH HOTHI, KASHMIR S DHOOT, SUNRISE TRUCKING, HARDUMAN (BILLA) SANGHERA, KULDEEP S. DHALIWAL, SUKHJIT S SANDHU. PARGAN SINGH. INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS. RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL. AMARITPAL S. DHILLON, BALIHAR SINGH SARPANCH, MOGA LOGISTIC INC., JEWEL OF INDIA INC.
MIKE BOPARAI, JASWANT SINGH SARAI, MANNY GREWAL, JAGDEEP SINGH INSURANCE, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, NAJAR SINGH SAHOTA, PRITAM S. GREWAL, HARDEV S. TAKHAR, SUKHBIR S. NIJJAR, KULWANT S KHEHRA, SUKHWANT S KHEHRA, BAY STAR TRANSPORT, MEHFIL INDIAN RESTAURANT, SHAHID BHAGAT SINGH CRICKET CLUB. GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH. PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH. SARBJIT
CENTRAL VALLEY SPORTS CLUB, KINGS SPORTS CLUB SACRAMENTO, NATOMOUS LIQUOR, GURNAM SINGH. PUNJAB TENT HOUSE, JAGTAR SINGH, AVTAR S SRA, HARBHAJAN S GAKHAL. ALVARADO B P SERVICE. LACHHMAN S MANGAT, BILL BAINS CPA. MAJOR S GAKHAL, SOHAN S GAKHAL. JARNAIL S MANN. JASVIR S TAKHAR. SURINDER S DHANOA, BOOTA SINGH, SHANKAR SINGH, JASBIR S NAHAL, CAR WASH GILLROY. RANA KAHLON, SUCHA RAM BHARTA. SHASHI PAUL, HARWINDER S DHALIWAL. MAJOR S GILL. JACK RAM, PAUL RAM, SEWA SINGH, JASSI SHERGILL, MALAGHAR S KHERA, BITTU RAI, BALWINDER VIRK, JASWANT UPPAL, KULDEEP S MANN, JOGA SINGH, NACHHATTAR KHABRA, CHARAN SINGH BHANDAL, KIRPAL SINGH ATWAL, JAGJIT SINGH, GURBAX SINGH DHILLON.
ਕੁਮੈਂਟੇਟਰ
ਆਸ਼ਾ ਸ਼ਰਮਾ, ਸ਼ਕਤੀ ਮਾਣਕ,
ਇਕਬਾਲ ਗਾਲਿਬ,
ਮੱਖਣ ਅਲੀ, ਸੁਰਜੀਤ ਕਕਰਾਲੀ
All Kabaddi Lovers are openly Invited
Raja Sweets & Catering
RPV RAMA PHOTO VIDEO
CHICAGO'S PIZZA With-A-Twist
ਆਲ ਓਪਨ ਯੂ.ਐੱਸ.ਏ: ਯੂਨਾਈਟਡ ਸਪੋਰਟਸ ਕਲੱਬ,
ਯੰਗ ਸਪੋਰਟਸ ਕਬੱਡੀ ਕਲੱਬ ਕੈਲੀਫੋਰਨੀਆਂ
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. Young Sports Kabaddi Club CA.
3. Metro Sports Club New York 4. Canada Club
Spectator Have to reach at James Logan High School, International Law of Kabddi will apply, United Sports Club has reserve the right for last decisions.


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


kw DALLAS PRESTON ROAD
KELLERWILLIAMS. REALTY
REALTOR MLS
Buy Sell Homes
REAL ESTATE
Baljeet Kaur Pannu
REALTOR®
Call/Text: 972-522-9427
Web : www.MyDesiAgent.com
Email : bpannu@kw.com
18383 Preston Rd Ste-150, Dallas TX, 75252
Each office is individually owned and operated


Follow us on:
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders


Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING
TABLE CLOTH, NAPKINS, CHAIRS ETC.

5TH ANNUAL BUYER'S TRADE SHOW IN PASADENA

FREE ADMISSION & FOOD

APCA
AMERICAN PETROLEUM AND CONVENIENCE STORE ASSOCIATION

Wednesday, September 25, 2019
1:00 PM to 6 PM
Pasadena Convention Center
300 E Green Street
Pasadena, CA 91101

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ
ਇਸ ਵਾਰ ਪੰਜਵਾਂ ਸਾਲਾਨਾ ਟਰੇਡ ਸ਼ੋਅ
ਲਾਸ ਏਂਜਲਸ ਵਿਖੇ ਹੋਵੇਗਾ

ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।



Special Vendor Deals + New Items

100+ Vendor Booths And 400+ Retailers From All Over California

Hourly Cash Prizes
A GRAND PRIZE
And Free Raffle Prizes Are Being Given Away!















Designed By Punjab Mail USA

# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਵਿ

## ਮੌਜੂਦਾ ਪ੍ਰਬੰਧਕਾਂ ਦੇ ਤਾਨਾਸ਼ਾਹੀ ਰਵੱਈਏ ਅਤੇ ਗੁਰਦੁਆਰਾ ਕਮ












**ਸੈਨਹੋਜ਼ੇ/ਏਟੀ ਨਿਊਜ਼ :** ਲੰਘੇ ਐਤਵਾਰ "ਸਾਧ ਸੰਗਤ ਸਲੇਟ" ਵੱਲੋਂ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ 22 ਸਤੰਬਰ ਨੂੰ ਹੋ ਰਹੀਆਂ ਚੋਣਾਂ ਨੂੰ ਮੁੱਖ ਰੱਖਦਿਆਂ, ਆਰੀਆ ਰੈਸਟੋਰੈਂਟ ਮਿਲਪੀਟਸ ਵਿੱਚ ਸਿੱਖ ਸੰਗਤਾਂ ਦਾ ਇੱਕ ਇਕੱਠ ਬੁਲਾਇਆ ਗਿਆ ਸੀ। ਭਾਰੀ ਗਿਣਤੀ ਵਿੱਚ ਪੁੱਜੀਆਂ ਸੰਗਤਾਂ ਨੇ ਇਨ੍ਹਾਂ ਚੋਣਾਂ ਵਿਚ ਵੱਡੇ ਬਦਲਾਅ ਦਾ ਪ੍ਰਗਟਾਵਾ ਕਰਦਿਆਂ "ਸਾਧ ਸੰਗਤ ਸਲੇਟ" ਦੇ ਸਾਰੇ ਉਮੀਦਵਾਰਾਂ ਨੂੰ ਜਿਤਾਉਣ ਦਾ ਫੈਸਲਾ ਕੀਤਾ।

ਜ਼ਿਕਰਯੋਗ ਹੈ ਕਿ ਮੌਜੂਦਾ ਪ੍ਰਬੰਧਕ ਪਿਛਲੇ ਲੰਬੇ ਸਮੇਂ ਤੋਂ ਪਰਿਵਾਰਕ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਕਬਜ਼ਾ ਜਮਾ ਕੇ ਬੈਠੇ ਹੋਏ ਹਨ ਅਤੇ ਨਵੇਂ ਕਿਸੇ ਸੰਗਤ ਮੈਂਬਰ ਨੂੰ ਮੌਕਾ ਨਹੀਂ ਦੇ ਰਹੇ। ਇਸੇ ਸੰਦਰਭ ਵਿਚ ਮੌਜੂਦਾ ਪ੍ਰਬੰਧਕਾਂ ਨੇ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਵਿਚ ਖਤਰਨਾਕ ਤਬਦੀਲੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਕਰ ਰਹੇ ਹਨ। ਅਜਿਹਾ ਕਰਕੇ ਮੌਜੂਦਾ ਪ੍ਰਬੰਧਕ 'ਗੁਰੂ ਕੀ ਗੋਲਕ' ਦਾ ਲੱਖਾਂ ਡਾਲਰ ਅਦਾਲਤਾਂ ਵਿਚ ਉਜਾੜ ਰਹੇ ਹਨ।

ਇਸ ਇਕੱਠ ਵਿਚ ਮੌਜੂਦਾ ਪ੍ਰਬੰਧਕਾਂ ਵੱਲੋਂ ਸੰਵਿਧਾਨ ਵਿਚ ਦੁਬਾਰਾ ਖਤਰਨਾਕ ਤਬਦੀਲੀ ਸਬੰਧੀ ਘਰਾਂ ਵਿਚ ਪਾਈਆਂ ਗਈਆਂ ਚਿੱਠੀਆਂ ਅਤੇ ਵਿਰੋਧੀ ਧਿਰ ਨੂੰ ਵੋਟਰ ਸੂਚੀ ਅਤੇ ਵੋਟਰ ਸੂਚੀ ਨਾਲ ਸਬੰਧਤ ਰਿਕਾਰਡ ਨਾ ਦੇਣ ਕਾਰਨ ਗੁੱਸੇ ਭਰੀ ਚਰਚਾ ਚਲਦੀ ਸੁਣੀ ਗਈ। ਯਾਦ ਰਹੇ ਕਿ ਮੌਜੂਦਾ ਪ੍ਰਬੰਧਕ ਆਪਣਾ ਪੱਕੇ ਤੌਰ 'ਤੇ ਕਬਜ਼ਾ ਜਮਾਉਣ ਲਈ ਦੁਬਾਰਾ ਫਿਰ ਸੰਵਿਧਾਨ ਵਿਚ ਖਤਰਨਾਕ ਤਬਦੀਲੀ ਕਰਨ ਦਾ ਪ੍ਰਸਤਾਵ ਬੈਲਟ ਪੇਪਰ 'ਤੇ ਲਿਆ ਰਹੇ ਹਨ।

ਇਸ ਭਾਰੀ ਗਿਣਤੀ ਵਿਚ ਹੋਏ ਇਕੱਠ ਵਿਚ ਬੋਲਦਿਆਂ ਵੱਖ-ਵੱਖ ਬੁਲਾਰਿਆਂ ਨੇ ਮੌਜੂਦਾ ਪ੍ਰਬੰਧਕਾਂ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਤੋਂ ਲਾਂਭੇ ਕਰਨ ਦਾ ਤਹੱਈਆ ਕੀਤਾ ਅਤੇ ਸਾਧ ਸੰਗਤ ਸਲੇਟ ਦੇ ਨਵੇ ਉਮੀਦਵਾਰਾਂ ਨੂੰ ਜਿਤਾਉਣ ਲਈ ਸੰਗਤ ਨੂੰ ਅਪੀਲ ਕੀਤੀ। ਸਾਰੇ ਬੁਲਾਰਿਆਂ ਵੱਲੋਂ ਮੌਜੂਦਾ ਪ੍ਰਬੰਧਕਾਂ ਦੇ ਤਾਨਸ਼ਾਹੀ ਰਵੱਈਏ ਅਤੇ ਪੱਕਿਆਂ ਤੌਰ 'ਤੇ ਕਬਜ਼ਾ ਜਮਾਉਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਸੰਗਤ ਨੂੰ ਸੰਵਿਧਾਨ ਵਿਚ ਖਤਰਨਾਕ ਤਬਦੀਲੀਆਂ ਦੇ ਪ੍ਰਸਤਾਵ ਨੂੰ ਮੁਕੰਮਲ ਤੌਰ 'ਤੇ ਰੱਦ ਕਰਨਾ ਚਾਹੀਦਾ ਹੈ ਤਾਂ ਕਿ ਗੁਰਦੁਆਰਾ ਸਾਹਿਬ ਸੰਗਤੀ ਪ੍ਰਬੰਧ ਹੇਠ ਹੀ ਰਹੇ।

22 ਸਤੰਬਰ ਨੂੰ ਹੋ ਰਹੀਆਂ ਚੋਣਾਂ ਬਾਰੇ ਬੁਲਾਰਿਆਂ ਨੇ ਕਿਹਾ ਕਿ ਮੌਜੂਦਾ ਪ੍ਰਬੰਧਕਾਂ ਵੱਲੋਂ ਚੋਣਾਂ ਕਰਵਾਉਣ ਲਈ ਜੋ ਕਥਿਤ ਇਲੈਕਸ਼ਨ ਕਮੇਟੀ ਬਣਾਈ ਹੋਈ ਹੈ, ਉਸ ਵਿਚ ਵਿਰੋਧੀ ਧਿਰ ਦਾ ਕੋਈ ਵੀ ਮੈਂਬਰ ਨਹੀਂ ਲਿਆ ਗਿਆ ਅਤੇ ਨਾ ਹੀ ਇਲੈਕਸ਼ਨ ਕਮੇਟੀ ਬਣਾਉਣ ਸਮੇਂ ਵਿਰੋਧੀ ਧਿਰ ਨੂੰ ਪੁੱਛਿਆ ਹੀ ਗਿਆ। ਬੁਲਾਰਿਆਂ ਨੇ ਦੋਸ਼ ਲਾਉਂਦਿਆਂ ਕਿਹਾ ਕਿ ਇਲੈਕਸ਼ਨ ਕਮੇਟੀ ਭੁਪਿੰਦਰ ਸਿੰਘ ਬਾਬ ਢਿੱਲੋਂ ਦੀ ਕਠਪੁਤਲੀ ਬਣ ਕੇ ਹੀ ਚੱਲ ਰਹੀ ਹੈ। ਇਲੈਕਸ਼ਨ ਕਮੇਟੀ ਨੇ ਵਿਰੋਧੀ ਧਿਰ ਨੂੰ ਵੋਟਾਂ ਬਣਾਉਣ ਦਾ ਵੀ ਪੂਰਾ ਮੌਕਾ ਨਹੀਂ ਦਿੱਤਾ ਅਤੇ ਸੰਗਤ ਨੂੰ ਲੰਬੀਆਂ ਲਾਈਨਾਂ ਵਿਚ ਲੰਬਾ ਸਮਾਂ ਖੜ੍ਹ ਕੇ ਵੋਟਾਂ ਬਣਾਉਣੀਆਂ ਪਈਆਂ ਅਤੇ ਕਈਆਂ ਨੂੰ ਅਤਿ ਦੀ ਗਰਮੀ ਵਿਚ ਬਿਨਾ ਵੋਟ ਬਣਾਏ ਹੀ ਘਰ ਵਾਪਸ ਜਾਣਾ ਪਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਦੇਖਣ ਨੂੰ ਮਿਲੀ ਕਿ ਮੌਜੂਦਾ ਪ੍ਰਬੰਧਕਾਂ ਨੇ ਸਕਿਉਰਿਟੀ ਲਾ ਕੇ ਵੋਟਾਂ ਬਣਾਉਣ ਸਮੇਂ ਸੰਗਤਾਂ ਵਿਚ ਡਰ ਦਾ ਮਾਹੌਲ ਪੈਦਾ ਕੀਤਾ।

ਇਸ ਮੌਕੇ ਪ੍ਰਿਤਪਾਲ ਸਿੰਘ, ਜਸਵੰਤ ਸਿੰਘ ਹੋਠੀ, ਬੀਬੀ ਸੁਰਿੰਦਰਜੀਤ ਕੌਰ, ਬੀਬੀ ਗੁਰਮੀਤ ਕੌਰ ਛੀਨਾ, ਤਰਲੋਚਨ ਸਿੰਘ ਦੁਪਾਲਪੁਰ, ਇੰਦਰਜੀਤ ਸਿੰਘ ਥਿੰਦ, ਜਸਪਾਲ ਸਿੰਘ ਸੈਣੀ, ਭਾਈ ਰਾਮ ਸਿੰਘ, ਮਹਿੰਦਰ ਸਿੰਘ ਮਾਨ, ਮਝੈਲ ਸਿੰਘ ਸਰਾਂ, ਗੁਰਦਿਆਲ ਸਿੰਘ ਨੂਰਪੁਰੀ, ਰਾਜ ਬਡਵਾਲ, ਜਗਜੀਤ ਸਿੰਘ ਗੁਰਾਇਆਂ, ਬਲਬੀਰ ਸਿੰਘ ਟੁੱਟ, ਬਲਕਾਰ ਸਿੰਘ, ਸਰਨਪਾਲ ਸਿੰਘ ਬੈਂਸ ਅਤੇ ਬਲਬੀਰ ਸਿੰਘ ਢਿੱਲੋਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸਾਧ ਸੰਗਤ ਸਲੇਟ ਦੇ ਸਾਰੇ ਉਮੀਦਵਾਰਾਂ ਨੂੰ ਜਿਤਾਉਣ ਦੀ ਸੰਗਤ ਨੂੰ ਅਪੀਲ ਕੀਤੀ। ਸਟੇਜ ਸਕੱਤਰ ਦੀ ਸੇਵਾ ਮਨਪ੍ਰੀਤ ਸਿੰਘ ਬਦੇਸ਼ਾ ਨੇ ਨਿਭਾਈ ਅਤੇ ਸਾਧ ਸੰਗਤ ਸਲੇਟ ਦੇ ਸਾਰੇ ਉਮੀਦਵਾਰਾਂ ਦੀ ਜਾਣ-ਪਛਾਣ ਵੀ ਕਰਵਾਈ ਗਈ।





















SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578




Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345




Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਹੜ੍ਹ ਪੀੜਤ ਪ੍ਰਦੂਸ਼ਿਤ ਪਾਣੀ ਕਾਰਨ ਭਿਅੰਕਰ ਬਿਮਾਰੀਆਂ 'ਚ ਜਕੜੇ ਜਾਣ ਲੱਗੇ

- ਜ਼ਹਿਰੀਲਾ ਮੱਛਰ ਤੇ ਕੀਟਾਣੂ ਪਸ਼ੂਆਂ ਤੇ ਲੋਕਾਂ ਨੂੰ ਕਰਨ ਲੱਗਾ ਬਿਮਾਰ
- ਛੋਟੇ ਛੋਟੇ ਬੱਚਿਆਂ ਦਾ ਚਮੜੀ ਦੀ ਬਿਮਾਰੀ ਕਾਰਨ ਮਾਸ ਲੱਗਾ ਗਲਣ
- ਪੰਜਾਬ ਦਾ 2 ਹਜ਼ਾਰ ਕਰੋੜ ਰੁਪਏ ਤੋਂ ਵਧ ਨੁਕਸਾਨ ਹੋਇਆ

ਪ੍ਰੋ. ਬਲਵਿੰਦਰਪਾਲ ਸਿੰਘ
(ਮੋਬ. 9815700916)



ਅਸੀਂ ਟਾਪੂਨੁਮਾ ਪਿੰਡ ਮੰਡਿਆਲੇ ਛੰਨਾ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵਾਲੇ ਬੋਟ ਵਿਚ ਸੁਆਰ ਹੋ ਕੇ ਪਹੁੰਚੇ। ਇਹ ਰਾਏ ਸਿੱਖਾਂ ਦੀ ਬਸਤੀ ਹੈ। ਇੱਥੇ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵਲੋਂ ਸਰਕਾਰੀ ਸਕੂਲ ਜੋ ਹੜ੍ਹਾਂ ਕਾਰਨ ਟੁੱਟ ਭੱਜ ਚੁੱਕਾ ਹੈ, ਮੈਡੀਕਲ ਕੈਂਪ ਲਗਾਇਆ ਗਿਆ। ਇਸ ਸਕੂਲ ਦੇ ਬਾਰੀਆਂ ਦਰਵਾਜ਼ੇ ਟੁਟੇ ਹੋਏ ਕਬਾੜ ਬਣ ਚੁੱਕੇ ਹਨ, ਛੱਤਾਂ ਟੁੱਟ ਚੁੱਕੀਆਂ ਹਨ। ਗਰੀਬ ਸਿੱਖਾਂ ਦਾ ਇਕੋ ਇਕ ਪੜ੍ਹਾਈ, ਵਿਦਿਆ ਦਾ ਜ਼ਰੀਆ ਵੀ ਖੁਸ ਗਿਆ। ਇਸ ਪਿੰਡ ਦੀ ਮਦਦ ਕਰਨ ਦੀ ਬਹੁਤ ਜ਼ਿਆਦਾ ਲੋੜ ਹੈ ਤਾਂ ਜੋ ਗਰੀਬ ਸਿੱਖਾਂ ਨੂੰ ਪੜ੍ਹਿਆ ਲਿਖਿਆ ਬਣਾਇਆ ਜਾ ਸਕੇ ਤੇ ਇਹਨਾਂ ਦੀ ਤਕਦੀਰ ਬਦਲੀ ਜਾ ਸਕੇ। ਇੱਥੋਂ ਦਾ ਗੁਰਦੁਆਰਾ ਚਾਰੇ ਪਾਸੇ ਪਾਣੀ ਵਿਚ ਘਿਰ ਚੁੱਕਾ ਹੈ। ਪਿੰਡ ਦੇ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾ ਦਿੱਤਾ, ਪਰ ਪਾਲਕੀ ਵੱਡੀ ਹੋਣ



ਕਰਕੇ ਹੜ੍ਹ ਦੀ ਭੇਟ ਚੜ੍ਹ ਗਈ। ਗੁਰਦੁਆਰੇ ਦਾ ਬਾਕੀ ਸਮਾਨ ਛੱਤ ਉੱਪਰ ਚੜ੍ਹਾ ਦਿੱਤਾ ਗਿਆ ਹੈ। ਮੰਡਿਆਲਾ ਛੰਨਾ ਦੇ ਸਕੂਲ ਕਮੇਟੀ ਦੇ ਮੈਂਬਰ ਮਲਕੀਤ ਸਿੰਘ ਦੱਸਦੇ ਹਨ ਕਿ ਇਥੋਂ ਦੇ ਲੋਕ ਅਮੀਰ ਨਹੀਂ ਹਨ, ਸਾਰੇ ਕਿਰਤੀ ਤੇ ਮਜ਼ਦੂਰ ਹਨ। ਦਸ-ਦਸ, ਵੀਹ-ਵੀਹ ਰੁਪਏ ਇਕੱਠੇ ਕਰਕੇ ਅਸੀਂ ਸਕੂਲ ਦੀ ਛੱਤ 'ਤੇ ਮਿੱਟੀ ਪੁਆਈ ਹੈ ਤਾਂ ਜੋ ਛੱਤਾਂ ਨਾ ਚੋਣ। ਗੁਰਦੁਆਰੇ ਦੇ ਗਰੰਥੀ ਹਰਦੇਵ ਸਿੰਘ ਦਾ ਗੰਦੇ ਪਾਣੀ ਕਾਰਨ ਕੰਨ ਦਾ ਪਰਦਾ ਖਰਾਬ ਹੋ ਚੁੱਕਾ ਹੈ, ਇਸ ਦਾ ਇਲਾਜ ਸਿੱਖ ਸੇਵਕ ਸੁਸਾਇਟੀ ਕਰਵਾ ਰਹੀ ਹੈ ਤੇ ਨਾਲ ਗੁਰਦੁਆਰੇ ਨੂੰ ਪਾਲਕੀ ਸਾਹਿਬ ਤੇ ਹੋਰ ਵਸਤਰ ਭੇਟ ਕਰੇਗੀ। ਇੱਥੇ ਗੁਰਦੁਆਰਾ ਵੀ ਉਚਾ ਕਰਾਉਣ ਦੀ ਲੋੜ ਹੈ ਤੇ ਗੇਟ ਵੀ ਬਣਾਉਣ ਦੀ ਲੋੜ ਹੈ ਤਾਂ ਜੋ ਸਿੱਖੀ ਦਾ ਪ੍ਰਚਾਰ ਹੋ ਸਕੇ। ਇੱਥੇ ਇਕ ਪ੍ਰਚਾਰਕ ਦੀ ਵੀ ਲੋੜ ਹੈ, ਤਾਂ ਜੋ ਇਸ ਪਿੰਡ ਵਿਚ ਸਿੱਖੀ ਨੂੰ ਪਰਪੱਕ ਕੀਤਾ ਜਾ ਸਕੇ। ਸ਼੍ਰੋਮਣੀ ਕਮੇਟੀ ਦਾ ਪ੍ਰਚਾਰਕ ਇੱਥੇ ਅੱਜ ਤੱਕ ਨਹੀਂ ਆਇਆ। ਇੱਥੇ ਸਰਦੀਆਂ ਦੇ ਲਈ ਲੋਕਾਂ ਨੂੰ ਕੰਬਲਾਂ, ਰਜਾਈਆਂ, ਬੱਚਿਆਂ ਦੀਆਂ ਕਿਤਾਬਾਂ, ਫੀਸਾਂ ਤੇ ਬੈਗ ਦੀ ਲੋੜ ਹੈ। ਇੱਥੇ ਸਿੱਖ ਸੇਵਕ ਸੁਸਾਇਟੀ ਵਲੋਂ ਜਥੇਦਾਰ ਪਰਮਿੰਦਰਪਾਲ ਸਿੰਘ ਅਗਵਾਈ ਵਿਚ ਮੱਛਰ ਮਾਰ ਦਵਾਈ ਦਾ ਛਿੜਕਾਅ ਵੀ ਕੀਤਾ ਗਿਆ।

**ਚਿੱਟੀ ਵੇਈ ਲੋਕਾਂ ਲਈ ਸਰਾਪ ਬਣੀ -**

ਹੜ੍ਹਾਂ ਕਾਰਨ ਪ੍ਰਦੂਸ਼ਿਤ ਹੋਈ ਚਿੱਟੀ ਵੇਈ ਦਾ ਪਾਣੀ ਲੋਹੀਆਂ ਹਲਕੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਲੋਹੀਆਂ ਹਲਕੇ ਦਾ ਜ਼ਮੀਨਦੋਜ਼ ਪਾਣੀ ਪੂਰੀ ਤਰ੍ਹਾਂ ਤਬਾਹ ਹੋ ਕੇ ਹੜ੍ਹ ਪੀੜਤ ਲੋਕਾਂ ਦੀ ਬਿਮਾਰੀ ਦਾ ਕਾਰਨ ਬਣ ਗਿਆ ਹੈ। ਇਸ ਦੇ ਚਲਦਿਆਂ ਸੈਂਕੜੇ ਲੋਕ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਕਾਲਾ ਸੰਘਿਆ ਡਰੇਨ ਦੀ ਗੰਦਗੀ ਕਾਰਨ ਅਨੇਕਾਂ ਲੋਕ ਚਮੜੀ, ਅੱਖ, ਕੰਨ, ਅੰਤੜੀਆਂ, ਪੇਟ ਆਦਿ ਮਾਰੂ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਸਭ ਦੇ ਬਾਵਜੂਦ ਕੈਪਟਨ ਸਰਕਾਰ ਅਤੇ ਜਲੰਧਰ ਪ੍ਰਸ਼ਾਸਨ ਕੋਈ ਪਰਵਾਹ ਨਹੀਂ ਕਰ ਰਿਹਾ। ਪੰਥਕ ਜਥੇਬੰਦੀਆਂ ਹੜ੍ਹ ਪੀੜਤ ਇਲਾਕਿਆਂ ਵਿਚ ਭਾਈ ਘਨਈਆ ਦਾ ਰੂਪ ਧਾਰਨ ਕਰਕੇ ਵੱਡੀ ਸੇਵਾ ਕਰ ਰਹੀਆਂ ਹਨ। ਸਿੱਖ ਸੇਵਕ ਸੁਸਾਇਟੀ ਨੇ ਦੁਆਬੇ ਵਿਚ ਮੈਡੀਕਲ ਕੈਂਪ ਲਗਾ ਕੇ ਸਭ ਤੋਂ ਵੱਡਾ ਰੋਲ ਨਿਭਾਇਆ ਹੈ ਤੇ ਲੋਕਾਂ ਨੂੰ ਘਰ ਦੀ ਸਫਾਈ, ਪਾਣੀ ਦੀ ਵਰਤੋਂ ਤੇ ਪ੍ਰਦੂਸ਼ਣ ਪਾਣੀ ਸਾਫ਼ ਕਰਨ ਦੀ ਵਿਧੀ ਤੇ ਬਿਮਾਰੀਆਂ ਦੇ ਬਚਾਓ ਦੀ ਵਿਧੀ ਦੱਸੀ ਹੈ। ਇੱਥੋਂ ਤੱਕ ਕਿ ਘਰੋਂ ਘਰੀ ਜਾ ਕੇ ਤੇ ਆਪਣੇ ਬੇਟਰੀ ਵਾਲੇ ਸਪੀਕਰ ਲੈ ਕੇ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਜਾਗਰਿਤ ਕੀਤਾ ਤੇ ਮੈਡੀਕਲ ਕੈਂਪ ਵਿਚ ਆਉਣ ਦਾ ਸੱਦਾ ਦਿੱਤਾ।

ਇਹ ਮੈਡੀਕਲ ਕੈਂਪ ਲਗਾਉਣ ਦੇ ਲਈ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸੇਵਕਾਂ ਨੂੰ ਨਦੀ ਵਰਗੀ ਬਣੀਆਂ ਡਰੇਨਾਂ ਤੇ ਟੁੱਟੀਆਂ ਹੋਈਆਂ ਬੇੜੀਆਂ ਵਿਚ ਸਵਾਰ ਹੋ ਕੇ ਹੜ੍ਹ ਪੀੜਤ ਪਿੰਡਾਂ ਮੰਡਿਆਲਾ-ਛੰਨਾ, ਗਿੱਦੜਪਿੰਡੀ, ਮੁੰਡੀ ਕਾਲੂ, ਲੱਖੋਕੇ ਛੰਨਾ, ਜਾਨੀਆ ਚਾਹਲ, ਮੁੰਡੀ ਚੋਲੀਆਂ, ਮੰਡੀ ਸ਼ਹਿਰੀਆਂ, ਧੱਕਾ ਬਸਤੀ, ਮੁੰਡੀ ਕਾਸੋ ਵਿਚ ਜਾਣਾ ਪਿਆ। ਸਾਰੇ ਪਾਸੇ ਕਾਲੇ ਪ੍ਰਦੂਸ਼ਿਤ ਪਾਣੀ ਦੇ ਵਿਚ ਪਿੰਡ ਫਸੇ ਹੋਏ ਟਾਪੂ ਬਣੇ ਹੋਏ ਸਨ। ਸਰਕਾਰੀ ਅਦਾਰਿਆਂ ਦਾ ਕਿਤੇ ਨਾਮੋ-ਨਿਸ਼ਾਨ ਨਹੀਂ ਸੀ ਦਿਖਾਈ ਦੇ ਰਿਹਾ ਸੀ। ਨਾ ਹੀ ਸਰਕਾਰੀ ਹੈਲਥ ਟੀਮਾਂ ਸਨ ਤੇ ਨਾ ਹੀ ਰਾਸ਼ਨ ਵੰਡਣ ਵਾਲੀਆਂ ਟੀਮਾਂ ਦਿਖਾਈ ਦਿੱਤੀਆਂ। ਕਈ ਹੜ੍ਹ ਪੀੜਤ ਲੋਕ ਆਪਣੇ ਘਰ ਛੱਡ ਕੇ ਰਿਸ਼ਤੇਦਾਰਾਂ ਕੋਲ ਜਾ ਚੁੱਕੇ ਸਨ, ਫਸਲਾਂ ਤਬਾਹ ਹੋ ਚੁੱਕੀਆਂ ਸਨ। ਲੋਕਾਂ ਨੇ ਹੜ੍ਹਾਂ ਤੋਂ ਡਰਦਿਆਂ ਛੱਤਾਂ 'ਤੇ ਪਨਾਹ ਲਈ ਹੋਈ ਸੀ ਤੇ ਉੱਪਰ ਟੈਂਟ ਲਗਾਏ ਹੋਏ ਸਨ। ਇੱਥੇ ਸਾਰਾ ਪੀਣ ਵਾਲਾ ਪਾਣੀ ਪ੍ਰਦੂਸ਼ਿਤ ਹੋ ਚੁੱਕਾ ਸੀ। ਸਾਰੇ ਪਾਸੇ ਬੋਅ ਖਿਲਰੀ ਪਈ ਸੀ। ਪਾਣੀਆਂ ਨੂੰ ਕੰਟਰੋਲ ਕਰਨ ਵਾਲੇ ਬੰਨ੍ਹ ਟੁੱਟੇ ਚੁੱਕੇ ਸਨ। ਧੁੱਸੀ ਬੰਨ੍ਹ ਦੇ ਟੁੱਟ ਰਹੇ ਕਿਨਾਰਿਆਂ ਨੂੰ ਬੰਨ੍ਹਣ ਲਈ ਕਈ ਥਾਂਵਾਂ 'ਤੇ ਪੰਥਕ ਜਥੇਬੰਦੀਆਂ ਕਾਰ ਸੇਵਾ ਚਲ ਰਹੀ ਸੀ। ਇੱਥੇ ਪੰਜਾਬ 40 ਪਿੰਡ ਪ੍ਰਭਾਵਿਤ ਹੋ ਚੁੱਕੇ ਸਨ।

ਜਿਉਂ ਜਿਉਂ ਇੱਥੋਂ ਪਾਣੀ ਨੀਵਾਂ ਹੁੰਦਾ ਜਾਵੇਗਾ, ਬਿਮਾਰੀਆਂ ਦਾ ਪ੍ਰਕੋਪ ਵੱਧਦਾ ਜਾਵੇਗਾ। ਇੱਥੇ ਦੋ ਤਿੰਨ ਮਹੀਨੇ ਬਿਮਾਰੀਆਂ ਖਤਮ ਹੋਣ ਵਾਲੀਆਂ ਨਹੀਂ ਹਨ ਤੇ ਬਿਮਾਰੀਆਂ ਹੋਰ ਵੀ ਵਧ ਸਕਦੀਆਂ ਹਨ। ਸਿੱਖ ਸੇਵਕ ਸੁਸਾਇਟੀ ਨੇ ਇਹਨਾਂ ਆਲੇ ਦੁਆਲੇ ਪਿੰਡਾਂ ਵਿਚ ਮੱਛਰਮਾਰ ਦਵਾਈਆਂ ਦਾ ਛਿੜਕਾਅ ਕੀਤਾ ਤੇ ਲੋਕਾਂ ਨੂੰ ਘਰਾਂ ਵਿਚ ਮੱਛਰ ਮਾਰਨ ਦੇ ਲਈ ਛੋਟੇ ਪੰਪ ਵੰਡੇ, ਗੁੱਡ ਨਾਈਟ, ਆਡੋਮਾਸ, ਮੱਛਰਦਾਨੀਆਂ, ਫੋਲਡਿੰਗ ਬੈੱਡ, ਗੱਦੇ, ਚੱਪਲਾਂ, ਕੱਪੜੇ, ਮੈਡੀਕਲ ਕਿੱਟ ਵੀ ਦਿੱਤੀ। ਮੈਡੀਕਲ ਕੈਂਪ ਦੀ ਅਗਵਾਈ ਡਾਕਟਰ ਦਿਲਮੋਹਨ ਸਿੰਘ ਕਰ ਰਹੇ ਹਨ ਤੇ ਉਨ੍ਹਾਂ ਦੀ ਨਾਲ ਸਹਾਇਤਾ ਇਸ ਜਥੇਬੰਦੀ ਵਿਚ ਹੁਣੇ ਜਿਹੇ ਸ਼ਾਮਲ ਹੋਇਆ ਗੁਰਸਿੱਖ ਜਸਪ੍ਰੀਤ ਸਿੰਘ (19) ਕਰ ਰਿਹਾ ਸੀ, ਜੋ ਇੰਜੀਨੀਅਰਿੰਗ ਕਰ ਰਿਹਾ ਹੈ। ਅਜਿਹੇ ਕੈਂਪ ਹੋਰ ਵੀ ਪਿੰਡਾਂ ਵਿਚ ਲਗਾਏ ਜਾਣਗੇ।

**ਹੜ੍ਹਾਂ ਲਈ ਜ਼ਿੰਮੇਵਾਰ ਭਾਖੜਾ ਡੈਮ ਦੇ ਪ੍ਰਬੰਧਕ-**

ਪੰਜਾਬ ਵਿਚ ਆਏ ਹੜ੍ਹਾਂ ਬਾਰੇ ਕਈ ਧਿਰਾਂ ਇਸ ਦਾ ਦੋਸ਼ ਭਾਖੜਾ ਡੈਮ ਦੇ ਪ੍ਰਬੰਧਕਾਂ ਸਿਰ ਮੜ੍ਹ ਰਹੀਆਂ ਹਨ। ਇਸ ਦਾ ਇਕ ਕਾਰਨ ਸੂਬਾ ਸਰਕਾਰ ਵੱਲੋਂ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਮਨਜ਼ੂਰ ਕੀਤੇ ਗਏ 100 ਕਰੋੜ ਵਿਚੋਂ ਵੀ ਅੱਧੇ ਪੈਸੇ ਦੇਣ ਨੂੰ ਮੰਨਿਆ ਜਾ ਰਿਹਾ ਹੈ। ਡਰੇਨੇਜ ਵਿਭਾਗ ਨੇ ਪੰਜਾਬ ਦੇ ਵਿੱਤ ਵਿਭਾਗ ਕੋਲੋਂ ਦਰਿਆਵਾਂ ਦੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਲਈ 300 ਕਰੋੜ ਰੁਪਏ ਦੀ ਮੰਗ ਕੀਤੀ ਸੀ। ਸੂਬਾ ਸਰਕਾਰ ਨੇ ਕੇਵਲ 100 ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਸੀ ਪਰ ਉਸ ਵਿੱਚੋਂ ਵੀ ਅੱਧੇ ਪੈਸੇ 50 ਕਰੋੜ ਰੁਪਏ ਦਿੱਤੇ ਗਏ। ਪੰਜਾਬ ਦੇ ਵਿੱਤ ਵਿਭਾਗ ਨੇ ਡਰੇਨੇਜ਼ ਵਿਭਾਗ ਨੂੰ 250 ਕਰੋੜ ਰੁਪਏ ਦੇਣ ਤੋਂ ਸਰਫਾ ਕਰ ਲਿਆ ਸੀ ਪਰ ਹੜ੍ਹਾਂ ਦੀ ਮਾਰ ਨੇ ਪੰਜਾਬ ਦੇ ਲੋਕਾਂ ਦਾ 2000 ਕਰੋੜ ਤੋਂ ਵੱਧ ਦਾ ਨੁਕਸਾਨ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸੂਬੇ ਵਿੱਚ 1500 ਕਿਲੋਮੀਟਰ ਦੇ ਕਰੀਬ ਡਰੇਨਾਂ ਹਨ, ਜਿਨ੍ਹਾਂ ਨੂੰ ਬਰਸਾਤਾਂ ਤੋਂ ਪਹਿਲਾਂ ਸਾਫ਼ ਕਰਨਾ ਜ਼ਰੂਰੀ ਹੁੰਦਾ ਹੈ। ਇਹ ਡਰੇਨਾਂ ਸਾਫ਼ ਨਹੀਂ ਕੀਤੀਆਂ ਗਈਆਂ, ਜਿਸ ਕਰਕੇ ਹੜ੍ਹਾਂ ਨੇ ਭਿਆਨਕ ਰੂਪ ਧਾਰਿਆ ਤੇ ਪ੍ਰਦੂਸ਼ਿਤ ਪਾਣੀਆਂ ਨੇ ਪਿੰਡਾਂ ਨੂੰ ਆਪਣੇ ਲਪੇਟ ਵਿਚ ਲੈ ਲਿਆ, ਜੋ ਕਿ ਬਿਮਾਰੀਆਂ ਦਾ ਕਾਰਨ ਬਣ ਰਹੇ ਹਨ।

**ਚਿੱਟੀ ਵੇਈ ਦਾ ਗੰਦਾ ਪਾਣੀ -**

ਲੋਹੀਆਂ ਇਲਾਕੇ ਵਿਚੋਂ ਲੰਘਦੀ ਚਿੱਟੀ ਵੇਈ ਅਤੇ ਸਤਲੁਜ ਦਰਿਆ ਵਿਚ ਆਏ ਪਾਣੀ ਨੇ ਇਲਾਕੇ ਦੇ ਕਿਸਾਨਾਂ ਨੂੰ ਤਬਾਹ ਕਰ ਦਿੱਤਾ ਹੈ। ਤੇਜ਼ ਹਵਾ ਤੇ ਲਗਾਤਾਰ ਮੀਂਹ ਨੇ ਕਿਸਾਨਾਂ ਦੀ ਪੱਕੀ ਝੋਨੇ ਦੀ ਫ਼ਸਲ ਨੂੰ ਧਰਤੀ 'ਤੇ ਵਿਛਾ ਦਿੱਤਾ ਹੈ ਤੇ ਬਹੁਤੀ ਥਾਂਵਾਂ 'ਤੇ ਫਸਲਾਂ ਡੁੱਬ ਚੁੱਕੀਆਂ ਹਨ ਤੇ ਕਈ ਥਾਂਵਾਂ 'ਤੇ ਜ਼ਮੀਨਾਂ ਦਾ ਨਾਮੋ ਨਿਸ਼ਾਨ ਨਹੀਂ ਬਚਿਆ। ਇਸ ਸਬੰਧੀ ਲੋਹੀਆਂ ਸ਼ਹਿਰ ਦੇ ਆਲੇ-ਦੁਆਲੇ ਦੇ ਪਿੰਡ ਫੂੱਲ, ਘੁੱਦੂਵਾਲ, ਨਵਾਂ ਪਿੰਡ ਦੋਨੇਵਾਲ, ਸਿੱਧੂਪੁਰ, ਨਵਾਂ ਪਿੰਡ ਖਾਲੇਵਾਲ, ਗਿੱਦੜ ਪਿੰਡੀ, ਮੰਡਿਆਲਾ, ਮੰਡਿਆਲਾ-ਛੰਨਾ, ਮੁੰਡੀ ਕਾਲੂ, ਲੱਖੋਕੇ ਛੰਨਾ, ਜਾਨੀਆ ਚਾਹਲ, ਮੁੰਡੀ ਚੋਲੀਆਂ, ਮੰਡੀ ਸ਼ਹਿਰੀਆਂ, ਧੱਕਾ ਬਸਤੀ, ਮੁੰਡੀ ਕਾਸੋ, ਨੱਲ੍ਹ, ਮਾਣਕ, ਨਸੀਰਪੁਰ ਆਦਿ ਪਿੰਡਾਂ ਵਿਚ ਜਿੱਥੇ ਵੀ ਚਿੱਟੀ ਵੇਂਈ ਅਤੇ ਸਤਲੁਜ ਦਰਿਆ ਦਾ ਧੁੱਸੀ ਬੰਨ੍ਹ ਲੱਗਦਾ ਹੈ, ਉੱਥੇ ਨੇੜਲੇ ਖੇਤਾਂ ਵਿਚ ਕਿਸਾਨਾਂ ਦੀ ਵੱਡੀ ਤਬਾਹੀ ਹੋਈ ਹੈ। ਹਾਲੇ ਤੱਕ ਸਰਕਾਰ ਵਲੋਂ ਖੇਤਾਂ ਵਿਚੋਂ ਪਾਣੀ ਨਹੀਂ ਕੱਢਿਆ ਗਿਆ ਤੇ ਨਾ ਹੀ ਡਰੇਨਾਂ ਨੂੰ ਸਾਫ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਦਰਿਆ ਅਤੇ ਵੇਂਈ ਵਿਚ ਹਰੀ ਬੂਟੀ (ਕਲਾਲੀ) ਦੀ ਇੰਨੀ ਭਰਮਾਰ ਹੈ ਕਿ ਜੇਕਰ ਸੰਭਾਵੀ ਬਾਰਸ਼ਾਂ ਸਤੰਬਰ ਵਿਚ ਮੌਸਮ ਵਿਭਾਗ ਅਨੁਸਾਰ ਆਈਆਂ ਤਾਂ ਹੜ੍ਹ ਫਿਰ ਆ ਸਕਦੇ ਹਨ। ਹਰੀ ਬੂਟੀ ਪਾਣੀ ਦੀ ਵਹਾ ਰੋਕਦੀ ਹੈ ਤੇ ਪ੍ਰਦੂਸ਼ਣ ਪੈਦਾ ਕਰਦੀ ਹੈ।

ਜਿਹੜੇ ਪੁਲ ਕਾਰਸੇਵਾ ਰਾਹੀਂ ਲੋਕਾਂ ਨੇ ਬਣਾਏ ਹਨ, ਉਹ ਟੈਂਪਰੇਰੀ ਜਿਹੇ ਹਨ। ਇਸ ਨੂੰ ਪੱਕਾ ਕਰਨਾ ਪਵੇਗਾ, ਪਰ ਸਰਕਾਰ ਆਖ ਰਹੀ ਹੈ ਕਿ ਸਾਡੇ ਕੋਲ ਪੈਸਾ ਨਹੀਂ ਹੈ।



## ਮੈਡੀਕਲ ਕਾਰ ਸੇਵਾ ਕੈਂਪ ਦੇ ਡਾਕਟਰੀ ਮਾਹਿਰ ਡਾ. ਦਿਲਮੋਹਨ ਸਿੰਘ ਤੋਂ ਪ੍ਰਭਾਵਿਤ ਹੋਏ ਮਰੀਜ਼

ਡਾਕਟਰ ਦਿਲਮੋਹਨ ਸਿੰਘ ਮੰਡਿਆਲਾ ਛੰਨਾ ਵਿਖੇ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੈਡੀਕਲ ਕੈਂਪ ਵਿਚ ਮਰੀਜ਼ਾਂ ਦਾ ਇਲਾਜ ਕੀਤਾ ਤੇ ਸਿੱਖ ਸੇਵਕ ਸੁਸਾਇਟੀ ਨੂੰ ਆਪਣੀ ਸੇਵਾਵਾਂ ਇਸ ਕਾਰਸੇਵਾ ਲਈ ਸਮਰਪਣ ਕੀਤੀਆਂ ਤੇ ਵਾਅਦਾ ਕੀਤਾ ਕਿ ਅਗੇ ਵੀ ਮੈਡੀਕਲ ਕਾਰ ਸੇਵਾ ਕੈਂਪ ਵਿਚ ਸੇਵਾ ਕਰਨਗੇ। ਡਾਕਟਰ ਸਾਹਿਬ ਨੇ ਇਥੇ ਲਗਾਤਾਰ ਸਵਾ ਸੋ ਤੋਂ ਉਪਰ ਮਰੀਜ਼ਾਂ ਦਾ ਨਿਰੀਖਣ ਤੇ ਇਲਾਜ ਕੀਤਾ। ਕਈ ਮਰੀਜ਼ਾਂ ਦੇ ਗੰਦੇ ਪਾਣੀ ਕਾਰਣ ਕੰਨਾਂ ਦੇ ਪਰਦੇ ਫਟ ਚੁਕੇ ਸਨ। ਜ਼ਿਆਦਾ ਮਰੀਜ਼ ਚਮੜੀ ਦੇ ਰੋਗਾਂ ਦੇ ਸਨ। ਗੰਦੇ ਪਾਣੀ ਕਾਰਣ ਸਰੀਰ ਤੇ ਜ਼ਖਮ ਹੋ ਰਹੇ ਸਨ ਤੇ ਅੰਗ ਗਲ ਰਹੇ ਸਨ। ਇਹ ਕੈਂਪ ਲਗਾਤਾਰ 8 ਘੰਟੇ ਦਾ ਲਗਿਆ। ਡਾ. ਦਿਲਮੋਹਨ ਸਿੰਘ ਨੇ ਮਰੀਜ਼ਾਂ ਨੂੰ ਹਦਾਇਤਾਂ ਦਿੱਤੀਆਂ ਕਿ ਪਾਣੀ ਬੋਤਲ ਬੰਦ ਪੀਣ, ਨਹਾਉਣ ਵਾਲਾ ਪਾਣੀ ਤੇ ਪਸ਼ੂਆਂ ਨੂੰ ਪਿਲਾਉਣ ਵਾਲਾ ਪਾਣੀ ਉਬਾਲ ਕੇ ਛਾਣ ਕੇ ਦੇਣ ਤੇ ਡਾਕਟਰ ਦੀ ਸਲਾਹ ਨਾਲ ਉਸ ਵਿਚ ਕਲੋਰੀਨ ਦੀਆਂ ਗੋਲੀਆਂ ਪਾ ਲੈਣ ਤਾਂ ਜੋ ਪਾਣੀ ਹੋਰ ਸਵੱਛ ਹੋ ਜਾਵੇ। ਇਸ ਮੌਕੇ ਸਿਖ ਸੇਵਕ ਸੁਸਾਇਟੀ ਦੇ ਮੈਂਬਰਾਂ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਦੀ ਅਗਵਾਈ ਵਿਚ ਪਿੰਡ ਦੇ ਹਰੇਕ ਘਰ ਨੂੰ ਮੈਡੀਕਲ ਕੈਂਪ ਵਿਚ ਆਉਣ ਲਈ ਪ੍ਰੇਰਿਆ। ਟੀਮ ਦੇ ਮੈਂਬਰਾਂ ਨੇ ਆਪਣੇ ਆਟੋਮੈਟਿਕ ਲਾਊਡ ਸਪੀਕਰ ਦੇ ਰਾਹੀਂ ਪਿੰਡ ਵਿਚ ਮੈਡੀਕਲ ਕੈਂਪ ਵਿਚ ਆਉਣ ਦਾ ਹੋਕਾ ਦਿੱਤਾ। ਇਕ ਟੀਮ ਨੇ ਹੋਰ ਵੀ ਕੈਂਪ ਲਗਾਇਆ ਸੀ, ਪਰ ਉਸ ਕੈਂਪ ਵਿਚ ਲੋਕ ਨਹੀਂ ਗਏ, ਜਿਸ ਕਰਕੇ ਉਹ ਅਗਲੇ ਪਿੰਡ ਚਲੇ ਗਏ। ਇਸ ਕੈਂਪ ਦੀ ਵਿਸ਼ੇਸ਼ਤਾ ਇਹ ਰਹੀ ਕਿ ਹਰੇਕ ਮਰੀਜ਼ ਡਾ. ਦਿਲਮੋਹਨ ਸਿੰਘ ਦੇ ਇਲਾਜ ਤੋਂ ਸੰਤੁਸ਼ਟ ਸੀ ਤੇ ਡਾ. ਦਿਲਮੋਹਨ ਸਿੰਘ ਹਰੇਕ ਮਰੀਜ਼ ਨੂੰ ਖਾਸ ਮੈਡੀਕਲ ਹਦਾਇਤਾਂ ਦੇ ਰਹੇ ਸਨ। ਪਰਮਿੰਦਰ ਪਾਲ ਸਿੰਘ ਖਾਲਸਾ ਮੁਖ ਜਥੇਦਾਰ ਤੇ ਮੁਖ ਸਲਾਹਕਾਰ ਸੰਤੋਖ ਸਿੰਘ ਜੀ ਦਿਲੀ ਪੇਂਟ ਨੇ ਐਲਾਨ ਕੀਤਾ ਕੁਝ ਕੰਨਾਂ ਦੇ ਮਰੀਜਾਂ ਦਾ ਹਸਪਤਾਲ ਵਿਚ ਇਲਾਜ ਕਰਵਾਇਆ ਜਾਵੇਗਾ।



ਸਿਖ ਸੇਵਕ ਸੁਸਾਇਟੀ ਦਾ ਸਭ ਤੋਂ ਛੋਟੀ ਉਮਰ ਦਾ ਮੈਂਬਰ ਜਸਪ੍ਰੀਤ ਸਿੰਘ ਮੈਡੀਕਲ ਕੈਂਪ ਵਿਚ ਮਰੀਜ਼ਾਂ ਦੀ ਸੇਵਾ ਕਰਦਾ ਹੋਇਆ।

## ਸਿੱਖ ਸੇਵਕ ਸੁਸਾਇਟੀ ਦਾ ਸਭ ਤੋਂ ਛੋਟੀ ਉਮਰ ਦਾ ਮੈਂਬਰ ਜਸਪ੍ਰੀਤ ਸਿੰਘ

ਜਸਪ੍ਰੀਤ ਸਿੰਘ 19 ਸਾਲਾ ਸਿਖ ਸੇਵਕ ਸੁਸਾਇਟੀ ਦਾ ਸਭ ਤੋਂ ਛੋਟੀ ਉਮਰ ਦਾ ਮੈਂਬਰ ਹੈ। ਇਸ ਨੇ ਹੜ ਪੀੜਤਾਂ ਲਈ ਮੰਡਿਆਲਾ ਛੰਨਾ ਲੋਹੀਆ ਲਗੇ ਮੈਡੀਕਲ ਕੈਂਪ ਵਿਚ ਡਾਕਟਰ ਦਿਲਮੋਹਨ ਸਿੰਘ ਜਲੰਧਰ ਦੇ ਨਾਲ ਮਰੀਜ਼ਾਂ ਦੀ ਅਹਿਮ ਸੇਵਾ ਨਿਭਾਈ। ਇਸ ਬੱਚੇ ਨੇ ਆਪ ਦਵਾਈ ਨਾਲ ਮਰੀਜ਼ਾਂ ਦੇ ਜ਼ਖ਼ਮ ਸਾਫ ਕੀਤੇ। ਜਸਪ੍ਰੀਤ ਸਿੰਘ ਲਵਲੀ ਯੂਨੀਵਰਸਿਟੀ ਜਲੰਧਰ ਵਿਚ ਇੰਜੀਨੀਅਰਿੰਗ ਕਰ ਰਿਹਾ ਹੈ ਤੇ ਪੂਰਨ ਗੁਰਸਿੱਖ ਹੈ। ਇਸ ਬਚੇ ਤੋਂ ਅੰਦਾਜ਼ਾ ਲਗਾ ਸਕਦੇ ਹੋ ਸਾਡੇ ਪੰਥ ਦਾ ਭਵਿੱਖ ਕਿੰਨਾ ਉਜਵਲ ਹੈ ਤੇ ਮਨੁੱਖਤਾ ਲਈ ਕਿੰਨਾ ਦਰਦ ਹੈ।

## ਹਾਂ ਜੀ ਅੰਕਲ ਜੀ ! ਪੀਅ ਬਹੁਤ ਹੁੰਦੀ ਆ

### ਚਮੜੀ ਦੀ ਬਿਮਾਰੀ ਤੋਂ ਪੀੜਤ ਬੱਚੀ ਨੇ ਦੱਸਿਆ ਦਰਦ

ਅਸੀਂ ਘਰੋ ਘਰੀ ਸਿੱਖ ਸੇਵਕ ਸੁਸਾਇਟੀ ਵਲੋਂ ਮੰਡਿਆਲਾ ਛੰਨਾ ਵਿਚ ਘਰ ਘਰ ਜਾ ਕੇ ਮੁਆਇਨਾ ਕਰ ਰਹੇ ਸਾਂ। ਇਕ ਬੱਚੀ ਮਾਂ ਦੀ ਗੋਦ ਵਿਚ ਬਹੁਤ ਰੋ ਰਹੀ ਸੀ। ਗਰਮੀ ਤੇ ਹੁੰਮਸ ਬਹੁਤ ਸੀ। ਬੱਚੀ ਸੁਮਹਿਰਾ ਕੌਰ ਜੋ ਕਿ ਤਿੰਨ ਸਾਲ ਦੀ ਸੀ, ਦੇ ਸਰੀਰ ਦੇ ਜ਼ਖਮਾਂ ਵਿਚੋਂ



ਪਾਣੀ ਰਿਸ ਰਿਹਾ ਸੀ। ਉਸ ਦੀ ਮਾਂ ਸਿਮਰਨ ਕੌਰ ਨੂੰ ਮੈਂ ਕਿਹਾ ਕਿ ਤੁਸੀਂ ਇਸ ਬੱਚੀ ਨੂੰ ਮੈਡੀਕਲ ਕੈਂਪ ਵਿਚ ਕਿਉਂ ਨਹੀਂ ਲਿਜਾ ਰਹੇ, ਜੋ ਕਿ ਇੱਥੇ ਹੀ ਸਰਕਾਰੀ ਸਕੂਲ ਵਿਚ ਲੱਗਾ ਹੈ। ਏਨੇ ਨੂੰ ਬੱਚੀ ਦਾ ਪਿਤਾ ਜਸਬੀਰ ਸਿੰਘ ਆ ਗਿਆ। ਕਹਿਣ ਲਗਾ ਭਾਜੀ ਸਾਡੀ ਕਿਸਮਤ ਵਿਚ ਰੋਗ ਤੇ ਦੁਖ ਲਗੇ ਹਨ। ਇਹ ਸਾਡੇ ਨਾਲ ਜਾਣੇ ਹਨ। ਅਸੀਂ ਤਾਂ ਸਰਕਾਰੀ ਹਸਪਤਾਲ ਦਿਖਾ ਚੁਕੇ ਹਾਂ , ਪਰ ਇਸ ਬੱਚੀ ਨੂੰ ਅਰਾਮ ਨਹੀਂ ਆਇਆ। ਡਾਕਟਰਾਂ ਨੇ ਸਾਨੂੰ ਦੋ ਗੋਲੀਆਂ ਦੇ ਕੇ ਤੋਰ ਦਿਤਾ। ਮੈਂ ਕਿਹਾ ਕਿ ਬੱਚੀ ਤੇ ਆਪ ਸਾਰਾ ਪਰਿਵਾਰ ਪਾਣੀ ਉਬਾਲ ਕੇ ਸਾਫ ਮੁਲਾਇਮ ਕੱਪੜੇ 'ਚ ਛਾਣ ਕੇ ਡਿਟੋਲ ਪਾਕੇ ਇਸ਼ਨਾਨ ਕਰੋ ਤੇ ਮੂੰਹ ਹੱਥ ਵੀ ਪਾਣੀ ਉਬਾਲ ਕੇ ਠੰਡਾ ਕਰਕੇ ਧੋਵੋ। ਇਹ ਚਮੜੀ ਦੀਆਂ ਬਿਮਾਰੀਆਂ ਗੰਦੇ ਪਾਣੀ ਨਾਲ ਹੋ ਰਹੀਆਂ ਹਨ। ਕੈਂਪ ਵਿਚ ਜਾਓ ਵਧੀਆ ਇਲਾਜ ਹੋਵੇਗਾ। ਮੈਂ ਬੱਚੀ ਨੂੰ ਪੁੱਛਿਆ ਸੁਮਹਿਰਾ ਬਹੁਤ ਪੀਅ ਹੁੰਦੀ ਆ। ਬੱਚੀ ਬੋਲੀ, ਹਾਂ ਜੀ ਅੰਕਲ ਬਹੁਤ ਪੀਅ ਹੁੰਦੀ ਆ। ਏਨੇ ਨੂੰ ਪਰਮਿੰਦਰ ਪਾਲ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ (ਇੰਡੀਆ) ਨੇ ਬੱਚੀ ਨੂੰ ਟਾਫੀਆਂ ਦਿੱਤੀਆਂ। ਬੱਚੀ ਮੁਸਕਰਾ ਪਈ। ਮਾਂ ਬਾਪ ਬੱਚੀ ਨੂੰ ਲੈ ਕੇ ਸਕੂਲ ਵਿਚ ਲਗੇ ਮੈਡੀਕਲ ਕੈਂਪ ਵਿਚ ਲੈ ਗਏ। ਇੱਥੇ ਡਾਕਟਰ ਦਿਲਮੋਹਨ ਸਿੰਘ ਮਰੀਜ਼ਾਂ ਦਾ ਇਲਾਜ ਕਰ ਰਹੇ ਸਨ।

-ਬਲਵਿੰਦਰਪਾਲ ਸਿੰਘ (ਪ੍ਰੋ.)


MORE: SAVINGS.
TIRE
DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਹੜ੍ਹ ਅਤੇ ਕਰਾਮਾਤੀ ਬਾਬੇ





**ਬਲਰਾਜ ਸਿੰਘ ਸਿੱਧੂ**
(ਸੀਨੀਅਰ ਪੁਲੀਸ ਅਧਿਕਾਰੀ)



ਇਸ ਵੇਲੇ ਅੱਧਾ ਪੰਜਾਬ ਹੜ੍ਹਾਂ ਕਾਰਨ ਬਰਬਾਦ ਹੋਇਆ ਪਿਆ ਹੈ ਪਰ ਜੱਗ ਤਾਰਨ ਵਾਲੇ ਜਾਣੀ ਜਾਣ ਬਾਬੇ ਇਸ ਮੌਕੇ ਗਾਇਬ ਹਨ। ਇਸ ਭਿਆਨਕ ਗਰਮੀ ਵਿੱਚ ਆਪਣੇ ਏ.ਸੀ. ਭੋਰੇ ਅਤੇ ਦੋ-ਦੋ ਕਰੋੜ ਦੀਆਂ ਕਾਰਾਂ ਦੀ ਠੰਢਕ ਛੱਡ ਕੇ ਆਮ ਲੋਕਾਂ ਦੀ ਸੇਵਾ ਕਰਨਾ ਬਾਬਿਆਂ ਦੇ ਵੱਸ ਦੀ ਗੱਲ ਨਹੀਂ। ਬੀਬੀਆਂ ਤੋਂ ਲੱਤਾਂ ਘੁਟਵਾਉਣ, ਪੁੱਤ ਬਖਸ਼ਣ, ਚਿੱਟੇ ਦੁੱਧ ਕੱਪੜੇ ਪਾਉਣ ਅਤੇ ਤਿੰਨ ਤਿੰਨ ਗੱਦਿਆਂ ਦੇ ਪੋਲੇ ਆਸਣ ਉੱਤੇ ਬੈਠ ਕੇ ਨਰਮ ਨਰਮ ਹੱਥਾਂ ਨਾਲ ਹਰਮੋਨੀਅਮ ਵਜਾਉਣ ਵਾਲੇ ਬਾਬੇ, ਜਿਹਨਾਂ ਨੂੰ ਸੰਗਤ ਤੋਂ ਸੇਵਾ ਕਰਵਾਉਣ ਦੀ ਆਦਤ ਪਈ ਹੋਈ ਹੈ, ਇੰਨੀ ਗਰਮੀ ਵਿੱਚ ਜਾਨਵਰਾਂ ਦੀਆਂ ਲਾਸ਼ਾਂ ਅਤੇ ਸੜ ਰਹੀਆਂ ਫਸਲਾਂ ਦੀ ਬਦਬੋ ਕਿਵੇਂ ਸਹਿ ਸਕਦੇ ਹਨ? ਉਹ ਤਾਂ ਚੌਵੀ ਘੰਟੇ ਅਗਰਬੱਤੀਆਂ ਅਤੇ ਮਹਿੰਗੇ ਵਿਦੇਸ਼ੀ ਪ੍ਰਫਿਊਮਾਂ ਦੀ ਸੁਗੰਧ ਵਿੱਚ ਰਹਿਣ ਦੇ ਆਦੀ ਹਨ।

ਕਈ ਪਿੰਡਾਂ ਦੇ ਲੋਕਾਂ ਨੇ ਇਸ ਮੌਕੇ ਮਦਦ ਲਈ ਨਾ ਬਹੁੜਨ ਕਾਰਨ ਆਪਣੇ ਇਲਾਕੇ ਦੀਆਂ ਧਾਰਮਿਕ ਸੰਸਥਾਵਾਂ ਨੂੰ ਉਗਰਾਹੀ ਦੇਣ ਉੱਤੇ ਪਾਬੰਦੀ ਲਗਾ ਦਿੱਤੀ ਹੈ। ਇਸ ਵੇਲੇ ਧਾਰਮਿਕ ਸਥਾਨਾਂ ਅਤੇ ਡੇਰਿਆਂ ਕੋਲ ਕਰੋੜਾਂ ਟਨ ਅਨਾਜ ਅਤੇ ਅਰਬਾਂ ਰੁਪਇਆ ਜਮ੍ਹਾਂ ਹੈ। ਪੰਜਾਬ ਵਿੱਚ ਛੋਟੇ ਵੱਡੇ ਹਜ਼ਾਰਾਂ ਡੇਰੇ ਹਨ, ਜੇ ਇੱਕ ਡੇਰਾ ਇੱਕ ਪਿੰਡ ਨੂੰ ਵੀ ਅਪਣਾ ਲਵੇ ਤਾਂ ਸਾਰੇ ਹੜ੍ਹ ਪੀੜਤ ਪਿੰਡ ਸੰਭਾਲੇ ਜਾਣ। ਪਰ ਜ਼ਿਆਦਾਤਰ ਬਾਬੇ ਇਸ ਵੇਲੇ ਹੋਰ ਹੀ ਮਾਲ ਕਮਾਊ ਕੰਮਾਂ ਵਿੱਚ ਰੁੱਝੇ ਹੋਏ ਹਨ। ਕੋਈ ਆਪਣੇ ਵੱਡੇ ਬਾਬੇ ਦੀ ਬਰਸੀ ਮਨਾ ਰਿਹਾ ਹੈ, ਕੋਈ ਤਰਿਆਂ ਨੂੰ ਤਾਰਨ ਲਈ ਕੈਨੇਡਾ-ਅਮਰੀਕਾ ਦੇ ਦੌਰੇ ਉੱਤੇ ਚੜ੍ਹਿਆ ਹੋਇਆ ਹੈ ਤੇ ਕੋਈ ਆਪਣੇ ਧਾਰਮਿਕ ਸਥਾਨ ਨੂੰ ਸਜਾਉਣ ਲਈ ਕਰੋੜਾਂ ਦੇ ਫੁੱਲ ਬਰਬਾਦ ਕਰ ਰਿਹਾ ਹੈ। ਜਦੋਂ ਕਿ ਇਹੀ ਪੈਸਾ ਕਿਸੇ ਗਰੀਬ ਦੀ ਮਦਦ ਲਈ ਵਰਤਿਆ ਜਾ ਸਕਦਾ ਹੈ।

ਬਾਬੇ ਪਿੰਡਾਂ ਵਿੱਚ ਸਪੀਕਰਾਂ ਉੱਤੇ ਬੋਲ ਬੋਲ ਕੇ ਲੋਕਾਂ ਨੂੰ ਹੜ੍ਹ ਪੀੜਤਾਂ ਵਾਸਤੇ ਦਾਨ ਦੇਣ ਲਈ ਲਲਕਾਰ ਰਹੇ ਹਨ। ਜਦੋਂ ਤੱਕ ਰਸਦ ਇਕੱਠੀ ਹੋਣੀ ਹੈ, ਹਾਲਾਤ ਆਮ ਵਰਗੇ ਹੋ ਚੁੱਕੇ ਹੋਣੇ ਹਨ ਤੇ ਅੱਧਾ ਸਮਾਨ ਬਾਬਿਆਂ ਨੇ ਖੁਦ ਦੱਬ ਜਾਣਾ ਹੈ। ਅਮਰੀਕਾ-ਕੈਨੇਡਾ ਤੋਂ ਕਾਰੋਬਾਰੀ ਲੋਕ ਆਪਣੇ ਕੰਮ ਧੰਦੇ ਛੱਡ ਕੇ ਮਦਦ ਵਾਸਤੇ ਪਹੁੰਚ ਚੁੱਕੇ ਹਨ, ਪਰ ਸਾਡੇ ਵਿਹਲੜ ਬਾਬੇ ਨਹੀਂ ਪਧਾਰੇ। ਬਾਬਿਆਂ ਨੇ ਆਪਣੇ ਪੱਲਿਉਂ ਧੇਲੀ ਨਹੀਂ ਦੇਣੀ, ਸਗੋਂ ਹੜ੍ਹਾਂ ਦੀ ਆੜ ਹੇਠ ਅੰਧ ਭਗਤਾਂ ਤੋਂ ਕਰੋੜਾਂ ਹੋਰ ਮੁੰਨ ਲੈਣਾ ਹੈ।

ਬਾਬੇ ਲੋਕਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਦੂਰ ਰਹਿਣ ਦੀਆਂ ਨਸੀਹਤਾਂ ਦਿੰਦੇ ਹਨ ਪਰ ਖੁਦ ਕਦੇ ਅਮਲ ਨਹੀਂ ਕਰਦੇ। ਧਰਮ ਦਾ ਅਖੌਤੀ ਪ੍ਰਚਾਰ ਕਰਨ ਲਈ ਸਮਾਗਮਾਂ ਉੱਤੇ ਜਾਣ ਲਈ ਸਿੰਗਰਾਂ ਵਾਂਗ ਲੱਖਾਂ ਰੁਪਇਆ ਵਸੂਲਦੇ ਹਨ। ਲੋਕਾਂ ਨੂੰ ਮੌਤ ਤੋਂ ਨਾ ਡਰਨ ਦਾ ਗਿਆਨ ਦੇਣ ਵਾਲੇ ਬਾਬਿਆਂ ਦੇ ਦੁਆਲੇ ਰਾਈਫਲਾਂ ਵਾਲੇ ਗੰਨਮੈਨ ਦਨਦਨਾਉਂਦੇ ਫਿਰਦੇ ਹਨ। ਹੰਕਾਰ ਤੋਂ ਦੂਰ ਰਹਿਣ ਦਾ ਸੰਦੇਸ਼ ਦੇਣ ਵਾਲੇ ਬਾਬੇ ਦੇ ਨੇੜੇ ਕੋਈ ਗਰੀਬ ਵਿਅਕਤੀ ਫੜਕ ਤੱਕ ਨਹੀਂ ਸਕਦਾ। ਬਾਬੇ ਸਿਰਫ ਮਾਇਆਧਾਰੀ ਤੇ ਮੋਟਾ ਚੜ੍ਹਾਵਾ ਚੜ੍ਹਾਉਣ ਵਾਲੇ ਭਗਤਾਂ ਨੂੰ ਹੀ ਮਿਲਣਾ ਪਸੰਦ ਕਰਦੇ ਹਨ। ਜੇ ਬਾਬੇ ਆਪਣੀ ਜਮ੍ਹਾਂ ਕੀਤੀ ਮਾਇਆ ਮੋਹਣੀ ਦਾ ਸਿਰਫ ਅੱਧ ਹੀ ਹੜ੍ਹ ਪੀੜਤਾਂ ਵਾਸਤੇ ਦਾਨ ਕਰ ਦੇਣ ਤਾਂ ਅਰਬਾਂ ਰੁਪਇਆ 'ਕੱਠਾ ਹੋ ਜਾਵੇਗਾ। ਪਰ ਮੁਫਤ ਦਾ ਦੇਸੀ ਘਿਉ ਖਾ ਕੇ ਝੋਟਿਆਂ ਵਾਂਗ ਫਿੱਟੇ ਸਾਧਾਂ ਨੂੰ ਲੋਕਾਂ ਦਾ ਦਰਦ ਦਿਖਾਈ ਨਹੀਂ ਦੇ ਰਿਹਾ, ਸ਼ਾਇਦ ਇਹਨਾਂ ਦੀਆਂ ਅੱਖਾਂ ਨੂੰ ਵੀ ਚਰਬੀ ਚੜ੍ਹ ਗਈ ਹੈ। ਜਿਹੜੇ ਮਹਾਂਪੁਰਖਾਂ ਦੀਆਂ ਉਦਾਹਰਣਾਂ ਦੇ ਕੇ ਇਹ ਲੋਕਾਂ ਨੂੰ ਮੂਰਖ ਬਣਾਉਂਦੇ ਹਨ, ਉਹਨਾਂ ਨੇ ਆਪਣਾ ਸਭ ਕੁਝ ਦੁਨੀਆਂ ਵਾਸਤੇ ਕੁਰਬਾਨ ਕਰ ਦਿੱਤਾ ਸੀ ਤੇ ਇਹ ਆਪਣੇ ਡੇਰੇ ਦੀ ਨੀਂਹ ਹੀ ਸਰਕਾਰੀ ਜ਼ਮੀਨ ਦੱਬ ਕੇ ਰੱਖਦੇ ਹਨ। ਜੇ ਸਾਡੀਆਂ ਬੀਬੀਆਂ ਸਾਧਾਂ ਕੋਲ ਜਾਣਾ ਬੰਦ ਕਰ ਦੇਣ ਤਾਂ ਬਹੁਤੇ ਬਾਬੇ ਰਾਜ ਮਿਸਤਰੀਆਂ ਮਗਰ ਇੱਟਾਂ ਫੜਾਉਂਦੇ ਦਿਖਾਈ ਦੇਣਗੇ।

ਭਾਰਤ ਵਿੱਚ ਅਜਿਹੇ ਮੁਸ਼ਟੰਡੇ ਸਾਧਾਂ ਨੂੰ ਨੱਥ ਪਾਉਣ ਲਈ ਐਕਟ ਆਫ ਗਾਡ (ਰੱਬ ਵੱਲੋਂ ਕੀਤੀ ਬਰਬਾਦੀ) ਨਾਮਕ ਕਾਨੂੰਨ ਬਣਨਾ ਚਾਹੀਦਾ ਹੈ। ਇਸ ਕਾਨੂੰਨ ਅਧੀਨ ਕੁਦਰਤੀ ਆਫਤਾਂ ਨਾਲ ਹੋਣ ਵਾਲੇ ਨੁਕਸਾਨ ਦੀ ਭਰਪਾਈ ਧਰਮ ਸਥਾਨਾਂ ਦੀ ਜਮ੍ਹਾਂ ਪੂੰਜੀ ਨਾਲ ਕੀਤੀ ਜਾਵੇ ਕਿਉਂਕਿ ਇਹ ਸੰਪਤੀ ਰੱਬ ਦੀ ਹੈ ਤੇ ਕੁਦਰਤੀ ਆਫਤ ਰੱਬ ਦਾ ਹੀ ਕੰਮ ਹੈ। ਜੇ ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਹੜ੍ਹ, ਭੁਚਾਲ, ਸੋਕਾ ਜਾਂ ਸੁਨਾਮੀ ਆਵੇ ਤਾਂ ਸਾਰੇ ਧਰਮ ਸਥਾਨਾਂ ਦਾ ਪੈਸਾ ਸਰਕਾਰ ਰਾਹਤ ਦੇ ਤੌਰ ਉੱਤੇ ਪੀੜਤਾਂ ਨੂੰ ਵੰਡ ਦੇਵੇ। ਜੇ ਸਰਕਾਰ ਇਹ ਐਕਟ ਬਣਾ ਦੇਵੇ ਤਾਂ ਰੱਬ ਤਾਂ ਭਾਵੇਂ ਪ੍ਰਸੰਨ ਹੋਵੇ, ਧਰਮ ਦੇ ਠੇਕੇਦਾਰ ਜਰੂਰ ਦੁਖੀ ਹੋਣਗੇ ਤੇ ਕੁਦਰਤੀ ਆਫਤ ਆਉਂਦੇ ਸਾਰ ਗੋਲਕ ਦਾ ਪੈਸਾ ਲੈ ਕੇ ਚੰਪਤ ਹੋ ਜਾਇਆ ਕਰਨਗੇ।

ਅੱਜ ਦੇ ਬਾਬਿਆਂ ਨੂੰ ਦੇਣ ਦੀ ਬਜਾਏ ਲੈਣ ਦੀ ਆਦਤ ਪਈ ਹੋਈ ਹੈ। ਧਾਰਮਿਕ ਸਥਾਨਾਂ ਤੋਂ ਅਜਿਹੀਆਂ ਅਨਾਊਸਮੈਂਟਾਂ ਤਾਂ ਸਭ ਨੇ ਸੁਣੀਆਂ ਹੋਣਗੀਆਂ ਕਿ ਅੱਜ ਸਾਰੇ ਮਾਈ ਭਾਈ ਡੇਰੇ ਆਉ, ਪੰਜਵੀਂ ਮੰਜ਼ਲ ਦਾ ਲੈਂਟਰ ਪੈਣਾ ਹੈ। ਅੱਜ ਮਾਈਆਂ ਬੀਬੀਆਂ ਸਵੇਰੇ ਪੰਜ ਵਜੇ ਪਹੁੰਚਣ, ਸੰਗਤਾਂ ਲਈ ਲੰਗਰ ਤਿਆਰ ਕਰਨਾ ਹੈ। ਅੱਜ ਡੇਰੇ ਦੀ ਜ਼ਮੀਨ ਵਿੱਚੋਂ ਕਣਕ ਝੋਨਾ ਵੱਢਣਾ ਹੈ, ਅੱਜ ਵੱਡੇ ਹਾਲ ਵਿੱਚ ਮਿੱਟੀ ਪਾਉਣੀ ਹੈ, ਆਦਿ ਆਦਿ। ਪਰ ਕਦੇ ਕਿਸੇ ਨੇ ਅਜਿਹੀ ਅਨਾਊਂਸਮੈਂਟ ਨਹੀਂ ਸੁਣੀ ਹੋਣੀ ਕਿ ਅੱਜ ਸਾਰਾ ਨਗਰ ਖੇੜਾ ਡੇਰੇ ਆਉ, ਗੋਲਕ ਦੀ ਮਾਇਆ ਗਿਣਨੀ ਹੈ। ਲੋਕ ਥੋੜ੍ਹਾ ਥੋੜ੍ਹਾ ਦਾਨ ਦੇ ਕੇ ਵੀ ਸਾਧਾਂ ਨੂੰ ਕਰੋੜਪਤੀ ਬਣਾ ਦੇਂਦੇ ਹਨ। ਜਾਤ ਪਾਤ ਦੀਆਂ ਫੌਲਾਦੀ ਬੇੜੀਆਂ ਵਿੱਚ ਜਕੜੇ ਇਸ ਦੇਸ਼ ਦੇ ਕਿਸੇ ਧਰਮ ਸਥਾਨ ਨੇ ਕਦੇ ਕਿਸੇ ਛੋਟੀ ਜਾਤ ਵਾਲੇ ਦਾ ਦਾਨ ਲੈਣ ਤੋਂ ਇਨਕਾਰ ਕੀਤਾ ਹੈ? ਅਸਲ ਵਿੱਚ ਸਾਰਾ ਮਸਲਾ ਆਣ ਕੇ ਪੈਸੇ ਉੱਤੇ ਹੀ ਮੁੱਕਦਾ ਹੈ। ਧਰਮ ਸਥਾਨ ਦੀ ਉਸਾਰੀ ਲਈ ਦਿਲ ਖੋਲ੍ਹ ਕੇ (ਚਾਹੇ ਉਧਾਰ ਚੁੱਕ ਕੇ) ਗੱਫੇ ਦੇਣ ਵਾਲੇ ਸਿਆਣੇ, ਪਿੰਡ ਦੇ ਸਕੂਲ ਦੇ ਕਮਰੇ ਦੀ ਛੱਤ ਬਦਲਣ ਵਾਸਤੇ ਦੁਆਨੀ ਨਹੀਂ ਦਿੰਦੇ। ਕੋਈ ਕਾਰ ਸੇਵਾ ਵਾਲਾ ਬਾਬਾ ਕਿਸੇ ਧਰਮ ਸਥਾਨ ਦੀ ਉਸਾਰੀ ਵਾਸਤੇ ਪਿੰਡਾਂ ਵਿੱਚ ਹੋਕਾ ਦੇ ਦੇਵੇ (ਸ਼ਹਿਰੀਏ ਕਾਰ ਸੇਵਾ ਲਈ ਨਹੀਂ ਜਾਂਦੇ) ਤਾਂ ਸੈਂਕੜੇ ਲੋਕ ਟਰੱਕਾਂ ਨੂੰ ਚੰਬੜ ਜਾਂਦੇ ਹਨ। ਪਰ ਦਰਿਆਵਾਂ ਵਿੱਚ ਪਏ ਪਾੜ ਪੂਰਨ ਲਈ ਕਿਸੇ ਸਾਧ ਨੇ ਸੰਗਤ ਨਹੀਂ ਲਿਜਾਣੀ ਕਿਉਂਕਿ ਉੱਥੇ ਕੋਈ ਪੈਸਾ ਨਹੀਂ ਬਣਨਾ।

ਇਤਿਹਾਸਕ ਮਹੱਤਤਾ ਵਾਲੇ ਸਥਾਨ ਭਾਵੇਂ ਜਿੰਨੇ ਮਰਜ਼ੀ ਢੁਹਾ ਲਉ ਇਹਨਾਂ ਕੋਲੋਂ। ਵੈਸੇ ਬਾਬਿਆਂ ਦੀ ਛੁਰਲੀਆਂ ਉੱਤੇ ਬਹੁਤਾ ਗੌਰ ਨਹੀਂ ਕਰਨਾ ਚਾਹੀਦਾ। ਇਹ ਕਰਦੇ ਕੁਝ ਹਨ ਤੇ ਕਹਿੰਦੇ ਕੁਝ ਹਨ। ਹਰਿਆਣੇ ਦਾ ਇੱਕ ਕਰੋੜਪਤੀ ਯੋਗਾ ਗੁਰੂ ਲੋਕਾਂ ਨੂੰ ਗਾਂ ਦਾ ਪਿਸ਼ਾਬ ਵੇਚ ਕੇ ਹੀ ਅਰਬਾਂ ਰੁਪਈਆ ਬਣਾਈ ਬੈਠਾ ਹੈ। ਉਸ ਦਾ ਖਾਸ ਚੇਲਾ ਕੁਝ ਦਿਨਾਂ ਤੋਂ ਦਿਲ ਦੇ ਰੋਗ ਕਾਰਨ ਏਮਜ਼ ਹਸਪਤਾਲ (ਦਿੱਲੀ) ਵਿੱਚ ਦਾਖਲ ਹੈ। ਡਾਕਟਰਾਂ ਅਤੇ ਐਲੋਪੈਥੀ ਇਲਾਜ ਨੂੰ ਲੱਖ ਲੱਖ ਗਾਲ੍ਹਾਂ ਕੱਢਣ ਅਤੇ ਦੇਸੀ ਦਵਾਈਆਂ ਨਾਲ ਕੈਂਸਰ ਤੱਕ ਠੀਕ ਕਰਨ ਦਾ ਦਾਅਵਾ ਕਰਨ ਵਾਲੇ ਯੋਗਾ ਗੁਰੂ ਨੇ ਉਸ ਨੂੰ ਗਊ ਮੂਤਰ, ਗੋਬਰ ਅਤੇ ਹੋਰ ਖੇਹ ਸਵਾਹ ਖਵਾਣ ਦੀ ਬਜਾਏ ਹਸਪਤਾਲ ਭੇਜਣਾ ਪਸੰਦ ਕੀਤਾ ਕਿਉਂਕਿ ਉਸ ਨੂੰ ਪਤਾ ਸੀ ਕਿ ਮੂਤਰ ਚਾਹੇ ਕਿਸੇ ਜਾਨਵਰ ਦਾ ਹੋਵੇ, ਮੂਤਰ ਹੀ ਹੁੰਦਾ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਇਸ ਮੌਕੇ ਲੋਕਾਂ ਨੂੰ ਪਿੱਠ ਵਿਖਾਉਣ ਵਾਲੇ ਇਹ ਸਾਧ, ਜਦੋਂ ਫਸਲਾਂ ਪੱਕੀਆਂ ਤਾਂ ਪੂਰੀ ਬੇਸ਼ਰਮੀ ਨਾਲ ਜੀਪਾਂ ਟੈਂਪੂ ਲੈ ਕੇ ਇਹਨਾਂ ਹੜ੍ਹ ਨਾਲ ਬਰਬਾਦ ਹੋਏ ਪਿੰਡਾਂ ਵਿੱਚ ਹੀ ਉਗਰਾਹੀ ਕਰਨ ਜਾਣਗੇ ਤੇ ਲੋਕ ਵੀ ਪੂਰੀ ਸ਼ਰਧਾ ਨਾਲ ਸਿਰ ਢਕ ਕੇ, ਜੁੱਤੀਆਂ ਲਾਹ ਕੇ ਬਾਬਿਆਂ ਨੂੰ ਬੋਰੀਆਂ ਦੀਆਂ ਬੋਰੀਆਂ ਅਨਾਜ ਭੇਂਟ ਕਰਨਗੇ। ਚਾਹੀਦਾ ਤਾਂ ਇਹ ਹੈ ਕਿ ਲੋਕ ਇਹਨਾਂ ਜੋਕਾਂ ਨੂੰ ਪੁੱਛਣ ਕਿ ਹੁਣ ਤੁਸੀਂ ਕਿੱਥੋਂ ਆਣ ਸਿਰੀ ਕੱਢੀ ਹੈ? ਇਸ ਵੇਲੇ ਹੜ੍ਹ ਪੀੜਤਾਂ ਦੀ ਮਦਦ ਦੇ ਨਾਮ ਉੱਤੇ ਲੋਕਾਂ ਨੂੰ ਠੱਗਣ ਲਈ ਕਈ ਗਰੁੱਪ ਸਰਗਰਮ ਹਨ। ਜੇ ਕੋਈ ਦਿਲੋਂ ਹੜ੍ਹ ਪੀੜਤਾਂ ਦੀ ਮਦਦ ਕਰਨੀ ਚਾਹੁੰਦਾ ਹੈ ਤਾਂ ਉਹ ਖੁਦ ਰਸਦ ਉੱਥੇ ਪਹੁੰਚਾਵੇ ਜਾਂ ਬਾਬਾ ਸੀਚੇਵਾਲ ਅਤੇ ਖਾਲਸਾ ਏਡ ਵਰਗੇ ਕਿਸੇ ਸੱਚੇ ਸੁੱਚੇ ਸਮਾਜ ਸੇਵੀ ਤੱਕ ਪੁੱਜਦਾ ਕਰੇ।

# ਹਵਾ ਅਤੇ ਹਰਿਆਵਲ ਦੇ ਲੰਗਰਾਂ ਵਾਲੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ

**ਡਾ.ਨਿਰਮਲ ਸਿੰਘ ਲਾਂਬੜਾ**

ਅੱਠ ਗੁਰੂ ਸਾਹਿਬਾਨਾਂ ਦਾ ਵਰਸੋਇਆ ਮਾਝੇ ਦਾ ਇਤਿਹਾਸਕ ਨਗਰ ਖਡੂਰ ਸਾਹਿਬ। ਖਡੂਰ ਸਾਹਿਬ ਨੂੰ ਜਾਂਦੀਆਂ ਪੰਜ ਸੜਕਾਂ। ਇਹਨਾਂ ਸੜਕਾਂ ਦੇ ਦੋਹੀਂ ਪਾਸੀਂ ਫੁੱਲਦਾਰ ਅਤੇ ਫੱਲਦਾਰ ਦਰੱਖਤਾਂ ਦੀ ਸੰਘਣੀ ਛਾਂ। ਚਾਰੇ ਪਾਸੇ ਹਰਿਵਾਲ ਦਾ ਪਸਾਰਾ। ਪੰਜਾਬ ਦੀ ਧਰਤੀ ਤੋਂ ਅਲੋਪ ਰਹੇ ਬਿਰਖ਼ਾਂ ਨੂੰ ਮੁੜ ਪਰਤ ਆਉਣ ਦਾ ਸੁਨੇਹਾ। ਖੇਤਾਂ ਅਤੇ ਘਰਾਂ ਵਿਚੋਂ ਪ੍ਰਵਾਸ ਕਰ ਚੁੱਕੇ ਪਰਿੰਦਿਆਂ ਨੂੰ ਇਨ੍ਹਾਂ ਬਿਰਖ਼ਾਂ 'ਤੇ ਆਪਣਾ ਘਰ ਬਣਾਉਣ ਦਾ ਸੁੱਖਦ ਸੁਨੇਹਾ। ਕੁਦਰਤ ਨਾਲ ਗਵਾਚ ਰਹੀ ਇਕਸਾਰਤਾ ਨੂੰ ਪੁੱਨਰ-ਸੁਰਜੀਤ ਕਰਨ ਹਿੱਤ ਇਕ ਸੁਯੋਗ ਹੰਭਲਾ। ਪਹਿਲੀ ਵਾਰ ਇਹਨਾਂ ਰਾਹਾਂ 'ਤੇ ਜਾ ਰਹੇ ਰਾਹੀ ਦੇ ਮਨ ਵਿਚ ਇਕ ਹੁਲਾਸ ਉਪਜਦਾ ਅਤੇ ਉਹ ਭੁਚੱਕਾ ਹੀ ਰਹਿ ਜਾਂਦਾ ਏ ਕਿਹੜੇ ਕਰਮਯੋਗੀ ਨੇ ਮਾਝੇ ਦੀ ਧਰਤੀ ਨੂੰ ਜਾਗ ਲਾਏ ਹਨ ਕਿ ਗੁਰੂਆਂ ਦੀ ਵਰਸੋਈ ਇਹ ਧਰਤੀ ਹਰਿਆਵਾਲ ਨਾਲ ਲਬਰੇਜ਼ ਏ।






ਮਨੱਖ ਦੀ ਕੁਦਰਤ ਨਾਲ ਸਦੀਵੀ ਸਦੀਵੀ ਸਾਂਝ ਏ ਅਤੇ ਕੁਦਰਤ ਤੋਂ ਟੁੱਟ ਕੇ ਮਨੁੱਖ ਦਾ ਜੀਵਤ ਰਹਿਣਾ ਨਾ-ਮੁਮਕਿਨ ਏ। ਅਜੋਕੀਆਂ ਬਹੁਤੀਆਂ ਅਲਾਮਤਾਂ ਦੀ ਜੜ੍ਹ ਏ ਮਨੁੱਖ ਦਾ ਕੁਦਰਤ ਤੋਂ ਦੂਰ ਹੋਣਾ। ਕੁਦਰਤ ਕਦੇ ਵੀ ਕਿਸੇ ਦੀ ਦਖਲਅੰਦਾਜੀ ਬਰਦਾਸ਼ਤ ਨਹੀਂ ਕਰਦੀ ਅਤੇ ਇਸ ਦਾ ਸਿੱਟਾ ਏ ਕਿ ਅਜੋਕਾ ਮਨੁੱਖ ਬਿਮਾਰੀਆਂ ਨਾਲ ਜੂਝਦਾ, ਆਪਣੀ ਪਾਲਣਹਾਰੀ ਕੁਦਰਤ ਤੋਂ ਦੂਰੀ ਵਧਾਈ ਜਾ ਰਿਹਾ ਏ। ਇਸ ਦੂਰੀ ਨੂੰ ਘਟਾਉਣ ਦੇ ਨੇਕ ਕਾਰਜ ਵਿਚ ਯਤਨਸ਼ੀਲ ਨੇ ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ।

ਜੀਵਨ ਦਾ ਕਿੰਨਾ ਗੂੜ ਸੱਚ ਏ ਬਾਬਾ ਜੀ ਦੇ ਬਚਨਾਂ ਵਿਚ ਕਿ ਅਸੀਂ ਰੋਟੀ ਦਾ ਲੰਗਰ ਲਾਉਂਦੇ ਹਾਂ ਤਾਂ ਕਿ ਕੋਈ ਵੀ ਭੁੱਖਾ ਨਾ ਰਹੇ। ਹਰ ਇਕ ਨੂੰ ਪੇਟ ਭਰ ਕੇ ਖਾਣਾ ਮਿਲੇ ਅਤੇ ਕਿਸੇ ਨੂੰ ਆਪਣੀਆਂ ਆਂਦਰਾਂ ਨੂੰ ਲਪੇਟ ਕੇ ਸੌਣਾ ਨਾ ਪਵੇ ਕਿਉਂਕਿ ਦੁਨੀਆਂ ਵਿਚ ਜਦ ਇਕ ਵਿਅਕਤੀ ਭੁੱਖਾ ਸੌਂਦਾ ਏ ਤਾਂ ਇਕ ਸੰਵੇਦਨਸ਼ੀਲ ਵਿਅਕਤੀ ਦੀ ਆਤਮਾ ਤੜਫਦੀ ਰਹਿੰਦੀ ਏ। ਇਸੇ ਆਸ਼ੇ ਨੂੰ ਮੁੱਖ ਰੱਖ ਕੇ ਹੀ ਸਾਡੇ ਗੁਰੂਆਂ ਨੇ ਲੰਗਰ ਦੀ ਪ੍ਰਥਾ ਚਾਲੂ ਕੀਤੀ ਸੀ। ਅਸੀਂ ਗਿਆਨ ਦੀ ਜੋਤ ਹਰ ਮਸਤਕ ਵਿਚ ਧਰਨ ਲਈ ਵਿਦਿਅਕ ਅਦਾਰੇ ਵੀ ਖੋਲ੍ਹ ਰਹੇ ਹਾਂ ਤਾਂ ਕਿ ਹਰ ਵਿਅਕਤੀ ਸੁਚੇਤ ਹੋਵੇ ਅਤੇ ਉਸਨੂੰ ਮਹਾਂਪੁਰਸ਼ਾਂ, ਗੁਰੂਆਂ ਅਤੇ ਪੀਰਾਂ ਵਲੋਂ ਦਿਤੀਆਂ ਗਈਆਂ ਸਿਖਿਆਵਾਂ ਨੂੰ ਸਮਝਣ ਅਤੇ ਜੀਵਨ ਦੀਆਂ ਕਦਰਾਂ ਕੀਮਤਾਂ ਨੂੰ ਜਾਨਣ, ਸਮਾਜਿਕ ਸਰੋਕਾਰਾਂ ਨੂੰ ਪਛਾਨਣ ਅਤੇ ਇਹਨਾਂ ਅਨੁਸਾਰ ਜੀਵਨ ਨੂੰ ਢਾਲਣ ਦੀ ਸੋਝੀ ਮਿਲੇ। ਇਕ ਸਿਖਿਅਤ ਵਿਅਕਤੀ ਹੀ ਸਹੀ/ਗਲਤ ਦੀ ਪਛਾਣ ਕਰਕੇ ਹੀ ਸੱਚੇ ਮਾਰਗਿ 'ਤੇ ਚਲਦਿਆਂ ਆਪਣਾ ਜੀਵਨ ਸਫਲਾ ਕਰ ਸਕਦਾ ਹੈ ਅਤੇ ਆਪਣੇ ਪਰਿਵਾਰ ਨੂੰ ਅਤੇ ਸਮਾਜ ਨੂੰ ਨਰੋਈ ਸੇਧ ਦੇ ਸਕਦਾ ਹੈ। ਅਸੀਂ ਕਿਸੇ ਦੀ ਪੀੜ ਨੂੰ ਘਟਾਉਣ ਅਤੇ ਬਿਮਾਰ ਮਨੁੱਖਤਾ ਲਈ ਹਸਪਤਾਲ ਵੀ ਖੋਲ੍ਹ ਰਹੇ ਹਾਂ ਤਾਂ ਕਿ ਹਰ ਬਿਮਾਰੀ ਦਾ ਇਲਾਜ ਸਭਨਾਂ ਦੀ ਪਹੁੰਚ ਵਿਚ ਹੋਏ ਅਤੇ ਹਰ ਇਕ ਬਿਮਾਰੀ ਦਾ ਇਲਾਜ ਹੋ ਸਕੇ। ਪਰ ਕੀ ਅਸੀਂ ਸੋਚਿਆ ਏ ਕਿ ਇਹ ਬਿਮਾਰੀਆਂ ਕਿਉਂ ਲੱਗ ਰਹੀਆਂ ਅਤੇ ਬਿਮਾਰਾਂ ਦੀ ਗਿਣਤੀ ਵਿਚ ਇਹ ਵਾਧਾ ਕਿਉਂ ਹੋ ਰਿਹਾ ਏ। ਅਸੀਂ ਰੋਟੀ ਦਾ ਲੰਗਰ, ਵਿਦਿਆ ਦਾ ਲੰਗਰ, ਦਵਾਈਆਂ ਦਾ ਲੰਗਰ ਅਤੇ ਪ੍ਰਵਚਨਾਂ ਦਾ ਲੰਗਰ ਤਾਂ ਲਾ ਰਹੇ ਹਾਂ ਪਰ ਕੀ ਅਸੀਂ ਹਵਾ ਅਤੇ ਹਰਿਆਵਲ ਦਾ ਲੰਗਰ ਲਾਉਣ ਬਾਰੇ ਕਦੇ ਸੋਚਿਆ ਏ ਜੋ ਇਕ ਮਨੁੱਖ ਦੇ ਸਾਹ ਲੈਣ ਲਈ ਜਰੂਰੀ ਏ ਅਤੇ ਇਸ ਤੋਂ ਬਗੈਰ ਤਾਂ ਮਨੁੱਖ ਘੜੀ ਪਲ ਵੀ ਜਿਉਂਦਾ ਨਹੀਂ ਰਹਿ ਸਕਦਾ। ਜਦ ਸ਼ਤਾਬਦੀਆਂ ਦਾ ਵਰ੍ਹਾ ਮਨਾਉਣ ਦੀ ਗੱਲ ਚੱਲੀ ਤਾਂ ਬਹੁਤ ਹੀ ਸਿਆਣੇ ਮਹਾਂਪੁਰਖਾਂ ਨਾਲ ਵਿਚਾਰ ਕਰਕੇ ਇਹ ਫੈਸਲਾ ਕੀਤਾ ਗਿਆ ਕਿ ਕਿਉਂ ਨਾ ਸਭ ਮਨੁੱਖਾਂ ਲਈ ਹਵਾ ਅਤੇ ਹਰਿਆਵਲ ਦਾ ਲੰਗਰ ਲਾਇਆ ਜਾਵੇ ਤਾਂ ਕਿ ਇਹ ਹਵਾ ਬਿਨ੍ਹਾਂ ਕਿਸੇ ਜਾਤ-ਪਾਤ, ਊਚ-ਨੀਚ, ਵਰਣਾਂ, ਹੱਦਾਂ-ਸਰਹੱਦਾਂ ਉਲੰਘ ਕੇ ਹਰ ਇਕ ਨੂੰ ਜੀਵਨ ਦਾਨ ਬਖਸ਼ੇ ਅਤੇ ਇਸੇ ਆਸ਼ੇ ਨੂੰ ਮੁੱਖ ਰੱਖਕੇ ਹੀ ਸੰਨ 1999 ਤੋਂ ਖਡੂਰ ਸਾਹਿਬ ਨੂੰ ਜਾਂਦੀਆਂ ਸਾਰੀਆਂ ਸੜਕਾਂ 'ਤੇ ਰੁੱਖ ਲਾਉਣ ਦਾ ਕਾਰਜ ਅਰੰਭਿਆ ਗਿਆ ਜੋ ਸੰਗਤਾਂ ਦੇ ਸਹਿਯੋਗ ਨਾਲ ਅੱਜ ਤੱਕ ਜਾਰੀ ਏ।

ਖਡੂਰ ਸਾਹਿਬ ਦੇ ਗੁਰਦੁਆਰੇ ਵਿਚ ਬਹੁਤ ਹੀ ਸੁੰਦਰ ਫੁੱਲਦਾਰ ਬਗੀਚੀ। ਫੁੱਲ ਬੂਟਿਆਂ ਵਿਚ ਪਾਏ ਸੁੰਦਰ ਡਿਜਾਇਨ। ਖਿੜੇ ਹੋਏ ਫੁੱਲਾਂ ਨਾਲ ਮਹਿਕਾਇਆ ਚੌਗਿਰਦਾ। ਰੰਗਾਂ ਅਤੇ ਮਹਿਕਾਂ ਦੀ ਹੱਟ ਵਿਚ ਨਾਮ-ਰਸਲੀਨਤਾ ਦਾ ਚੱਲ ਰਿਹਾ ਪ੍ਰਵਾਹ। ਗੁਰਦੁਆਰਾ ਤਪਿਆਣਾ ਸਾਹਿਬ ਦੀ ਪ੍ਰਕਰਮਾ ਵਿਚ ਲਾਏ ਹੋਏ ਸੁੰਦਰ ਪੌਦੇ। ਕੁਦਰਤ ਅਤੇ ਪ੍ਰਮਾਤਮਾ ਦੀ ਇਕਸੁਰਤਾ ਤੇ ਇਕਸਾਰਤਾ ਦੀ ਸੁੰਦਰ ਕਲਾ-ਨਿਕਾਸ਼ੀ। ਮਾਨਸਿਕ ਅਤੇ ਆਤਮਿਕ ਤ੍ਰਿਪਤੀ ਦੇ ਨਾਲ ਨਾਲ ਕੁਦਰਤ ਦੀ ਆਗੋਸ਼ ਦਾ ਸਰੂਰ, ਹਰ ਸ਼ਰਧਾਲੂ ਦੀ ਜਗਿਆਸਾ ਸੰਪੂਰਨ ਕਰਦਾ ਅਤੇ ਉਸਦੀ ਸੋਚ ਵਿਚ ਕੁਦਰਤ ਦੀ ਅਸੀਮਤਾ ਅਤੇ ਧਾਰਮਿਕ ਲਬਰੇਜ਼ਤਾ ਧਰਦਾ। ਗੁਰਦੁਆਰਾ ਤਪਿਆਣਾ ਸਾਹਿਬ ਦੇ ਨੇੜੇ ਹੀ ਤਿੰਨ ਏਕੜ ਵਿਚ ਫੱਲਦਾਰ ਬੂਟਿਆਂ ਦਾ ਬਹਿਸ਼ਤੀ ਬਾਗ। ਸਮੁੱਚੇ ਮਨੁੱਖਤਾ ਲਈ ਇਕ ਮਾਰਗ ਦਰਸ਼ਕ। ਲਗਭਗ 36 ਕਿਸਮ ਦੇ ਫਲਾਂ ਦੇ ਬੂਟੇ ਜਿਵੇਂ ਅਮਰੂਦ, ਅੰਬ, ਲੁਗਾਠਾਂ, ਚੀਕੂ, ਅਨਾਨਾਸ, ਆੜੂ, ਬੇਰ ਆਦਿ। ਬਿਨ੍ਹਾਂ ਕਿਸੇ

ਬਾਕੀ ਸਫ਼ਾ 32 'ਤੇ

# ਕਲਰਜ਼ ਚੈਨਲ ’ਤੇ ਭਗਵਾਨ ਵਾਲਮੀਕ ਵਿਰੁੱਧ ਪ੍ਰਚਾਰ ਦਾ ਮਾਮਲਾ ਗਰਮਾਇਆ

**ਜਲੰਧਰ/ਏਟੀ ਨਿਊਜ਼ :**

ਕਲਰਜ਼ ਟੀਵੀ ਦੇ ਸੀਰੀਅਲ ‘ਸੀਆ ਰਾਮ ਕੇ ਲਵ-ਕੁਸ਼’ ਵਿਚ ਭਗਵਾਨ ਵਾਲਮੀਕਿ ਦੇ ਜੀਵਨ ਨੂੰ ਕਥਿਤ ਤੌਰ ’ਤੇ ਤੋੜ ਮਰੋੜ ਕੇ ਪੇਸ਼ ਕਰਨ ਵਿਰੁੱਧ ਦਿੱਤਾ ਪੰਜਾਬ ਬੰਦ ਦਾ ਸੱਦਾ ਉਦੋਂ ਹਿੰਸਕ ਰੂਪ ਧਾਰਨ ਕਰ ਗਿਆ ਜਦੋਂ ਦੁਕਾਨਾਂ ਬੰਦ ਕਰਾਉਣ ਤੋਂ ਨਕੋਦਰ ਵਿਚ ਗੋਲੀ ਚੱਲ ਗਈ। ਜਲੰਧਰ ਸ਼ਹਿਰ ਵਿਚ ਵੀ ਹੁੱਲੜਬਾਜ਼ਾਂ ਨੇ ਕਈ ਥਾਵਾਂ ’ਤੇ ਭੰਨ-ਤੋੜ ਕੀਤੀ। ਪੰਜਾਬ ਬੰਦ ਨਾਲ ਕੌਮੀ ਹਾਈਵੇਅ ’ਤੇ ਆਵਾਜਾਈ ਵੀ ਪ੍ਰਭਾਵਿਤ ਹੋਈ। ਹਾਲਾਂਕਿ ਵਾਲਮੀਕ ਭਾਈਚਾਰੇ ਨੇ ਪਹਿਲਾਂ ਸੱਦਾ ਵਾਪਸ ਲੈ ਲਿਆ ਸੀ ਤੇ ਸਵੇਰੇ ਇਕਦਮ ਦੁਕਾਨਾਂ ਦੀ ਭੰਨ੍ਹ ਤੋੜ ਕਰਨੀ ਸ਼ੁਰੂ ਕਰ ਦਿੱਤੀ। ਜਲੰਧਰ ਦੇ ਪੀਏਪੀ ਚੌਕ ਵਿੱਚ ਸਥਿਤੀ ਉਸ ਸਮੇਂ ਤਣਾਅ ਵਾਲੀ ਬਣ ਗਈ ਜਦੋਂ ਨਿਹੰਗ ਸਿੰਘਾਂ ਨਾਲ ਪ੍ਰਦਰਸ਼ਨਕਾਰੀਆਂ ਦਾ ਟਕਰਾਅ ਹੋ ਗਿਆ। ਮੌਕੇ ’ਤੇ ਪੁਲੀਸ ਦੇ ਇੱਕ ਏਡੀਸੀਪੀ ਦੀ ਸਮਝਦਾਰੀ ਕਾਰਨ ਦੋਹਾਂ ਧਿਰਾਂ ਦਰਮਿਆਨ ਖ਼ੂਨੀ ਝੜੱਪ ਹੋਣ ਤੋਂ ਬਚਾਅ ਹੋ ਗਿਆ।




ਵਾਲਮੀਕ ਭਾਈਚਾਰੇ ਵਲੋਂ ਦਿੱਤੇ ਬੰਦ ਦੇ ਸੱਦੇ ’ਤੇ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ, ਲੁਧਿਆਣਾ, ਕਪੂਰਥਲਾ, ਫਗਵਾੜਾ, ਸੰਗਰੂਰ, ਨਵਾਂਸ਼ਹਿਰ, ਮੁਕਤਸਰ, ਫ਼ਰੀਦਕੋਟ, ਜਗਰਾਓਂ ਤੇ ਫ਼ਿਰੋਜ਼ਪੁਰ ਵਿਚ ਆਮ ਦੁਕਾਨਾਂ, ਬਾਜ਼ਾਰ ਤੇ ਹੋਰ ਵਪਾਰਕ ਅਦਾਰੇ ਪੂਰੀ ਤਰ੍ਹਾਂ ਬੰਦ ਰਹੇ। ਜਲੰਧਰ ਦੀ ਸਬਜ਼ੀ ਮੰਡੀ ਵਿੱਚ ਵੀ ਪ੍ਰਦਰਸ਼ਨਕਾਰੀਆਂ ਨੇ ਭਾਰੀ ਨੁਕਸਾਨ ਕੀਤਾ ਤੇ ਸਬਜ਼ੀਆਂ ਖਿਲਾਰ ਦਿੱਤੀਆਂ। ਸਬਜ਼ੀ ਮੰਡੀ ਦੇ ਪ੍ਰਧਾਨ ਨੇ ਗੱਲੇ ਵਿੱਚੋਂ ਪੈਸੇ ਅਤੇ ਮੋਬਾਈਲ ਫੋਨ ਚੋਰੀ ਕਰਨ ਦੇ ਦੋਸ਼ ਵੀ ਲਾਏ ਹਨ। ਪੰਜਾਬ ਬੰਦ ਦੇ ਸੱਦੇ ਉੱਪਰ ਸਿਵਲ ਤੇ ਪੁਲਿਸ ਪ੍ਰਸ਼ਾਸਨ ਏਨਾ ਲਾਚਾਰ ਤੇ ਬੇਵੱਸ ਨਜ਼ਰ ਆਇਆ ਕਿ ਸਾਰਾ ਦਿਨ ਕਾਨੂੰਨ ਤੇ ਪ੍ਰਸ਼ਾਸਨ ਪ੍ਰਦਰਸ਼ਨਕਾਰੀਆਂ ਦੇ ਹਵਾਲੇ ਰਿਹਾ। ਮੁਜ਼ਾਹਰਾਕਾਰੀ ਜਿੱਥੇ ਮਰਜ਼ੀ ਚੌਕਾਂ ਵਿਚ ਜਾਮ ਲਗਾ ਕੇ ਅਵਾਜਾਈ ਰੋਕ ਰਹੇ ਸਨ, ਜਬਰੀ ਦੁਕਾਨਾਂ ਬੰਦ ਕਰਵਾ ਰਹੇ ਸਨ। ਇੱਥੋਂ ਤੱਕ ਕਿ ਕੁਝ ਲੜਕੀਆਂ ਦੇ ਖੁੱਲ੍ਹੇ ਸਕੂਲਾਂ ਵਿਚ ਵੀ ਮੁਜ਼ਾਹਰਾਕਾਰੀ ਦਾਖ਼ਲ ਹੋ ਗਏ ਤੇ ਹੂਟਿੰਗ ਕੀਤੀ। ਜਦ ਇਹ ਸਾਰਾ ਕੁਝ ਵਾਪਰ ਰਿਹਾ ਸੀ ਤਾਂ ਪੰਜਾਬ ਦਾ ਸਿਵਲ ਤੇ ਪੁਲਿਸ ਪ੍ਰਸ਼ਾਸਨ ਇਸ ਲਾਕਾਨੂੰਨੀ ਨੂੰ ਮੂਕ ਦਰਸ਼ਕ ਬਣ ਕੇ ਵੇਖ ਰਿਹਾ ਸੀ।

ਬਹੁਤ ਸਾਰੇ ਪੁਲਿਸ ਕਰਮਚਾਰੀਆਂ ਦਾ ਕਹਿਣਾ ਹੈ ਕਿ ਜੇ ਅਸੀਂ ਥੋੜ੍ਹੀ ਜਿਹੀ ਸਖ਼ਤੀ ਕਰੀਏ ਤਾਂ ਘੂਰ-ਘੱਘ ਤੇ ਮੁਅੱਤਲੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਕੋਈ ਵੱਡੀ ਕਾਰਵਾਈ ਹੋ ਜਾਵੇ ਤਾਂ ਵੀ ਸਿਆਸੀ ਦਬਾਅ ਹੇਠ ਬਲੀ ਦਾ ਬਕਰਾ ਪੁਲਿਸ ਵਾਲੇ ਹੀ ਬਣਦੇ ਹਨ। ਨਕੋਦਰ ਦੇ ਇਕ ਬਾਜ਼ਾਰ ਵਿਚ ਵਾਲਮੀਕਿ ਭਾਈਚਾਰੇ ਦੇ ਲੋਕ ਜਦੋਂ ਦੁਕਾਨਾਂ ਬੰਦ ਕਰਾਉਣ ਲਈ ਕਹਿ ਰਹੇ ਸਨ ਤਾਂ ਜੈਨਰੇਟਰਾਂ ਵਾਲੇ ਸਿੱਖ ਦੁਕਾਨਦਾਰ ਨਾਲ ਵਿਵਾਦ ਹੋ ਗਿਆ। ਹਾਲਾਂਕਿ ਦੁਕਾਨ ਦਾ ਅੱਧਾ ਸ਼ਟਰ ਬੰਦ ਸੀ ਤੇ ਅੰਦਰ ਪਰਿਵਾਰ ਬੈਠਾ ਸੀ। ਇਸੇ ਦੌਰਾਨ ਸਿੱਖ ਦੁਕਾਨਦਾਰ ਨੇ ਉਨ੍ਹਾਂ ਦੇ ਹਮਲੇ ਤੋਂ ਬਚਣ ਲਈ ਆਪਣੀ ਦੁਕਾਨ ’ਤੇ ਚੜ੍ਹ ਕੇ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਵਿਚ ਪਿੰਡ ਖੁਸਰੋਪੁਰ ਦਾ ਗੁਰਪ੍ਰੀਤ ਸਿੰਘ ਗੋਪੀ ਜ਼ਖ਼ਮੀ ਹੋ ਗਿਆ। ਉਸ ਨੂੰ ਜਲੰਧਰ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਐੱਸਐੱਸਪੀ ਨਵਜੋਤ ਸਿੰਘ ਮਾਹਿਲ ਨੇ ਕਿਹਾ ਕਿ ਇਕ ਵਿਅਕਤੀ ਜ਼ਖ਼ਮੀ ਹੋਇਆ ਹੈ। ਪੁਲੀਸ ਨੇ ਗੋਲੀ ਚਲਾਉਣ ਦੇ ਮਾਮਲੇ ਵਿਚ ਨਿਰਵੈਲ ਸਿੰਘ ਅਤੇ ਉਸ ਦੇ ਭਰਾ ਕੁਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਇਸ ਮਾਮਲੇ ਨੂੰ ਲੈ ਕੇ ਸਤਿਕਾਰ ਕਮੇਟੀ ਵੱਲੋਂ ਥਾਣੇ ਦੇ ਬਾਹਰ ਦਿੱਤੇ ਜਾ ਰਹੇ ਧਰਨੇ ਵਿਚ ਕਮੇਟੀ ਦੇ ਮੁਖੀ ਸੁਖਜੀਤ ਸਿੰਘ ਖੋਸਾ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਜੇਕਰ ਆਉਂਦੀ 10 ਤਾਰੀਖ ਤੱਕ ਪ੍ਰਸ਼ਾਸਨ ਵੱਲੋਂ ਪ੍ਰਦਰਸ਼ਨਕਾਰੀਆਂ ਵਿਰੁੱਧ ਵੀ ਕਾਰਵਾਈ ਨਹੀਂ ਕੀਤੀ ਗਈ ਤਾਂ ਉਹ ਸਖਤ ਕਦਮ ਚੁੱਕਣਗੇ

**ਆੜਤੀ ਦੀ ਦੁਕਾਨ ਦੇ ਸ਼ੀਸ਼ੇ ਭੰਨ੍ਹੇ-**

ਨਡਾਲਾ ਵਿਚ ਹਥਿਆਰਬੰਦ ਵਾਲਮੀਕਿ ਨੌਜਵਾਨਾਂ ਨੇ ਇਕ ਆੜ੍ਹਤੀ ਦੀ ਦੁਕਾਨ ਦੇ ਸ਼ੀਸ਼ੇ ਭੰਨ ਦਿੱਤੇ। ਕੌਂਸਲਰ ਰਾਮ ਸਿੰਘ ਦੇ ਘਰ ਅੱਗੇ ਕਥਿਤ ਤੌਰ ’ਤੇ ਹੁੱਲੜਬਾਜ਼ੀ ਕੀਤੀ ਗਈ। ਭੁਲੱਥ ਵਿਚ ਵੀ ਦੁਕਾਨਦਾਰਾਂ ਨੇ ਬੰਦ ਹਮਾਇਤੀਆਂ ਦਾ ਵਿਰੋਧ ਕੀਤਾ। ਫਾਜ਼ਿਲਕਾ, ਅਬੋਹਰ ਵਿਚ ਵੀ ਸ਼ਰਾਰਤੀ ਅਨਸਰਾਂ ਨੇ ਦੁਕਾਨਦਾਰਾਂ ’ਤੇ ਇੱਟਾਂ ਚਲਾ ਦਿੱਤੀਆਂ, ਜਿਸ ਕਾਰਨ ਕੁਝ ਦੁਕਾਨਦਾਰ ਜ਼ਖ਼ਮੀ ਹੋ ਗਏ। ਇਸ ’ਤੇ ਵਪਾਰੀਆਂ ਨੇ ਫਾਜ਼ਿਲਕਾ- ਅਬੋਹਰ ਰੋਡ ’ਤੇ ਡੀਸੀ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ।

ਫ਼ਿਰੋਜ਼ਪੁਰ ਵਿਖੇ ਵਾਲਮੀਕਿ ਧਰਮ ਸਮਾਜ ਵੱਲੋਂ ਪੰਜਾਬ ਬੰਦ ਦੇ ਸੱਦੇ ’ਤੇ ਇੱਥੋਂ ਦੇ ਬਾਜ਼ਾਰ ਜਬਰਨ ਬੰਦ ਕਰਵਾਏ ਗਏ।

ਵਾਲਮੀਕਿ ਭਾਈਚਾਰੇ ਨਾਲ ਸਬੰਧਤ ਜਥੇਬੰਦੀਆਂ ਵਲੋਂ ਦਿੱਤੇ ਬੰਦ ਦੇ ਸੱਦੇ ਤਹਿਤ ਅੰਮ੍ਰਿਤਸਰ ਸ਼ਹਿਰ ਲਗਪਗ ਮੁਕੰਮਲ ਬੰਦ ਰਿਹਾ।

**‘ਕਲਰਜ਼’ ਚੈਨਲ ਦੇ ਐੱਮਡੀ ਸਣੇ ਤਿੰਨ ਖ਼ਿਲਾਫ਼ ਕੇਸ ਦਰਜ -**

‘ਕਲਰਜ਼’ ਟੀਵੀ ਚੈਨਲ ’ਤੇ ਪ੍ਰਸਾਰਿਤ ਵਿਵਾਦਤ ਸੀਰੀਅਲ ‘ਰਾਮ ਸੀਆ ਕੇ ਲਵ ਕੁਸ਼’ ਨੂੰ ਪ੍ਰਸਾਰਿਤ ਕਰਨ ’ਤੇ ਰੋਕ ਲਾਉਣ ਤੋਂ ਬਾਅਦ ਸਥਾਨਕ ਪੁਲੀਸ ਨੇ ਕਲਰਜ਼ ਚੈਨਲ ਦੇ ਐੱਮਡੀ, ਸੀਰੀਅਲ ਦੇ ਡਾਇਰੈਕਟਰ ਸਿਧਾਰਥ ਤਿਵਾਰੀ ਅਤੇ ਸੀਰੀਅਲ ਦੇ ਲੇਖਕ ਖ਼ਿਲਾਫ਼ ਇੱਕ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਥਾਣਾ ਸਿਟੀ ਵਿਚ ਕੇਸ ਦਰਜ ਕਰ ਲਿਆ ਗਿਆ ਹੈ। ਇਹ ਕਾਰਵਾਈ ਆਦਿ ਧਰਮ ਸਮਾਜ ਦੇ ਭਾਰਤ ਸ਼ਾਮ ਲਾਲ ਫ਼ਿਰੋਜ਼ਪੁਰ ਦੀ ਸ਼ਿਕਾਇਤ ’ਤੇ ਦਰਜ ਕੀਤਾ ਗਿਆ ਹੈ।

**ਕਾਨੂੰਨ ਤੇ ਪ੍ਰਸ਼ਾਸ਼ਣ ਠੁੱਸ -**

2009 ਵਿਚ ਵਿਆਨਾ ਕਾਂਡ ਦੇ ਪ੍ਰਤੀਕਰਮ ਵਜੋਂ ਕਈ ਦਿਨ ਹੁੰਦੇ ਰਹੇ ਪ੍ਰਦਰਸ਼ਨ ਦੌਰਾਨ ਕੀਤੀ ਭੰਨਤੋੜ ਤੇ ਵਾਹਨਾਂ ਦੀ ਸਾੜ ਫੂਕ ਦਾ ਮੁਆਵਜ਼ਾ ਅਜੇ ਤੱਕ ਕਿਸੇ ਨੂੰ ਨਹੀਂ ਮਿਲਿਆ। ਪਿਛਲੇ ਮਹੀਨੇ 13 ਅਗਸਤ ਨੂੰ ਹੋਏ ਬੰਦ ਵਿਚ ਹੁਣ ਸਰਕਾਰੀ ਦਫ਼ਤਰਾਂ ਤੇ ਬੈਂਕਾਂ ਨੂੰ ਵੀ ਬੰਦ ਕਰਵਾਉਣ ਦਾ ਸਿਲਸਿਲਾ ਚੱਲ ਪਿਆ ਹੈ। ਇਕ ਪਾਸੇ ਸਰਕਾਰ ਨੇ ਹਾਈਵੇਅ ਰੋਕਣ ਵਿਰੁੱਧ ਸਖ਼ਤ ਕਾਨੂੰਨ ਪਾਸ ਕਰ ਰੱਖੇ ਹਨ, ਜਲਸੇ-ਜਲੂਸ ਲਈ ਥਾਵਾਂ ਵੀ ਨਿਸਚਿਤ ਕਰ ਰੱਖੀਆਂ ਹਨ, ਅਜਿਹੇ ਪ੍ਰਦਰਸ਼ਨਾਂ ਦੌਰਾਨ ਹੋਣ ਵਾਲੇ ਨੁਕਸਾਨ ਦੀ ਭਰਪਾਈ ਅੰਦੋਲਨ ਦੀ ਅਗਵਾਈ ਕਰਨ ਵਾਲੀ ਸੰਸਥਾ ਤੋਂ ਕਰਵਾਏ ਜਾਣ ਦਾ ਕਾਨੂੰਨ ਵੀ ਬਣ ਚੁੱਕਾ ਹੈ ਪਰ ਇਨ੍ਹਾਂ ਨਵੇਂ ਬਣੇ ਕਾਨੂੰਨਾਂ ਦੀ ਉਲੰਘਣਾ ਪ੍ਰਸ਼ਾਸਨ ਦੇ ਨੱਕ ਹੇਠ ਹੋ ਰਹੀ ਹੈ। ਵੋਟ ਰਾਜਨੀਤੀ ਦੇ ਭਾਰੂ ਹੋਣ ਕਾਰਨ ਕੋਈ ਵੀ ਰਾਜਸੀ ਪਾਰਟੀ ਅਜਿਹੇ ਲੋਕਾਂ ਖ਼ਿਲਾਫ਼ ਬੋਲਣ ਲਈ ਤਿਆਰ ਨਹੀਂ। ਪਰ ਆਮ ਲੋਕਾਂ ਦੇ ਨੱਕ ਵਿਚ ਦਮ ਹੋ ਰਿਹਾ ਹੈ। ਬੰਦ ਵਿਚ ਸਰਕਾਰੀ ਦਫ਼ਤਰ ਤੇ ਬੈਂਕਾਂ ਤੱਕ ਬੰਦ ਕਰਾਉਣ ਦਾ ਰੁਝਾਨ ਬੇਹੱਦ ਖ਼ਤਰਨਾਕ ਹੈ। ਇਹ ਸਾਡੇ ਪ੍ਰਸ਼ਾਸਨਿਕ ਢਾਂਚੇ ਦੇ ਨਕਾਰਾ ਹੋਣ ਦਾ ਸੰਕੇਤ ਹੈ।

**ਮੁੱਖ ਮੰਤਰੀ ਵਲੋਂ ‘ਰਾਮ ਸੀਆ ਕੇ ਲਵ-ਕੁਸ਼’ ਦੇ ਪ੍ਰਸਾਰਨ ’ਤੇ ਪਾਬੰਦੀ -**

ਸੂਬੇ ਵਿਚ ਸ਼ਾਂਤੀ ਤੇ ਫ਼ਿਰਕੂ ਭਾਈਚਾਰਾ ਖ਼ਰਾਬ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਖ਼ਲਾਫ਼ ਸਖ਼ਤ ਕਾਰਵਾਈ ਦੀ ਚਿਤਾਵਨੀ ਦਿੰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਨਿਚਰਵਾਰ ਰਾਤ ਨੂੰ ਸੂਬੇ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਆਦੇਸ਼ ਦਿੱਤੇ ਹਨ ਕਿ ਉਹ ਤੁਰੰਤ ਪ੍ਰਭਾਵ ਨਾਲ ਟੈਲੀਵਿਜ਼ਨ ਲੜੀਵਾਰ ‘ਰਾਮ ਸੀਆ ਕੇ ਲਵ-ਕੁਸ਼’ ਦੇ ਪ੍ਰਸਾਰਣ ’ਤੇ ਪਾਬੰਦੀ ਲਾ ਦੇਣ, ਜਿਸ ਕਾਰਨ ਵਾਲਮੀਕਿ ਭਾਈਚਾਰੇ ਦੀਆਂ ਭਾਵਨਾਵਾਂ ਭੜਕੀਆਂ ਹਨ ਅਤੇ ਉਨ੍ਹਾਂ ਵਲੋਂ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਦੇ ਨਿਰਦੇਸ਼ਾਂ ’ਤੇ ਤੁਰੰਤ ਕਾਰਵਾਈ ਕਰਦਿਆਂ ਸੂਬੇ ਭਰ ਵਿਚ ਡਿਪਟੀ ਕਮਿਸ਼ਨਰਾਂ ਵਲੋਂ ਆਪੋ-ਆਪਣੇ ਜ਼ਿਲ੍ਹਿਆਂ ਵਿਚ ਕੇਬਲ ਆਪਰੇਟਰਾਂ ਨੂੰ ਇਸ ਲੜੀਵਾਰ ਦੇ ਪ੍ਰਸਾਰਣ ’ਤੇ ਰੋਕ ਲਗਾਉਣ ਲਈ ਲੋੜੀਂਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।

**ਹਾਈਕੋਰਟ ਵਲੋਂ ਰੋਕ ਹਟਾਉਣ ਤੋਂ ਇਨਕਾਰ -**

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ’ਤੇ ਸਨਿਚਰਵਾਰ ਨੂੰ ਡਿਪਟੀ ਕਮਿਸ਼ਨਰਾਂ ਵਲੋਂ ਟੈਲੀਵਿਜ਼ਨ ਲੜੀਵਾਰ ‘ਰਾਮ ਸਿਆ ਕੇ ਲਵ ਕੁਸ਼’ ਦੇ ਕੇਬਲ ਪ੍ਰਸਾਰਨ ’ਤੇ ਲਾਈ ਰੋਕ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਹਟਾਉਣ ਤੋਂ ਇਨਕਾਰ ਕਰ ਦਿੱਤਾ। ਹਾਲ ਦੀ ਘੜੀ ਇਸ ਵਿਵਾਦਪੂਰਨ ਲੜੀਵਾਰ ਦੇ ਪ੍ਰਸਾਰਨ ’ਤੇ ਰੋਕ ਲੱਗੀ ਰਹੇਗੀ ਤੇ ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 12 ਸਤੰਬਰ, 2019 ਤੱਕ ਮੁਲਤਵੀ ਕਰ ਦਿੱਤੀ।

ਬਹਿਸ ਦੌਰਾਨ ਚੈਨਲ ਨੇ ਇਸ ਲੜੀਵਾਰ ਦੇ ਵਿਵਾਦਪੂਰਨ ਦ੍ਰਿਸ਼ਾਂ ਬਾਰੇ ਨਿਰਮਾਤਾਵਾਂ ਵਲੋਂ ਗ੍ਰਹਿ ਸਕੱਤਰ ਨਾਲ ਗੱਲਬਾਤ ਦੀ ਪੇਸ਼ਕਸ਼ ਨੂੰ ਵੀ ਰਿਕਾਰਡ ’ਤੇ ਰੱਖਿਆ ਤੇ ਉਨ੍ਹਾਂ ਨੇ ਮਹਾਂਰਿਸ਼ੀ ਵਾਲਮੀਕਿ ਨਾਲ ਸਬੰਧਤ ਇਤਰਾਜ਼ਯੋਗ ਦ੍ਰਿਸ਼ ਹਟਾਉਣ ਦੀ ਵੀ ਪੇਸ਼ਕਸ਼ ਕੀਤੀ। ਅਦਾਲਤ ਨੇ ਇਸ ਮਾਮਲੇ ਵਿਚ ਖ਼ਾਸ ਤੌਰ ’ਤੇ ਨਿਰਮਾਤਾਵਾਂ ਵਲੋਂ ਦ੍ਰਿਸ਼ ਹਟਾਉਣ ਦੀ ਕੀਤੀ ਪੇਸ਼ਕਸ਼ ਦੇ ਸਬੰਧ ਵਿਚ ਵਧੀਕ ਐਡਵੋਕੇਟ ਜਨਰਲ ਨੂੰ ਆਪਣਾ ਪੱਖ ਰੱਖਣ ਲਈ ਆਖਿਆ। ਇਸ ’ਤੇ ਪੰਜਾਬ ਦੇ ਵਧੀਕ ਐਡਵੋਕੇਟ ਜਨਰਲ ਰਮੀਜ਼ਾ ਹਕੀਮ ਨੇ ਆਖਿਆ ਕਿ ਇਸ ਪੇਸ਼ਕਸ਼ ਨੂੰ ਸੂਬਾ ਸਰਕਾਰ ਵਲੋਂ ਵਿਚਾਰਿਆ ਜਾਵੇਗਾ ਤੇ ਇਸ ਬਾਰੇ ਸਰਕਾਰ ਵਲੋਂ ਲਏ ਜਾਣ ਵਾਲੇ ਫ਼ੈਸਲੇ ਨੂੰ ਅਗਲੀ ਸੁਣਵਾਈ ਦੌਰਾਨ ਅਦਾਲਤ ਸਾਹਮਣੇ ਰੱਖ ਦਿੱਤਾ ਜਾਵੇਗਾ।



# ਸਾਰਾਗੜ੍ਹੀ ਯੁੱਧ ਦੇ ਮਹਾਨ ਸਿੱਖ ਸ਼ਹੀਦ

ਡਾ. ਜਗਮੇਲ ਸਿੰਘ ਭਾਠੂਆਂ



ਬਹਾਦਰੀ ਅਤੇ ਬਲੀਦਾਨ ਦੇ ਇਤਿਹਾਸ ਵਿਚ ਸਾਰਾਗੜ੍ਹੀ ਦਾ ਸਾਕਾ ਇਕ ਅਜਿਹੀ ਕਹਾਣੀ ਹੈ ਜਿਸ ਨੇ ਪੰਜਾਬੀਆਂ ਨੂੰ ਵਿਸ਼ਵ ਵਿਚ ਪਹਿਲੀ ਕਤਾਰ ਵਿਚ ਖੜ੍ਹੇ ਹੋਣ ਦੇ ਕਾਬਿਲ ਬਣਾਇਆ। ਸਿੱਖ ਗੁਰੂ ਸਾਹਿਬਾਨਾਂ ਨੇ ਇਲਾਹੀ ਬਾਣੀ ਵਿਚ ਵਿਦਿਆ, ਸ਼ਾਂਤੀ ਅਤੇ ਸੂਰਬੀਰਤਾ ਵਰਗੇ ਮਹਾਨ ਸੰਕਲਪਾਂ ਦੇ ਸੰਗਮ ਨਾਲ ਪੰਜਾਬੀ ਕਮਿਊਨਿਟੀ ਵਿਚ ਉਹ ਸਪਿਰਟ ਭਰੀ ਕਿ ਸਾਰਾਗੜ੍ਹੀ ਯੁੱਧ ਕਰਕੇ ਜੰਗ ਦੇ ਖੇਤਰ ਵਿਚ ਪੰਜਾਬੀਆਂ ਦੀ ਬਹਾਦੁਰੀ ਅੱਜ ਵਿਸ਼ਵ ਵਿਚ ਪਹਿਲੇ ਨੰਬਰ 'ਤੇ ਗਿਣੀ ਜਾਂਦੀ ਹੈ। ਇਹ ਸਾਕਾ 1 ਅਗਸਤ 1846 ਨੂੰ ਸਥਾਪਤ ਹੋਈ, ਸਿੱਖ ਰੈਜੀਮੈਂਟ ਦੀ 36 ਸਿੱਖ ਬਟਾਲੀਅਨ (ਹੁਣ 4 ਸਿੱਖ) ਦੇ ਉਨ੍ਹਾਂ 22 ਸਿੱਖ ਸੂਰਬੀਰਾਂ ਦੀ ਯਾਦ ਤਾਜ਼ਾ ਕਰਾਉਂਦਾ ਹੈ, ਜੋ 12 ਸਤੰਬਰ 1897 ਦੌਰਾਨ ਹਜ਼ਾਰਾਂ ਅਫਰੀਦੀਆਂ ਨਾਲ ਆਖਰੀ ਦਮ ਤੱਕ ਲੜਦੇ ਹੋਏ ਸ਼ਹੀਦੀ ਜਾਮ ਪੀ ਗਏ, ਜਿਸ ਨੂੰ ਵੇਖ ਸੁਣ ਕੇ ਅੰਗਰੇਜ਼ੀ ਹਾਕਮ ਵੀ ਹੈਰਾਨ ਰਹਿ ਗਏ। ਅਫਗਾਨਿਸਤਾਨ ਨਾਲ ਲੱਗਦਾ ਘਟਨਾ ਸਥਾਨ ਵਾਲਾ ਉਹ ਇਲਾਕਾ ਹੁਣ ਪਾਕਿਸਤਾਨ ਵਿਚ ਪੈਂਦਾ ਹੈ।

ਉਨੀਵੀਂ ਸਦੀ ਦੇ ਅਖੀਰਲੇ ਦਹਾਕੇ ਦਾ ਇਹ ਉਹ ਸਮਾਂ ਸੀ, ਜਦ ਅਫਰੀਦੀ ਆਦਿਵਾਸੀਆਂ ਵੱਲੋਂ ਇਸ ਇਲਾਕੇ ਤੱਕ ਫੈਲੇ ਬ੍ਰਿਟਿਸ਼ ਭਾਰਤੀ ਸਾਮਰਾਜ ਦਾ ਪੁਰਜ਼ੋਰ ਵਿਰੋਧ ਕੀਤਾ ਜਾ ਰਿਹਾ ਸੀ ਅਤੇ ਇਥੇ ਬ੍ਰਿਟਿਸ਼ ਸੈਨਿਕਾਂ ਦੀ ਤਾਇਨਾਤੀ ਵਿਰੁੱਧ ਇਕ ਪ੍ਰਕਾਰ ਨਾਲ ਜਹਾਦ ਛਿੜਿਆ ਹੋਇਆ ਸੀ। ਮਹਾਨਕੋਸ਼ ਅਨੁਸਾਰ, ਪਰਸ਼ੀਆ (ਫ਼ਾਰਸ) ਦੇ ਬਾਦਸ਼ਾਹ ਫ਼ਰੀਦੂਨ ਦੀ ਸੰਤਾਨ ਨੂੰ ਅਫਰੀਦੀ ਕਿਹਾ ਜਾਂਦਾ ਹੈ, ਓਰਕਜ਼ਈ ਅਤੇ ਸ਼ਿਨਵਾਰੀ ਪਠਾਣ ਇਸੇ ਜਾਤ ਦੀ ਸ਼ਾਖ ਹਨ।

ਉਸ ਮੌਕੇ ਬ੍ਰਿਟਿਸ਼ ਆਰਮੀ ਵੱਲੋਂ ਵਿਦਰੋਹੀਆਂ ਨੂੰ ਖਦੇੜਨ ਲਈ ਕਰਨਲ ਜੌਹਨ ਹਾਟਨ ਦੀ ਅਗਵਾਈ ਵਿਚ ਇਥੇ ਸਥਿਤ ਲਾਕਹਾਰਟ ਤੋਂ ਲੈ ਕੇ ਗੁਲਸਤਾਨ ਕਿਲ੍ਹੇ ਤੱਕ, ਕਈ ਚੌਕੀਆਂ ਸੰਗਰ, ਸਾਰਤੋਪ, ਧਾਰ ਆਦਿ ਦੀ ਜ਼ਿੰਮੇਵਾਰੀ ਵੱਖ-ਵੱਖ ਫੌਜੀ ਟੁਕੜੀਆਂ ਨੂੰ ਸੌਂਪੀ ਗਈ ਅਤੇ ਸਾਰਾਗੜ੍ਹੀ ਚੌਕੀ ਦੀ ਕਮਾਂਡ ਹਵਲਦਾਰ ਈਸਰ ਸਿੰਘ ਦੇ ਹੱਥਾਂ ਵਿਚ ਸੀ ਜਿਸ ਦੇ ਅਧੀਨ 36 ਸਿੱਖ ਬਟਾਲੀਅਨ ਦੇ 20 ਫੌਜੀ ਜੁਆਨ ਤੇ ਇਕ ਸੇਵਾਦਾਰ ਤਾਇਨਾਤ ਸਨ। ਸਾਰਾਗੜ੍ਹੀ, ਲਾਕਹਾਰਟ ਅਤੇ ਗੁਲਸਤਾਨ ਕਿਲ੍ਹਿਆਂ ਵਿਚਕਾਰ ਹੈਲੀਓਗ੍ਰਾਫ, ਸੂਰਜ ਤੇ ਸ਼ੀਸ਼ੇ ਦੀ ਮਦਦ ਨਾਲ ਸਿਗਨਲ ਭੇਜ ਕੇ, ਸੰਚਾਰ ਕਾਇਮ ਕਰਨ ਵਾਲੀ ਇਕ ਮਹੱਤਵਪੂਰਨ ਚੌਕੀ ਸੀ, ਜਿਸ ਉਪਰ 12 ਸਤੰਬਰ 1897 ਦੇ ਦਿਨ ਲਗਪਗ 10 ਹਜ਼ਾਰ ਦੀ ਗਿਣਤੀ 'ਚ ਪਠਾਣਾਂ ਨੇ ਹਮਲਾ ਕਰ ਦਿੱਤਾ। ਬਹਾਦੁਰ ਸਿੱਖ ਫੌਜੀਆਂ ਨੇ ਦੁਸ਼ਮਣ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਅਤੇ ਛੇ ਘੰਟਿਆਂ ਦੀ ਗਹਿਗੱਚ ਲੜਾਈ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਂਵਾਕ 'ਸਵਾ ਲਾਖ ਸੇ ਏਕ ਲੜਾਊਂ' 'ਤੇ ਖਰੇ ਉਤਰਦਿਆਂ, ਉਨ੍ਹਾਂ ਆਖਰੀ ਦਮ ਤੱਕ ਮੈਦਾਨ ਨਹੀਂ ਛੱਡਿਆ ਤੇ ਸਾਰੇ ਦੇ ਸਾਰੇ ਆਪਣਾ ਫਰਜ਼ ਨਿਭਾਉਂਦਿਆਂ ਜਾਨਾਂ ਕੁਰਬਾਨ ਕਰ ਗਏ।

ਅਫਰੀਦੀਆਂ ਦੇ ਕਥਨ ਅਨੁਸਾਰ, ਇਹ ਦੋ ਸੌ ਵੈਰੀਆਂ ਨੂੰ ਮਾਰ ਕੇ ਅਤੇ ਸੈਂਕੜਿਆਂ ਨੂੰ ਫੱਟੜ ਕਰਕੇ ਸ਼ਹੀਦ ਹੋਏ। ਬ੍ਰਿਟਿਸ਼ ਪਾਰਲੀਮੈਂਟ ਵੱਲੋਂ ਇਨ੍ਹਾਂ ਬਹਾਦੁਰ ਜੁਆਨਾਂ ਨੂੰ ਪੂਰੇ ਅਦਬ-ਅਦਾਬ ਨਾਲ ਸ਼ਰਧਾਂਜਲੀ ਭੇਂਟ ਕੀਤੀ ਗਈ। ਇਨ੍ਹਾਂ ਬਹਾਦੁਰ ਯੋਧਿਆਂ ਦੀ ਯਾਦ ਵਿਚ ਘਟਨਾ ਸਥਾਨ (ਲਾਕਹਾਰਟ) ਅਤੇ ਸ੍ਰੀ ਅੰਮ੍ਰਿਤਸਰ ਵਿਖੇ ਸਰਕਾਰ ਵਲੋਂ ਕੀਰਤਿ ਮੰਦਰ ਬਣਾਏ ਗਏ। ਇਕ ਯਾਦਗਾਰ ਫਿਰੋਜ਼ਪੁਰ ਵੀ ਬਣਾਈ ਗਈ, ਕਿਉਂਕਿ ਜ਼ਿਆਦਾਤਰ ਸ਼ਹੀਦ ਇਸੇ ਜ਼ਿਲ੍ਹੇ ਨਾਲ ਸਬੰਧਤ ਸਨ। ਇਨ੍ਹਾਂ ਜਾਨਾਂ ਨਿਛਾਵਰ ਕਰਨ ਵਾਲੇ 22 ਸੈਨਿਕਾਂ ਵਿੱਚੋਂ 21 ਸ਼ਹੀਦਾਂ ਨੂੰ ਉਸ ਮੌਕੇ ਭਾਰਤੀ ਫੌਜ ਨੂੰ ਦੇਣ ਵਾਲੇ ਸਰਵੋਤਮ ਬ੍ਰਿਟਿਸ਼ ਬਹਾਦੁਰੀ ਪੁਰਸਕਾਰ, ਇੰਡੀਅਨ ਆਰਡਰ ਆਫ ਮੈਰਿਟ (ਆਈ.ਓ.ਐਮ) ਨਾਲ ਸਨਮਾਨਿਤ ਕੀਤਾ ਗਿਆ, ਜੋ ਕਿ ਅੱਜਕੱਲ੍ਹ ਦੇ ਪਰਮਵੀਰ ਚੱਕਰ ਦੇ ਬਰਾਬਰ ਹੈ। ਬਹਾਦੁਰੀ ਨਾਲ ਸਬੰਧਤ ਸੰਸਾਰ ਦੀਆਂ ਪ੍ਰਮੁੱਖ 10 ਜੰਗਾਂ ਵਿਚ ਸ਼ਾਮਲ ਸਾਰਾਗੜ੍ਹੀ ਜੰਗ, ਅੱਜ ਫਰਾਂਸ ਸਮੇਤ ਕਈ ਦੇਸ਼ਾਂ ਦੀਆਂ ਸਕੂਲੀ ਕਿਤਾਬਾਂ ਵਿਚ ਸ਼ਾਨਾਂਮੱਤੇ ਇਤਿਹਾਸ ਵਜੋਂ ਸ਼ਾਮਲ ਹੈ। ਯੂਨੈਸਕੋ ਨੇ ਵੀ ਇਸ ਨੂੰ ਛਾਪਿਆ ਹੈ ਅਤੇ ਪਿੱਛੇ ਜਿਹੇ ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਵੀ ਇਕ ਪੱਤਰ ਰਾਹੀਂ ਇਸ ਅਦੁੱਤੀ ਸਾਕੇ ਦੀ ਭਰਪੂਰ ਸ਼ਲਾਘਾ ਕੀਤੀ ਹੈ।

# ਅਣਅਧਿਕਾਰਤ ਪਟਾਕਾ ਫੈਕਟਰੀਆਂ ਕਿਸ ਦੀ ਸ਼ਹਿ ਉੱਤੇ ਚੱਲਦੀਆਂ ਹਨ

**ਅੰਮ੍ਰਿਤਪਾਲ ਸਮਰਾਲਾ**

ਦੇਸ਼ ਦੀ ਰਾਜਨੀਤਿਕ ਪ੍ਰਣਾਲੀ ਦੇ ਨਾਲ-ਨਾਲ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਕਾਰਗੁਜ਼ਾਰੀ ਇੰਨੀ ਬੁਰੀ ਤਰ੍ਹਾਂ ਗ੍ਰਸਤ ਹੋ ਚੁੱਕੀ ਹੈ ਕਿ ਲੋਕਾਂ ਦਾ ਜਿਊਣਾ ਦੁੱਭਰ ਬਣਿਆ ਹੋਇਆ ਹੈ। ਇੱਥੇ ਕਾਨੂੰਨੀ ਵਿਵਸਥਾ ਇਸ ਕਦਰ ਤਾਰ-ਤਾਰ ਹੋਈ ਪਈ ਹੈ ਕਿ ਇੱਥੋਂ ਦੇ ਨੌਜਵਾਨ ਦੇਸ਼ ਦੇ ਸਿਸਟਮ ਤੋਂ ਦੁਖੀ ਹੋ ਕੇ ਬਾਹਰਲੇ ਦੇਸ਼ਾਂ ਵੱਲ ਨੂੰ ਕੂਚ ਕਰਦੇ ਜਾ ਰਹੇ ਹਨ। ਜੇਕਰ ਸਰਕਾਰ ਅਤੇ ਪ੍ਰਸ਼ਾਸਨ ਸੁਹਿਰਦਤਾ ਦੇ ਨਾਲ ਆਪਣੀ ਜ਼ਿੰਮੇਵਾਰੀ ਨੂੰ ਸਮਝੇ, ਤਾਂ ਸਾਡੇ ਦੇਸ਼ ਦੇ ਇਹ ਨੌਜਵਾਨ ਆਪਣੇ ਪਰਿਵਾਰਾਂ ਤੋਂ ਦੂਰ ਦੂਜੇ ਮੁਲਕਾਂ ਵੱਲ ਜਾਣ ਲਈ ਮਜਬੂਰ ਨਾ ਹੋਣ।

ਬੀਤੇ ਦਿਨੀਂ ਜ਼ਿਲ੍ਹਾ ਗੁਰਦਾਸਪੁਰ ਦੇ ਬਟਾਲਾ ਸ਼ਹਿਰ ਅੰਦਰ ਹੋਈ ਘਟਨਾ ਨੇ ਜਿੱਥੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਪੋਲ ਖੋਲ੍ਹੀ ਹੈ, ਉੱਥੇ ਸਾਡੇ ਰਾਜਨੀਤਿਕ ਆਗੂਆਂ ਦੀ ਕਾਰਗੁਜ਼ਾਰੀ ਉੱਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਬਟਾਲਾ ਸ਼ਹਿਰ ਦੀ ਇੱਕ ਸੰਘਣੀ ਆਬਾਦੀ ਵਿੱਚ ਨਿਯਮਾਂ ਨੂੰ ਛਿੱਕੇ ਟੰਗ ਕੇ ਚੱਲ ਰਹੀ ਇੱਕ ਅਣਅਧਿਕਾਰਤ ਪਟਾਕਾ ਫੈਕਟਰੀ ਵਿੱਚ ਹੋਏ ਵਿਸਫੋਟ ਨੇ ਅਣਗਿਣਤ ਬੇਕਸੂਰ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਧਕੇਲ ਦਿੱਤਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਕਰੀਬ 20-22 ਸਾਲ ਪੁਰਾਣੀ ਇਸ ਪਟਾਕਾ ਫੈਕਟਰੀ ਨੂੰ ਚਲਾਉਣ ਪਿੱਛੇ ਕੌਣ-ਕੌਣ ਜ਼ਿੰਮੇਵਾਰ ਹੈ? ਜੇਕਰ ਇਸਦੀ ਪੜਤਾਲ ਕੀਤੀ ਜਾਵੇ ਤਾਂ ਸੱਤਾਧਾਰੀ ਸਰਕਾਰ ਦੇ ਨਾਲ-ਨਾਲ ਜ਼ਿਲ੍ਹਾ ਅਤੇ ਸਬ ਡਵੀਜ਼ਨ ਪੱਧਰ ਦੇ ਅਧਿਕਾਰੀ ਮੁੱਖ ਰੂਪ ਵਿੱਚ ਸਾਹਮਣੇ ਆਉਂਦੇ ਹਨ। ਪਤਾ ਲੱਗਿਆ ਹੈ ਕਿ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕੋਲ ਪਟਾਕਾ ਫੈਕਟਰੀ ਚਲਾਉਣ ਲਈ ਲਾਈਸੰਸ ਦੇਣ ਦਾ ਕੰਮ ਹੁੰਦਾ ਹੈ। ਸੰਘਣੀ ਆਬਾਦੀ ਵਿੱਚ ਇਹ ਲਾਈਸੰਸ ਕਿਉਂ ਦਿੱਤਾ ਗਿਆ? ਜੇਕਰ ਲਾਈਸੰਸ ਨਹੀਂ ਦਿੱਤਾ ਗਿਆ ਤਾਂ ਇਸ ਫੈਕਟਰੀ ਵਿਰੁੱਧ ਕੋਈ ਕਾਰਵਾਈ ਅਮਲ ਵਿੱਚ ਕਿਉਂ ਨਹੀਂ ਲਿਆਂਦੀ ਗਈ? ਦੀਵਾਲੀ ਦਾ ਤਿਉਹਾਰ ਨੇੜੇ ਆਉਣ ਉੱਤੇ ਜ਼ਿਲ੍ਹੇ ਦੇ ਪੁਲਿਸ ਵਿਭਾਗ ਵੱਲੋਂ ਵੀ ਪਟਾਕਾ ਫੈਕਟਰੀਆਂ ਦੀ ਜਾਂਚ ਕਰਨੀ ਹੁੰਦੀ ਹੈ। ਫਿਰ ਕਿਉਂ ਇਹ ਜਾਂਚ ਨਹੀਂ ਕੀਤੀ ਗਈ? ਇਹ ਵੀ ਸਬੰਧਤ ਐੱਸ.ਐੱਸ.ਪੀ., ਡੀ.ਐੱਸ.ਪੀ. ਅਤੇ ਐੱਸ.ਐੱਚ.ਓ. ਦੀ ਲੋਕਾਂ ਪ੍ਰਤੀ ਫਿਕਰਮੰਦੀ ਨੂੰ ਉਜਾਗਰ ਕਰਦਾ ਹੈ ਕਿ ਪੁਲਿਸ ਪ੍ਰਸ਼ਾਸਨ ਕਿੰਨਾ ਕੁ ਸੁਹਿਰਦ ਹੈ। ਇਸ ਤੋਂ ਬਾਅਦ ਨੰਬਰ ਆਉਂਦਾ ਹੈ ਨਗਰ ਕੌਂਸਲ ਦੇ ਪ੍ਰਧਾਨ, ਉਸ ਵਾਰਡ ਦੇ ਕੌਂਸਲਰ ਅਤੇ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਦਾ, ਜਿਨ੍ਹਾਂ ਵੱਲੋਂ ਇਸ ਅਣਅਧਿਕਾਰਤ ਫੈਕਟਰੀ ਵੱਲ ਧਿਆਨ ਹੀ ਨਹੀਂ ਦਿੱਤਾ ਗਿਆ। ਇਸ ਸਾਰੇ ਘਟਨਾਕ੍ਰਮ ਤੋਂ ਇਹ ਗੱਲ ਸਹਿਜੇ ਹੀ ਸਾਹਮਣੇ ਆਉਂਦੀ ਹੈ ਕਿ ਮਿਲੀਭੁਗਤ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ ਹੁੰਦਾ। ਨਹੀਂ ਤਾਂ ਇੰਨੇ ਸਾਲਾਂ ਦੀ ਚੱਲਦੀ ਅਣਅਧਿਕਾਰਤ ਫੈਕਟਰੀ ਇਨ੍ਹਾਂ ਕੁਰਸੀਤੋੜਾਂ ਦੇ ਧਿਆਨ ਵਿੱਚ ਕਿਉਂ ਨਹੀਂ ਆਈ। ਜੇਕਰ ਕੋਈ ਦੋਪਹੀਆ ਵਾਹਨ ਜ਼ਰਾ ਜਿੰਨਾ ਵੀ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰ ਜਾਵੇ ਤਾਂ ਪੁਲਿਸ ਵੱਲੋਂ ਉਸਦਾ ਚਲਾਨ ਕੱਟਦੇ ਹੋਏ ਉਸਨੂੰ ਭਾਰੀ ਜ਼ੁਰਮਾਨਿਆਂ ਨਾਲ ਨਿਵਾਜਿਆ ਜਾਂਦਾ ਹੈ, ਪਰ ਲੋਕਾਂ ਦੀ ਜਾਨ ਦਾ ਖੌਅ ਬਣੀਆਂ ਅਜਿਹੀਆਂ ਫੈਕਟਰੀਆਂ ਉੱਤੇ ਪ੍ਰਸ਼ਾਸਨ ਕਾਰਵਾਈ ਕਰਨ ਵਿੱਚ ਕਿਉਂ ਅਸਮਰੱਥ ਹੁੰਦਾ ਹੈ, ਇਹ ਵੀ ਇੱਕ ਸਵਾਲ ਹੈ। ਜੇਕਰ ਪ੍ਰਸ਼ਾਸਨ ਅਣਗਹਿਲੀ ਵਰਤ ਰਿਹਾ ਸੀ ਤਾਂ ਇੱਥੋਂ ਦੇ ਵਿਧਾਇਕ ਵੱਲੋਂ ਕੋਈ ਐਕਸ਼ਨ ਕਿਉਂ ਨਹੀਂ ਲਿਆ ਗਿਆ? ਇਹ ਸਾਰੀਆਂ ਗੱਲਾਂ ਬਹੁਤ ਕੁਝ ਵਿਆਖਿਆ ਕਰ ਰਹੀਆਂ ਹਨ। ਅਜਿਹੀਆਂ ਹੋਰ ਪਤਾ ਨਹੀਂ ਕਿੰਨੀਆਂ ਕੁ ਪਟਾਕਾ ਫੈਕਟਰੀਆਂ ਦੇਸ਼ ਦੇ ਵੱਖ-ਵੱਖ ਕੋਨਿਆਂ ਵਿੱਚ ਸਥਿੱਤ ਹੈ, ਜਿਨ੍ਹਾਂ ਦਾ ਪਤਾ ਸਰਕਾਰਾਂ ਅਤੇ ਪ੍ਰਸ਼ਾਸਨ ਨੂੰ ਘਟਨਾ ਵਾਪਰਨ ਮਗਰੋਂ ਲੱਗਦਾ ਹੈ।

ਹੁਣ ਇਸ ਘਟਨਾ ਸਬੰਧੀ ਚਾਹੇ ਕੋਈ ਵੀ ਕਾਰਵਾਈ ਹੋ ਜਾਵੇ, ਚਾਹੇ ਸਬੰਧਤ ਅਧਿਕਾਰੀ ਬਰਖਾਸਤ ਹੋ ਜਾਣ, ਰਾਜਨੀਤਿਕ ਨੁਮਾਇੰਦੇ ਅਸਤੀਫ਼ੇ ਦੇ ਦੇਣ, ਪਰ ਮਰ ਚੁੱਕੀਆਂ ਬੇਸ਼ਕੀਮਤੀ ਜਾਨਾਂ ਕਦੇ ਵਾਪਸ ਨਹੀਂ ਆਉਣਗੀਆਂ। ਹੋ ਸਕਦਾ ਹੈ ਹੁਣ ਸਰਕਾਰ ਐਲਾਨ ਕਰੇ ਕਿ ਮਰਨ ਵਾਲੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਇੰਨੇ ਲੱਖ ਅਤੇ ਗੰਭੀਰ ਜ਼ਖਮੀ ਹੋਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਇੰਨੇ ਹਜ਼ਾਰ ਦਿੱਤੇ ਜਾਣਗੇ। ਕੁਝ ਦਿਨ ਅਖ਼ਬਾਰਾਂ ਅਤੇ ਨਿਊਜ਼ ਚੈਨਲਾਂ ਉੱਤੇ ਗੱਲਾਂ ਚੱਲਣਗੀਆਂ, ਬਾਅਦ ਵਿੱਚ ਲੋਕ ਵੀ ਇਸ ਘਟਨਾ ਨੂੰ ਭੁੱਲ ਜਾਣਗੇ ਅਤੇ ਦੋਬਾਰਾ ਤੋਂ ਫਿਰ ਉਹੀ ਸਿਸਟਮ ਸ਼ੁਰੂ ਹੋ ਜਾਵੇਗਾ। ਪ੍ਰੰਤੂ ਜੇਕਰ ਭੁੱਲਣਾ ਨਹੀਂ ਤਾਂ ਉਨ੍ਹਾਂ ਪਰਿਵਾਰਾਂ ਨੂੰ ਨਹੀਂ ਭੁੱਲਣਾ, ਜਿਨ੍ਹਾਂ ਦੇ ਆਪਣੇ ਇਸ ਖੂਨੀ ਪਟਾਕਾ ਫੈਕਟਰੀ ਦੀ ਭੇਂਟ ਚੜ੍ਹ ਗਏ।

ਜੇਕਰ ਇਹ ਪਟਾਕਾ ਫੈਕਟਰੀਆਂ ਨਾ ਵੀ ਹੋਣ, ਸਾਡੇ ਦੇਸ਼ ਦੀ ਕਿਹੜੀ ਤਰੱਕੀ ਰੁਕ ਰਹੀ ਹੈ ਇਨ੍ਹਾਂ ਪਟਾਕਿਆਂ ਬਿਨਾਂ। ਜਿਸ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਹੀ ਦਰਜ ਕਰ ਦਿੱਤਾ ਹੈ ਕਿ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ', ਉਸੇ ਗੁਰੂ ਸਾਹਿਬਾਨ ਜੀ ਦੇ ਵਿਆਹ ਪੁਰਬ ਮੌਕੇ ਅਸੀਂ ਆਤਿਸ਼ਬਾਜ਼ੀਆਂ ਚਲਾਉਂਦੇ ਹਾਂ, ਉਨ੍ਹਾਂ ਦੇ ਜਨਮ ਦਿਹਾੜਿਆਂ ਮੌਕੇ ਅਤੇ ਨਗਰ ਕੀਰਤਨਾਂ ਵਿੱਚ ਵੀ ਆਤਿਸ਼ਬਾਜ਼ੀ ਚਲਾਉਂਦੇ ਹਾਂ। ਕੀ ਸਾਬਿਤ ਕਰਨਾ ਚਾਹੁੰਦੇ ਹਾਂ ਅਸੀਂ ਗੁਰੂ ਸਾਹਿਬਾਨਾਂ ਅੱਗੇ ਕਿ ਅਸੀਂ ਤੁਹਾਡੀ ਬਾਣੀ ਨੂੰ ਨਹੀਂ ਮੰਨਦੇ? ਤੁਹਾਡੀਆਂ ਕਹੀਆਂ ਗੱਲਾਂ ਝੂਠੀਆਂ ਨੇ, ਕੀ ਅਸੀਂ ਇਹ ਸਾਬਿਤ ਕਰਨਾ ਚਾਹੁੰਦੇ ਹਾਂ? ਜੇਕਰ ਅਸੀਂ ਲੋਕ ਇਹ ਆਤਿਸ਼ਬਾਜ਼ੀਆਂ ਵਰਤੀਏ ਹੀ ਨਾ ਤਾਂ ਕਿਹੜੀ ਪਰਲੋ ਆ ਜਾਵੇਗੀ। ਹਾਂ, ਜੇਕਰ ਅਸੀਂ ਇਹ ਆਤਿਸ਼ਬਾਜ਼ੀ ਨਾ ਵਰਤੀਏ, ਤਾਂ ਸਾਡਾ ਵਾਤਾਵਰਨ ਜ਼ਰੂਰ ਸ਼ੁੱਧ ਹੋ ਜਾਵੇਗਾ। ਆਓ ਸਾਰੇ ਪ੍ਰਣ ਕਰੀਏ ਕਿ ਜੇਕਰ ਤੁਹਾਡੇ ਨਜ਼ਦੀਕ ਕਿਸੇ ਸੰਘਣੀ ਆਬਾਦੀ ਵਿੱਚ ਅਜਿਹੀਆਂ ਪਟਾਕਾ ਫੈਕਟਰੀਆਂ ਚੱਲ ਰਹੀਆਂ ਹਨ, ਕੋਈ ਅਣਸੁਖਾਵੀਂ ਘਟਨਾ ਵਾਪਰਨ ਤੋਂ ਪਹਿਲਾਂ ਉਸਦੇ ਵਿਰੁੱਧ ਕਾਰਵਾਈ ਲਈ ਲਾਮਬੰਦ ਹੋਈਏ।

# ਸਾਰਾਗੜ੍ਹੀ ਲੜਾਈ ਦੀ ਦਾਸਤਾਨ

**ਰਸ਼ਪਾਲ ਸਿੰਘ ਗਿੱਲ ਵੈਨਕੂਵਰ**

(ਲੇਖਕ ਬਾਬਾ ਈਸ਼ਰ ਸਿੰਘ (ਹਵਾਲਦਾਰ) ਦਾ ਪੜਪੋਤਾ ਹੈ)

ਸਾਰਾਗੜ੍ਹੀ ਦੀ ਪ੍ਰਸਿੱਧ ਲੜਾਈ 12 ਸਤੰਬਰ 1897 ਨੂੰ ਉੱਤਰ-ਪੱਛਮੀ ਫਰੰਟੀਅਰ ਸੂਬੇ ਦੀਆਂ 6000 ਫੁੱਟ ਉੱਚੀਆਂ ਪਹਾੜੀਆਂ 'ਤੇ ਅਫਗਾਨਿਸਤਾਨ ਵਿੱਚ ਲੜੀ ਗਈ। ਸਾਰਾਗੜ੍ਹੀ ਦੇ ਇਤਿਹਾਸਕ ਸਥਾਨ 'ਤੇ ਲੜੀ ਗਈ ਇਹ ਲੜਾਈ 36 ਸਿੱਖ ਰਜਮੈਂਟ ਜੋ ਹੁਣ 4 ਸਿੱਖ ਰਜਮੈਂਟ ਹੈ, ਦੇ ਸਿੱਖ ਜਵਾਨਾਂ ਤੇ ਅਫਗਾਨੀ ਅਫਰੀਦੀਆਂ ਵਿੱਚ ਲੜੀ ਗਈ। ਇਨ੍ਹਾਂ ਬਹਾਦਰ ਸਿੱਖ ਫੌਜੀਆਂ ਦੇ ਕਮਾਂਡਰ ਬਾਬਾ ਈਸ਼ਰ ਸਿੰਘ ਪਿੰਡ ਝੋਰੜਾਂ, ਜ਼ਿਲ੍ਹਾ ਲੁਧਿਆਣਾ ਦੇ ਸਨ। ਉੱਤਰ-ਪੱਛਮੀ ਸਰਹੱਦੀ ਸੂਬੇ ਵਿੱਚ ਸਾਰਾਗੜ੍ਹੀ ਚੌਕੀ ਦੀ ਅਹਿਮੀਅਤ ਇਸ ਕਰਕੇ ਵਧੇਰੇ ਸੀ ਕਿ ਇਹ ਲੌਕਹਾਰਟ ਤੇ ਗੁਲਿਸਤਾਨ ਕਿਲ੍ਹਿਆਂ ਦੇ ਵਿਚਕਾਰ ਨੀਵੀਂ ਥਾਂ 'ਤੇ ਸੀ। ਬਹਾਦਰੀ ਦੀ ਦਾਸਤਾਨ ਨਾਲ ਭਰਪੂਰ ਇਹ ਲੜਾਈ ਦੁਨੀਆਂ ਦੀਆਂ 8-10 ਪ੍ਰਸਿੱਧ ਲੜਾਈਆਂ ਵਿੱਚ



ਸ਼ਾਮਲ ਹੈ ਅਤੇ ਫਰਾਂਸ ਦੇ ਸਕੂਲੀ ਪਾਠਕ੍ਰਮ ਵਿੱਚ ਪੜ੍ਹਾਈ ਜਾਂਦੀ ਹੈ। ਯੂਨੈਸਕੋ ਵੱਲੋਂ ਵੀ ਇਸ ਲੜਾਈ ਨੂੰ ਮਾਨਤਾ ਦਿੱਤੀ ਹੋਈ ਹੈ। ਇਸ ਲੜਾਈ ਵਿੱਚ ਖਾਲਸਈ ਰਵਾਇਤਾਂ ਨੂੰ ਕਾਇਮ ਰੱਖਿਆ ਗਿਆ। 1896 ਵਿੱਚ ਅਫਗਾਨੀਆਂ ਨੇ ਗੁਲਬਾਦਸ਼ਾਹ ਦੀ ਕਮਾਂਡ ਹੇਠ ਅੰਗਰੇਜ਼ਾਂ ਖ਼ਿਲਾਫ਼ ਬਗ਼ਾਵਤ ਕਰ ਕੇ ਹੱਲਾ ਬੋਲ ਦਿੱਤਾ। ਬਾਗੀ ਕਬੀਲਿਆਂ ਨੇ 27 ਅਗਸਤ ਤੋਂ 8 ਸਤੰਬਰ ਨੂੰ ਇਕੱਠੇ ਹੋ ਕੇ ਇਨ੍ਹਾਂ ਚੌਕੀਆਂ 'ਤੇ ਹੱਲਾ ਬੋਲ ਦਿੱਤਾ। ਪਰ ਸਿੱਖ ਫੌਜੀਆਂ ਨੇ ਉਨ੍ਹਾਂ ਦੇ ਛੱਕੇ ਛੁਡਾ ਦਿੱਤੇ ਤੇ 10 ਸਤੰਬਰ ਨੂੰ ਬਾਗੀਆਂ ਨੂੰ ਖਾਕੀ ਘਾਟੀ ਵਿੱਚ ਧੱਕ ਦਿੱਤਾ। ਪ੍ਰੰਤੂ ਦੁਸ਼ਮਣ 10,000 ਦੀ ਗਿਣਤੀ 'ਚ ਇਕੱਠੇ ਹੋ ਕੇ ਸਮਾਨਾ ਚੌਕੀ 'ਤੇ ਟੁੱਟ ਪਿਆ ਲੇਕਿਨ ਉਹ ਅਸਫਲ ਰਿਹਾ। ਅਜਿਹੀ ਅਸਫਲਤਾ ਉਨ੍ਹਾਂ ਨੂੰ ਚਾਰ ਵਾਰ ਨਸੀਬ ਹੋਈ।

ਫਿਰ 12 ਸਤੰਬਰ ਨੂੰ ਅਫਗਾਨੀਆਂ ਨੇ ਸਕੀਮ ਬਣਾ ਕੇ 9.30 ਵਜੇ ਸਵੇਰੇ 8,000 ਦੀ ਗਿਣਤੀ 'ਚ ਇਕੱਠੇ ਹੋ ਕੇ ਸਾਰਾਗੜ੍ਹੀ ਨੂੰ ਘੇਰ ਲਿਆ। 36 ਸਿੱਖ ਰੈਜਮੈਂਟ ਦੇ ਜਵਾਨ ਬਗੈਰ ਰਾਸ਼ਨ ਤੇ ਗੋਲੀ ਸਿੱਕੇ ਤੋਂ ਆਖਰੀ ਦਮ ਤੱਕ ਲੜਦੇ ਰਹੇ ਤੇ ਜਿਊਂਦਿਆਂ ਦੁਸ਼ਮਣ ਨੂੰ ਨੇੜੇ ਨਾ ਢੁੱਕਣ ਦਿੱਤਾ। ਅਖੀਰ ਚਾਲ ਚਲਦਿਆਂ ਦੁਸ਼ਮਣ ਨੇ ਕਿਲ੍ਹੇ ਦੁਆਲੇ ਉੱਗੀਆਂ ਝਾੜੀਆਂ ਨੂੰ ਅੱਗ ਲਗਾ ਕੇ ਧੂੰਆਂ ਹੀ ਧੂੰਆਂ ਕਰ ਦਿੱਤਾ। ਦੋ ਧਾੜਵੀ ਕਿਲ੍ਹੇ ਲਾਗੇ ਪਹੁੰਚ ਕੇ ਕੰਧਾਂ 'ਤੇ ਮਘੋਰਾ ਕਰਨ 'ਚ ਸਫਲ ਹੋ ਗਏ ਤੇ ਬਾਕੀ ਬਾਗੀਆਂ ਨੂੰ ਕਿਲ੍ਹੇ 'ਚ ਘੁਸਣ ਦਾ ਮੌਕਾ ਹਾਸਲ ਹੋ ਗਿਆ। ਲੇਕਿਨ 36 ਸਿੱਖ ਰਜਮੈਂਟ ਦੇ ਸੈਨਿਕਾਂ ਨੇ ਸੈਂਕੜੇ ਧਾੜਵੀ ਮਾਰ ਮੁਕਾਏ। ਅੰਗਰੇਜ਼ ਕਮਾਂਡਰ ਇਸ ਲੜਾਈ ਦਾ ਨਜ਼ਾਰਾ ਦੂਜੇ ਕਿਲ੍ਹੇ ਤੋਂ ਦੇਖ ਰਿਹਾ ਸੀ ਪਰ ਬੇਵੱਸ ਹੋਇਆ ਹੋਰ ਕੁਮਕ ਸਮੇਂ ਸਿਰ ਨਹੀਂ ਭੇਜ ਸਕਿਆ। ਅਖੀਰ ਇਕੱਲਾ-ਇਕੱਲਾ ਸਿੱਖ ਸੈਨਿਕ ਸ਼ਹੀਦੀ ਜਾਮ ਪੀ ਗਿਆ। ਇਨ੍ਹਾਂ ਸ਼ਹੀਦਾਂ ਦੇ ਨਾਮ ਹਨ: ਈਸ਼ਰ ਸਿੰਘ (ਹਵਾਲਦਾਰ) ਕਮਾਂਡਰ, ਲਾਲ ਸਿੰਘ ਨਾਇਕ, ਚੰਦਾ ਸਿੰਘ (ਲਾਂਸ ਨਾਇਕ), ਸੁੰਦਰ ਸਿੰਘ, ਉੱਤਮ ਸਿੰਘ, ਹੀਰਾ ਸਿੰਘ, ਭੋਲਾ ਸਿੰਘ, ਨਰਾਇਣ ਸਿੰਘ, ਦੀਵਾਨ ਸਿੰਘ, ਰਾਮ ਸਿੰਘ, ਭਗਵਾਨ ਸਿੰਘ, ਜੀਵਾ ਸਿੰਘ, ਸਾਹਿਬ ਸਿੰਘ, ਰਾਮ ਸਿੰਘ, ਦਇਆ ਸਿੰਘ, ਜੀਵਨ ਸਿੰਘ, ਗੁਰਮੁੱਖ ਸਿੰਘ, ਭਗਵਾਨ ਸਿੰਘ, ਬੇਲਾ ਸਿੰਘ, ਨੰਦ ਸਿੰਘ ਸਭ ਸਿਪਾਹੀ ਤੇ ਸੇਵਾਦਾਰ ਦਾਓ ਸਿੰਘ।

ਇਨ੍ਹਾਂ ਜਾਂਬਾਜ਼ ਸ਼ਹੀਦਾਂ ਨੂੰ ਬ੍ਰਿਟਿਸ਼ ਪਾਰਲੀਮੈਂਟ ਵਿੱਚ ਸ਼ਰਧਾਂਜਲੀ ਭੇਟ ਕੀਤੀ ਗਈ। ਸਾਰੇ ਸ਼ਹੀਦਾਂ ਨੂੰ ਇੰਡੀਅਨ ਆਰਡਰ ਆਫ ਮੈਰਿਟ (ਵਿਕਟੋਰੀਆ ਕਰਾਸ ਸਮਾਨੰਅਤਰ) ਮੁਰੱਬੇ ਤੇ ਮਾਲੀ ਇਮਦਾਦ ਵੀ ਸਰਕਾਰ ਵੱਲੋਂ ਦਿੱਤੀ ਗਈ। ਫਿਰੋਜ਼ਪੁਰ ਤੇ ਅੰਮ੍ਰਿਤਸਰ ਵਿਖੇ ਗੁਰਦੁਆਰੇ (ਸਾਰਾਗੜ੍ਹੀ) ਨਾਲ ਸਬੰਧਤ ਸਥਾਪਤ ਕੀਤੇ ਗਏ।




# ਪਾਠਕਾਂ ਦਾ ਨਜ਼ਰੀਆ

## ਇਨਸਾਨੀ ਜ਼ਿੰਦਗੀ ਹੈ, ਕੋਈ ਖੇਡ ਤਮਾਸ਼ਾ ਨਹੀਂ

ਜਿਥੇ ਉਮੀਦ ਨਾਲ ਰਿਸ਼ਤਾ ਬੱਝਿਆ ਨਾ ਹੋਵੇ, ਉਥੇ ਬੋਝ ਨਹੀਂ ਢੋਇਆ ਜਾਂਦਾ, ਸਗੋਂ ਖ਼ੁਸ਼ੀ ਨਾਲ ਪੁਗਾਇਆ ਜਾਂਦਾ ਹੈ। ਸੋ, ਜੇ ਕੁਦਰਤ ਵਲੋਂ ਕੋਈ ਕਮੀ ਰਹਿ ਵੀ ਜਾਵੇ ਜ਼ਿੰਦਗੀ ਵਿਚ ਤਾਂ ਵੀ ਖ਼ੁਦ 'ਤੇ ਤਰਸ ਕਰਕੇ ਸਮਾਂ ਗਰਕ ਕੀਤੇ ਬਿਨਾਂ ਰਾਹ ਤਿਆਰ ਕਰ ਲਿਆ ਜਾਂਦਾ ਹੈ। ਕਿਤੇ ਜੇਕਰ ਸਰੀਰਕ ਅਪਾਹਜਤਾ ਜਿਹੀ ਸਜ਼ਾ ਵੀ ਮਿਲ ਗਈ ਹੋਵੇ ਤਾਂ ਵੀ ਉਹ ਲੋਕ ਆਪਣੇ-ਆਪ ਨੂੰ ਨਕਾਰਾ ਨਹੀਂ ਜਾਣਦੇ। ਆਪਣੀ ਜ਼ਿੰਮੇਵਾਰੀ ਕਿਸੇ ਹੋਰ ਦੇ ਗਲ ਨਹੀਂ ਪਾਉਂਦੇ, ਆਪ ਹੀ ਉਸ ਨੂੰ ਚਲਾਉਂਦੇ ਹਨ। ਜਜ਼ਬਾਤੀ ਨਿਰਭਰਤਾ, ਆਰਥਿਕ ਨਿਰਭਰਤਾ ਤੋਂ ਵੀ ਵੱਧ ਤਕਲੀਫ਼ਦੇਹ ਹੈ। ਇਹ ਕਿਸ ਨੇ ਕਿਹਾ ਹੈ ਕਿ ਜਿਨ੍ਹਾਂ ਖ਼ਾਤਰ ਆਪਾਂ ਆਪਣੀ ਜ਼ਿੰਦਗੀ ਵਿਚ ਹੱਦੋਂ ਵੱਧ ਜਗ੍ਹਾ ਬਣਾਉਂਦੇ ਹਾਂ, ਉਹ ਵੀ ਆਪਾਂ ਨੂੰ ਮੋੜਾ ਦੇਣ ਨੂੰ ਰਜ਼ਾਮੰਦ ਹੋਣਗੇ। ਅਸੀਂ ਆਪਣੀ ਤਬੀਅਤ ਮੁਤਾਬਿਕ ਰਿਸ਼ਤਾ ਚਲਾਉਣਾ ਹੈ। ਅਗਲੇ ਨੂੰ ਉਸ ਦੀ ਸਮਝ-ਬੂਝ ਚਲਾਉਂਦੀ ਹੈ। ਅਪਾਹਜਤਾ ਕਈ ਕਿਸਮ ਦੀ ਹੁੰਦੀ ਹੈ। ਸੰਪੂਰਨ ਦਿਖਣ ਵਾਲੇ ਲੋਕਾਂ ਅੰਦਰ ਵੀ ਕਿੰਨੇ ਕਿਸਮ ਦਾ ਅਧੂਰਾਪਣ ਰਹਿੰਦਾ ਹੈ। ਕਈਆਂ ਕੋਲ ਜ਼ਾਹਰ ਕਰਨ ਦੀ ਕਲਾ ਨਹੀਂ ਹੁੰਦੀ ਤੇ ਕਈ ਜਾਣਦੇ ਹੀ ਨਹੀਂ ਕਿ ਰਿਸ਼ਤੇ ਨਿਵੇਸ਼ ਮੰਗਦੇ ਹਨ। ਕਈਆਂ ਨੂੰ ਵਾਟ ਗਾਹੁਣ ਜੋਗੀ ਖੇਚਲ ਕਰਨੀ ਨਹੀਂ ਆਉਂਦੀ ਤੇ ਕਈਆਂ ਨੂੰ ਅਹਿਸਾਸ ਨਹੀਂ ਹੁੰਦਾ ਕਿ ਦੂਜਿਆਂ ਲਈ ਸੌਖ ਕਿਵੇਂ ਪੈਦਾ ਕਰਨੀ ਹੈ ? 'ਮੈਂ' ਦੇ ਸ਼ਿਕਾਰ ਜਿਹੜੇ ਰਹਿੰਦੇ ਹਨ, ਉਨ੍ਹਾਂ ਨੂੰ ਤਾਂ ਲਗਦਾ ਹੈ ਕਿ ਸਾਰੀ ਦੁਨੀਆ ਉਨ੍ਹਾਂ ਦੀ ਹੀ ਖਿਦਮਤ ਖ਼ਾਤਰ ਹੀ ਪੈਦਾ ਕੀਤੀ ਗਈ ਹੈ। ਘਰ, ਸਮਾਜ ਤੇ ਫਿਰ ਹਕੂਮਤਾਂ ਇਹ ਤਿੰਨ ਰੂਪ ਹੁੰਦੇ ਹਨ ਮੁਲਕਾਂ ਦੀ ਸੱਭਿਅਤਾ ਦੇ। ਫ਼ਰਜ਼ ਕਰੋ, ਇਨ੍ਹਾਂ ਵਿਚੋਂ ਕੋਈ ਰੂਪ ਵੀ ਨਕਾਰਾ ਹੈ ਜਾਂ ਬਿਮਾਰ ਹੈ ਤਾਂ ਵੀ ਜ਼ਿੰਦਗੀ ਤਾਂ ਚਲਾਉਣੀ ਹੀ ਪਵੇਗੀ। ਇਸੇ ਜ਼ਿੰਦਗੀ ਦੀਆਂ ਸਾਰੀਆਂ ਜ਼ਰੂਰਤਾਂ ਤੁਹਾਡੇ ਮੂਹਰੇ ਮੂੰਹ ਅੱਡ ਖੜ੍ਹਨਗੀਆਂ। ਫਿਰ ਆਪਾਂ, ਆਪਣਾ ਰਾਹ ਸੌਖਾ ਕਰ ਵੇਖੀਏ। ਪਹਿਲਾਂ ਦਿਮਾਗ ਤੋਂ ਖਾਹਿਸ਼ਾਂ ਉਮੀਦਾਂ ਦਾ ਬੋਝ ਹੌਲਾ ਕਰੀਏ। ਫਿਰ ਰਾਹਵਾਂ 'ਚੋਂ ਕੰਡੇ ਚੁਣੀਏ, ਜਿਨ੍ਹਾਂ 'ਤੇ ਤੁਰ ਕੇ ਅਗਾਂਹ ਅਪੜਨਾ ਹੈ। ਫਿਰ ਆਪਣੀ ਕਾਬਲੀਅਤ ਹੋਰ ਤਰਾਸ਼ੀਏ। ਵਕਤ ਮੁਤਾਬਿਕ ਹਸਤੀ ਨੂੰ ਕਈ ਵਾਰ ਘੜ੍ਹਨਾ ਪੈ ਜਾਂਦਾ ਹੈ। ਕਿਤੇ ਤੁਰਨਾ, ਕਿਤੇ ਭੱਜਣਾ ਤੇ ਕਿਤੇ ਉੱਡਣਾ ਵੀ ਪੈ ਜਾਂਦਾ ਹੈ, ਤਾਂ ਕਿ ਰਿੜਨ ਦੀ ਨੌਬਤ ਨਾ ਆਵੇ। ਜਿਨ੍ਹਾਂ ਲੋਕਾਂ ਨੇ ਸ਼ਿਕਾਇਤ ਪਰਚਾ ਆਪਣੀ ਜ਼ਿੰਦਗੀ ਦੀ ਕਿਤਾਬ ਵਿਚ ਜਮ੍ਹਾਂ ਨਹੀਂ ਕੀਤਾ, ਉਨ੍ਹਾਂ ਦੀ ਕਿਤਾਬ ਵਿਚ ਉਪਬਲਧੀਆਂ ਦੇ ਵਰਕੇ ਵਧਦੇ ਤੁਰੇ ਗਏ।

**- ਬੱਬੂ ਤੀਰ**

## ਖ਼ਾਲੀ ਹੋ ਰਿਹਾ ਪੰਜਾਬ ਤੇ ਪਰਵਾਸੀ ਪੰਜਾਬੀਆਂ ਦਾ ਦੁਖਾਂਤ

ਸਾਰਾ ਪੰਜਾਬ ਖ਼ਾਲੀ ਹੋ ਰਿਹਾ ਹੈ। ਕੀ ਮੁੰਡਾ ਹੈ ਅਤੇ ਕੀ ਕੁੜੀ ਅਤੇ ਕੀ ਕੋਈ ਹੋਰ, ਹਰ ਕੋਈ ਜਾਇਜ਼ ਨਾਜਾਇਜ਼ ਢੰਗ ਤਰੀਕੇ ਨਾਲ ਬਾਹਰ ਜਾਣ ਲਈ ਪੱਬਾਂ ਭਾਰ ਹੋਇਆ ਪਿਆ ਹੈ। ਪਹਿਲਾਂ ਤਾਂ ਰੁਜ਼ਗਾਰ ਦੀ ਖ਼ਾਤਰ ਪਰਵਾਸ ਧਾਰਨ ਕੀਤਾ ਜਾਂਦਾ ਸੀ, ਹੁਣ ਪੜ੍ਹਾਈ ਦੀ ਖ਼ਾਤਰ। ਵਤਨ ਵਾਪਸੀ ਤਾਂ ਉਨ੍ਹਾਂ ਪਰਵਾਸੀ ਪੰਜਾਬੀਆਂ ਦੀ ਨਹੀਂ ਹੋ ਸਕੀ, ਜਿਨ੍ਹਾਂ ਨੇ ਦਹਾਕੇ ਪਹਿਲਾਂ ਬਾਹਰ ਜਾਣਾ ਸ਼ੁਰੂ ਕੀਤਾ ਸੀ। ਉਦੋਂ ਹਰੇਕ ਦੀ ਸੋਚ ਸੀ ਕਿ ਕੁਝ ਵਰ੍ਹੇ ਡਾਲਰ/ਪੌਂਡ ਕਮਾ ਕੇ ਵਤਨ ਵਾਪਸੀ ਕਰ ਲੈਣੀ ਹੈ ਪਰ ਇਹ ਹੁਣ ਤਕ ਨਾਮਾਤਰ ਹੀ ਹੋ ਸਕੀ ਹੈ ਅਤੇ ਅਗਾਂਹ ਬਿਲਕੁਲ ਨਹੀਂ ਹੋਣੀ। ਹੁਣ ਜਿਹੜੇ ਬੱਚੇ ਪੜ੍ਹਨ ਲਈ ਬਾਹਰ ਜਾ ਰਹੇ ਹਨ, ਕੀ ਉਹ ਉੱਥੋਂ ਉਚੇਰੀ ਸਿੱਖਿਆ ਲੈ ਕੇ ਵਤਨ ਵਾਪਸ ਪਰਤਣਗੇ ? ਅਸੰਭਵ ! ਅਸਲ ਵਿੱਚ ਪਹਿਲਾਂ ਤਾਂ ਸਾਡਾ ਦਿਮਾਗ਼ ਬਾਹਰ ਜਾ ਰਿਹਾ ਸੀ। ਹੁਣ ਸਾਡਾ ਧੰਨ ਵੀ ਬਾਹਰ ਦੀਆਂ ਯੂਨੀਵਰਸਿਟੀਆਂ ਵਿੱਚ ਉਚੇਰੀ ਪੜ੍ਹਾਈ ਦੀਆਂ ਫ਼ੀਸਾਂ ਵਜੋਂ ਜਾਣ ਲੱਗਾ ਹੈ। ਜਾਣੀ ਹੁਣ ਦਿਮਾਗ਼ ਦੇ ਨਾਲ ਸਾਡਾ ਪੈਸਾ ਬਾਹਰ ਜਾਣਾ ਸ਼ੁਰੂ ਹੋ ਚੁੱਕਾ ਹੈ। ਨੇੜ ਭਵਿੱਖ ਵਿੱਚ ਸਾਡੇ ਕੋਲ ਕੀ ਰਹਿ ਜਾਵੇਗਾ, ਇਹ ਸੋਚ ਕੇ ਕੰਬਣੀ ਆ ਜਾਂਦੀ ਹੈ।

ਪਿਛਲੇ ਕਈ ਵਰ੍ਹਿਆਂ ਤੋਂ ਪਰਵਾਸੀ ਪੰਜਾਬੀਆਂ ਦਾ ਆਪਣੀ ਧਰਤੀ ਲਈ ਲਗਭਗ ਇਸੇ ਤਰ੍ਹਾਂ ਦਾ ਵਤੀਰਾ ਬਣਿਆ ਹੋਇਆ ਹੈ। ਕਾਰਨ ਕੀ ? ਆਪਣੇ ਪਿੰਡ ਵਿੱਚ ਜੇ ਕਿਸੇ ਆਪਣੇ ਜਾਂ ਬਿਗਾਨੇ ਨੇ ਉਹਦਾ ਪਲਾਟ/ਮਕਾਨ ਦੱਬ ਲਿਆ ਤਾਂ ਕਬਜ਼ਾ ਲੈਣ ਲਈ ਇੱਥੇ ਆ ਕੇ ਉਹਦੀਆਂ ਅੱਡੀਆਂ ਘਸ ਜਾਂਦੀਆਂ ਹਨ ਅਤੇ ਬਹੁਤੀ ਵਾਰ ਪੱਲੇ ਕੁਝ ਨਹੀਂ ਪੈਂਦਾ। ਜ਼ਮੀਨ ਦੱਬਣ ਦਾ ਚੱਕਰ ਤਾਂ ਹੋਰ ਵੀ ਗੁੰਝਲਦਾਰ ਅਤੇ ਲੰਮੇਰਾ ਹੋਣ ਦੇ ਨਾਲ-ਨਾਲ ਅਤਿ ਖਰਚੀਲਾ ਵੀ ਹੈ। ਪਿਛਲੇ ਸੱਠ ਵਰ੍ਹਿਆਂ ਵਿੱਚ ਇਸ ਤਰ੍ਹਾਂ ਦੀਆਂ ਇੱਕ ਅੱਧ ਨਹੀਂ, ਸੈਂਕੜੇ ਮਿਸਾਲਾਂ ਹਨ। ਸਰਕਾਰ ਨੇ ਕਹਿਣ ਨੂੰ ਪਰਵਾਸੀ ਥਾਣੇ, ਪਰਵਾਸੀ ਸੈੱਲ ਅਤੇ ਪਰਵਾਸੀ ਸਭਾ ਤਕ ਇਹ ਮਸਲੇ ਹੱਲ ਕਰਨ ਲਈ ਬਣਾਏ ਹੋਏ ਹਨ ਪਰ ਨਤੀਜਾ ਸਿਫ਼ਰ। ਪਰਵਾਸੀ ਭਰਾ ਥਾਣੇ ਕਚਹਿਰੀਆਂ ਦੇ ਚੱਕਰ ਮਾਰ ਮਾਰ ਕੇ ਖੱਜਲ ਖ਼ੁਆਰ ਹੁੰਦੇ ਹਨ ਅਤੇ ਸਰਕਾਰੀ ਸਿਸਟਮ ਤੋਂ ਦੁਖੀ ਹੋ ਕੇ ਵਾਪਸ ਪਰਤ ਜਾਂਦੇ ਹਨ। ਸਰਕਾਰ ਜੇ ਤਰੀਕੇ ਨਾਲ ਇਨ੍ਹਾਂ ਦੇ ਦੁੱਖਾਂ ਦਰਦਾਂ ਉੱਤੇ ਫਹੇ ਰੱਖੇ ਤਾਂ ਕੋਈ ਵਜ੍ਹਾ ਨਹੀਂ ਕਿ ਅੱਜ ਜਿਵੇਂ ਪੰਜਾਬ ਡੂੰਘੇ ਮਾਲੀ ਸੰਕਟ ਵਿੱਚ ਹੈ, ਇਹ ਰਲ ਕੇ ਇਸਦੀ ਬੇੜੀ ਬੰਨੇ ਨਾ ਲਾਉਣ ! ਪੰਜਾਬੀ ਚੂੰਕਿ ਬੜੇ ਮਿਹਨਤੀ ਹਨ ਅਤੇ ਖ਼ੂਨ ਪਸੀਨਾ ਵਹਾ ਕੇ ਸੋਨਾ ਕਮਾਉਣ ਵਾਲੇ। ਇਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਹੋਏ ਹਨ ਪਰ ਵਧੇਰੇ ਗਿਣਤੀ ਬਰਤਾਨੀਆ, ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਜਰਮਨ, ਇਟਲੀ ਅਤੇ ਫਰਾਂਸ ਆਦਿ ਵਿੱਚ ਹੈ। ਪਹਿਲੇ ਚਾਰ ਪੰਜ ਦੇਸ਼ਾਂ ਵਿੱਚ ਤਾਂ ਇਹ ਲੱਖਾਂ ਦੀ ਗਿਣਤੀ ਵਿੱਚ ਰਹਿੰਦੇ ਹਨ। ਸ਼ਾਇਦ ਹੀ ਸਰਕਾਰ ਕੋਲ ਇਨ੍ਹਾਂ ਦਾ ਕੋਈ ਰਿਕਾਰਡ ਹੋਵੇ। ਪਹਿਲੀ ਗੱਲ ਇਹ ਕਿ ਇਨ੍ਹਾਂ ਮੁਲਕਾਂ ਦੇ ਦੂਤਾਵਾਸਾਂ ਨਾਲ ਸੰਪਰਕ ਕਰਕੇ ਇਨ੍ਹਾਂ ਦਾ ਰਿਕਾਰਡ ਬਣਾਇਆ ਜਾਵੇ। ਦੂਜੀ, ਇਹ ਜਦੋਂ ਵੀ ਪੰਜਾਬ ਮੁੜਨ ਤਾਂ ਦਿੱਲੀ ਅਤੇ ਅੰਮ੍ਰਿਤਸਰ ਦੇ ਹਵਾਈ ਅੱਡਿਆਂ ਉੱਤੇ ਐਨ.ਆਰ.ਆਈ. ਦਫਤਰ ਹੋਣ ਜੋ ਇਨ੍ਹਾਂ ਦਾ ਸਵਾਗਤ ਕਰਨ, ਚਾਹ ਪਾਣੀ ਪਿਆਉਣ ਅਤੇ ਪੰਜਾਬ ਜਾਣ ਲਈ ਸੁਰੱਖਿਅਤ ਸਫ਼ਰ ਦਾ ਪ੍ਰਬੰਧ ਕਰਨ, ਖ਼ਰਚਾ ਭਾਵੇਂ ਉਨ੍ਹਾਂ ਦਾ ਆਪਣਾ ਹੀ ਹੋਵੇ। ਉਹ ਘੱਟੋ-ਘੱਟ ਪੰਜਾਬੀ ਹੋਣ ਦਾ ਮਾਣ ਮਹਿਸੂਸ ਕਰਨਗੇ। ਵਾਪਸੀ ਉੱਤੇ ਵੀ ਇਨ੍ਹਾਂ ਨੂੰ ਅਲਵਿਦਾ ਕਹੀ ਜਾਵੇ। ਤੀਜੀ, ਇਨ੍ਹਾਂ ਦੀਆਂ ਜ਼ਮੀਨਾਂ-ਜਾਇਦਾਦਾਂ ਅਤੇ ਜੋ ਵੀ ਵਿਆਹ-ਸ਼ਾਦੀਆਂ ਅਤੇ ਹੋਰ ਝਗੜੇ ਹਨ, ਉਨ੍ਹਾਂ ਦੇ ਨਿਪਟਾਰੇ ਲਈ ਸਮਾਂ ਸੀਮਾ ਨਿਸਚਿਤ ਕੀਤੀ ਜਾਵੇ ਤਾਂ ਕਿ ਇਨ੍ਹਾਂ ਨੂੰ ਨਿਆਂ ਦੀ ਆਸ ਬੱਝੇ। ਚੌਥੀ, ਪਰਵਾਸੀ ਸੰਮੇਲਨ ਦੀ ਮੁੜ ਸ਼ੁਰੂਆਤ ਕੀਤੀ ਜਾਵੇ। ਪੰਜਵੀਂ ਅਤੇ ਆਖਰੀ, ਪੂੰਜੀ ਨਿਵੇਸ਼ ਲਈ ਸਿੰਗਲ ਵਿੰਡੋ ਸਿਸਟਮ ਤਾਂ ਹੋਵੇ ਹੀ ਪਰ ਦਰਖ਼ਾਸਤ ਤੋਂ ਲੈ ਕੇ ਪ੍ਰਾਜੈਕਟ ਦੇ ਨੇਪਰੇ ਚੜ੍ਹਨ ਤਕ ਹਰ ਕੰਮ ਪਾਰਦਰਸ਼ੀ ਯਾਨੀ ਭ੍ਰਿਸ਼ਟਾਚਾਰ ਰਹਿਤ ਹੋਵੇ। ਜਿਨ੍ਹਾਂ ਮੁਲਕਾਂ ਵਿੱਚ ਇਹ ਰਹਿੰਦੇ ਹਨ ਉਹ ਇਸ ਵਬਾਅ ਤੋਂ ਬਚੇ ਹੋਏ ਹਨ। ਪੰਜਾਬ ਵਿੱਚ ਜਦੋਂ ਹਿੱਸਾਪੱਤੀ ਜਾਂ ਰਿਸ਼ਵਤ ਦਾ ਦਬਾਅ ਪੈਂਦਾ ਹੈ ਤਾਂ ਇਨ੍ਹਾਂ ਵਲੋਂ ਕੰਨਾਂ ਨੂੰ ਹੱਥ ਲਾ ਲੈਣਾ ਸੁਭਾਵਿਕ ਹੀ ਹੈ।

**- ਸ਼ੰਗਾਰਾ ਸਿੰਘ**

## ਪੰਜਾਬ ਖਾ ਰਿਹਾ ਹੈ ਜ਼ਹਿਰ

ਹੈਰਾਨ ਹੋਣ ਵਾਲੀ ਜਾਂ ਪ੍ਰੇਸ਼ਾਨ ਹੋਣ ਵਾਲੀ ਗੱਲ ਨਹੀਂ ਹੈ, ਇਹ ਕੌੜਾ ਸੱਚ ਹੈ। ਅੱਜ ਅਸੀਂ ਜੋ ਵੀ ਖਾ ਰਹੇ ਹਾਂ, ਉਹ ਸਭ ਕੁਝ ਜ਼ਹਿਰੀਲਾ ਹੀ ਹੈ। ਸਾਡੀਆਂ ਸਰਕਾਰਾਂ ਸੁੱਤੀਆਂ ਹੋਈਆਂ ਹਨ, ਇਸ ਕਰਕੇ ਪ੍ਰਸ਼ਾਸਨ ਅਤੇ ਸੰਬੰਧਿਤ ਵਿਭਾਗ ਵੀ ਲੰਮੀਆਂ ਤਾਣ ਕੇ ਸੁੱਤੇ ਹੋਏ ਹਨ। ਲੋਕਾਂ ਨੂੰ ਖਾਣ ਲਈ ਵੇਚੇ ਜਾ ਰਹੇ ਸਮਾਨ ਦੀ ਹਾਲਤ ਕੀ ਹੈ, ਉਸ ਨੂੰ ਚੈੱਕ ਨਹੀਂ ਕੀਤਾ ਜਾ ਰਿਹਾ। ਅੱਜ ਜੰਮਦਾ ਬੱਚਾ ਜ਼ਹਿਰ ਨਹੀਂ ਖਾ ਰਿਹਾ, ਉਹ ਮਾਂ ਦੇ ਪੇਟ ਵਿੱਚ ਵੀ ਜ਼ਹਿਰ ਹੀ ਖਾ ਰਿਹਾ ਹੁੰਦਾ ਹੈ। ਲਾਹਨਤ ਹੈ ਅਜਿਹੀਆਂ ਸਰਕਾਰਾਂ ਨੂੰ ਜੋ ਆਪਣੇ ਦੇਸ਼ ਦੇ ਲੋਕਾਂ ਨੂੰ ਜ਼ਹਿਰ ਖਾਣ ਲਈ ਦੇ ਰਹੀਆਂ ਹਨ। ਸਾਡੇ ਦੇਸ਼ ਦੇ ਲੋਕਾਂ ਦੀ ਬਦਕਿਸਮਤੀ ਹੈ ਕਿ ਖ਼ੁਰਾਕ ਵਿੱਚ ਜ਼ਹਿਰ ਖਾ ਕੇ ਮਰ ਰਹੇ ਹਾਂ ਜਾਂ ਜ਼ਹਿਰ ਖਾਕੇ ਖ਼ੁਦਕਸ਼ੀਆਂ ਕਰ ਰਹੇ ਹਾਂ।

ਕੁਝ ਦਹਾਕੇ ਪਹਿਲਾਂ ਨਕਲੀ ਖੋਇਆ, ਖਾਦਾਂ ਨਾਲ ਬਣਿਆ ਦੁੱਧ, ਨਕਲੀ ਦਹੀਂ, ਲੋਕਾਂ ਨੂੰ ਇਸ ਬਾਰੇ ਕੁਝ ਪਤਾ ਹੀ ਨਹੀਂ ਸੀ। ਸਮੇਂ ਸਮੇਂ ਉੱਤੇ ਸਿਹਤ ਵਿਭਾਗ ਵੱਲੋਂ ਮਿਠਾਈ ਦੀਆਂ ਦੁਕਾਨਾਂ ਜਾਂ ਦੁੱਧ ਦੇ ਸੈਂਪਲ ਭਰੇ ਜਾਂਦੇ ਸਨ। ਮੈਨੂੰ ਯਾਦ ਹੈ, ਉਦੋਂ ਦੋਧੀ ਡਰਦੇ ਦੁੱਧ ਡੋਲ੍ਹਕੇ ਭੱਜ ਜਾਂਦੇ ਸਨ। ਪਰ ਹੌਲੀ ਹੌਲੀ ਲੈਣ ਦੇਣ ਵਧਦਾ ਗਿਆ ਅਤੇ ਲੋਕਾਂ ਦੇ ਖਾਣੇ ਵਿੱਚ ਜ਼ਹਿਰ ਵੀ ਤੇਜ਼ੀ ਨਾਲ ਵਧਣ ਲੱਗਾ। ਹੁਣ ਹਕੀਕਤ ਇਹ ਹੈ ਕਿ ਸਾਰਾ ਆਵਾ ਹੀ ਊਤਿਆ ਹੋਇਆ ਹੈ। ਸਰਕਾਰ ਨੂੰ ਸੌ ਫ਼ੀਸਦੀ ਪਤਾ ਹੈ, ਵਿਭਾਗ ਨੂੰ ਵੀ ਪਤਾ ਹੈ। ਹਾਂ ਜੇਕਰ ਵਿਭਾਗ ਜਾਂ ਸਰਕਾਰ ਇਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਪਤਾ ਨਹੀਂ ਤਾਂ ਇਹ ਉਨ੍ਹਾਂ ਦੀ ਨਾਕਾਮੀ ਹੈ। ਜੇਕਰ ਵਿਭਾਗ ਕਹਿੰਦਾ ਹੈ ਕਿ ਉਹ ਨਹੀਂ ਜਾਣਦਾ ਤਾਂ ਉਸਦੇ ਕੰਮ ਕਰਨ ਦੇ ਤਰੀਕੇ ਆਪੇ ਸਾਹਮਣੇ ਆ ਜਾਂਦੇ ਹਨ। ਫਲਾਂ ਦੀ ਗੱਲ ਕਰੀਏ ਤਾਂ ਕੁਝ ਸਾਲ ਪਹਿਲਾਂ ਤੱਕ ਜੇਕਰ ਕੇਲੇ ਖਰੀਦੇ ਜਾਂਦੇ ਸੀ ਤਾਂ ਉਨ੍ਹਾਂ ਵਿੱਚੋਂ ਦੂਸਰੇ ਦਿਨ ਪਾਣੀ ਨਹੀਂ ਸੀ ਚੋਣ ਲੱਗਦਾ। ਅਸੀਂ ਕੇਲਿਆਂ ਨੂੰ ਦੂਸਰੇ ਦਿਨ ਕਾਲੇ ਹੁੰਦੇ ਨਹੀਂ ਸੀ ਵੇਖਿਆ ਅਤੇ ਨਾ ਹੀ ਉਨ੍ਹਾਂ ਦੂਦਰੇ ਦਿਨ ਉਨ੍ਹਾਂ ਵਿੱਚ ਕੀੜੇ ਪੈਂਦੇ ਵੇਖੇ ਸਨ। ਅੱਜ ਕੇਲਿਆਂ ਦਾ ਕੋਈ ਸਵਾਦ ਹੀ ਨਹੀਂ। ਪਤਾ ਨਹੀਂ ਕਿਹੜੇ ਕੈਮੀਕਲ ਲਾ ਕੇ ਪਕਾਏ ਜਾਂਦੇ ਹਨ।

ਅੱਜ ਬੱਚੇ ਜੰਮਦੇ ਹੀ ਬੀਮਾਰੀਆਂ ਨਾਲ ਹਨ। ਜੰਮਦੇ ਬੱਚਿਆਂ ਨੂੰ ਸ਼ੂਗਰ ਹੈ। ਕਿਸੇ ਨੂੰ ਦਿਲ ਦੀ ਬੀਮਾਰੀ ਹੈ। ਮੰਦਬੁੱਧੀ ਬੱਚਿਆਂ ਦੀ ਗਿਣਤੀ ਵਧ ਰਹੀ ਹੈ। ਜਿਨ੍ਹਾਂ ਘਰਾਂ ਵਿੱਚ ਅਜਿਹੇ ਬੱਚੇ ਜੰਮਦੇ ਹਨ, ਉਨ੍ਹਾਂ ਦੇ ਘਰ ਬਰਬਾਦ ਹੋ ਜਾਂਦੇ ਹਨ ਇਲਾਜ ਕਰਵਾਉਂਦਿਆਂ ਦੇ। ਅੱਜ ਨੌਜਵਾਨ ਵਰਗ ਸ਼ੂਗਰ, ਬਲੱਡ ਪ੍ਰੈਸ਼ਰ ਅਤੇ ਹਾਰਟ ਅਟੈਕ ਨਾਲ ਮਰ ਰਿਹਾ ਹੈ। ਸਾਨੂੰ ਮਿਲ ਰਹੇ ਗੰਦੇ ਅਤੇ ਘਟੀਆ ਖਾਣੇ ਆਪਣੀ ਭੂਮਿਕਾ ਨਿਭਾ ਰਹੇ ਹਨ।

ਸਬਜ਼ੀਆਂ ਨੂੰ ਸੀਵਰੇਜ਼ ਦੇ ਗੰਦੇ ਪਾਣੀ ਨਾਲ ਪਾਲਿਆ ਜਾਂਦਾ ਹੈ ਅਤੇ ਉਸ ਗੰਦੇ ਪਾਣੀ ਨਾਲ ਧੋਤਾ ਜਾਂਦਾ ਹੈ। ਸਬਜ਼ੀਆਂ ਨੂੰ ਵੀ ਟੀਕੇ ਲਾਏ ਜਾ ਰਹੇ ਹਨ। ਬਹੁਤ ਵਾਰ ਸਬਜ਼ੀਆਂ ਪਕਾਉਣ ਲਈ ਰੱਖੋ, ਪੱਕਦੀਆਂ ਹੀ ਨਹੀਂ। ਲੌਕੀ ਦਾ ਤਾਂ ਮੈਂ ਬਹੁਤ ਵਾਰ ਇਹ ਹਾਲ ਵੇਖਿਆ ਹੈ। ਮੈਂ ਉਸ ਨੂੰ ਕੁੱਕਰ ਵਿੱਚ ਵੀ ਬਣਾਇਆ ਪਰ ਉਹ ਗਲੀ ਹੀ ਨਹੀਂ। ਹਕੀਕਤ ਇਹ ਹੈ ਕਿ ਦੁੱਧ, ਫਲ, ਸਬਜ਼ੀਆਂ ਜਦੋਂ ਅਸੀਂ ਆਪਣੀ ਥਾਲੀ ਵਿੱਚ ਰੱਖਕੇ ਖਾ ਰਹੇ ਹੁੰਦੇ ਹਾਂ ਤਾਂ ਅਸੀਂ ਜ਼ਹਿਰ ਖਾ ਰਹੇ ਹੁੰਦੇ ਹਾਂ ਅਤੇ ਆਪਣੇ ਬੱਚਿਆਂ ਨੂੰ ਵੀ ਜ਼ਹਿਰ ਹੀ ਪਰੋਸ ਰਹੇ ਹੁੰਦੇ ਹਾਂ। ਲੋਕਾਂ ਦੇ ਲਿਵਰ ਅਤੇ ਕਿਡਨੀਆਂ ਖਰਾਬ ਹੋ ਰਹੀਆਂ ਹਨ। ਅਲਰਜੀ ਨਾਲ ਲੋਕ ਤੰਗ ਹਨ। ਜਿਉਂਦੇ ਰਹਿਣ ਲਈ ਰੋਟੀ ਖਾਣੀ ਬਹੁਤ ਜ਼ਰੂਰੀ ਹੈ ਪਰ ਜੇਕਰ ਉਹ ਹੀ ਨਾਲ ਜ਼ਹਿਰ ਭਰੀ ਹੋਈ ਹੋਵੇ ਤਾਂ ਜਿਉਣਾ ਔਖਾ ਹੁੰਦਾ ਹੈ।

ਸਰਕਾਰਾਂ ਜਿੱਥੇ ਦੂਸਰੇ ਕੰਮਾਂ ਵਿੱਚ ਫੇਲ ਹੋਈਆਂ ਹਨ ਉੱਥੇ ਲੋਕਾਂ ਨੂੰ ਸਾਫ਼ ਸੁਥਰਾ ਅਤੇ ਬਿਨਾ ਮਿਲਾਵਟ ਖਾਣਾ ਦੇਣ ਵਿੱਚ ਵੀ ਫੇਲ ਹੋਈਆਂ ਹਨ। ਜਿੱਥੇ ਸਰਕਾਰਾਂ ਘੇਸਲ ਮਾਰ ਜਾਣ, ਪ੍ਰਸ਼ਾਸਨ ਉਨ੍ਹਾਂ ਤੋਂ ਦੋ ਕਦਮ ਅੱਗੇ ਹੀ ਚੱਲੇਗਾ। ਸਰਕਾਰਾਂ, ਪ੍ਰਸ਼ਾਸਨ ਅਤੇ ਵਿਉਪਾਰੀ ਵਰਗ ਮਿਲਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਲ ਰਹੇ ਹਨ। ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਉਹ ਸਰਕਾਰਾਂ ਚੁਣਦੇ ਹਾਂ ਜੋ ਸਾਨੂੰ ਹੀ ਜ਼ਹਿਰ ਦੇਣ ਵਿੱਚ ਲੱਗੀਆਂ ਹੋਈਆਂ ਹਨ। ਜੇਕਰ ਅਸੀਂ ਇਹ ਸਮਝ ਲਈਏ ਕਿ ਸਾਡੀ ਹਰ ਥਾਲੀ ਵਿੱਚ ਪਰੋਸਿਆ ਖਾਣਾ ਜ਼ਹਿਰ ਹੈ ਤਾਂ ਅਸੀਂ ਵੋਟ ਪਾਉਣ ਲੱਗੇ ਅਤੇ ਸਰਕਾਰ ਚੁਣਨ ਲੱਗੇ ਕੁਝ ਤਾਂ ਸੋਚਾਂਗੇ। ਸਾਡਾ ਆਪਣਾ ਜਾਗਣਾ ਅਤਿਅੰਤ ਜ਼ਰੂਰੀ ਹੈ।

**ਪ੍ਰਭਜੋਤ ਕੌਰ ਢਿੱਲੋਂ**

## ਬਹੁਪੱਖੀ ਇਤਿਹਾਸਕ ਸ਼ਖ਼ਸੀਅਤ ਗਿਆਨੀ ਦਿੱਤ ਸਿੰਘ

ਗਿਆਨੀ ਦਿੱਤ ਸਿੰਘ ਦਾ ਜਨਮ 21 ਅਪਰੈਲ, 1850 ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਨੰਦਪੁਰ ਕਲੌੜ 'ਚ ਆਪਣੇ ਨਾਨਕੇ ਘਰ ਹੋਇਆ। ਬ੍ਰਹਮਣੀ ਮੱਤ ਦੇ ਅਸਰ ਕਾਰਨ ਸਿੱਖੀ ਅੰਦਰ ਘਰ ਕਰ ਚੁਕੀਆਂ ਜਾਤ-ਪਾਤ ਵਰਗੀਆਂ ਹੋਰ ਵੀ ਕੁਰੀਤੀਆਂ ਨੂੰ ਖਤਮ ਕਰਨ ਲਈ ਸਿੰਘ ਸਭਾ ਲਹਿਰ ਦਾ ਵੱਡਾ ਯੋਗਦਾਨ ਸੀ। ਇਸ ਨੇ ਸਿੱਖਾਂ ਦੇ ਕੇਂਦਰੀ ਅਸਥਾਨ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਅਤੇ ਦਰਸ਼ਨੀ ਡਿਊਢੀ ਵਿੱਚ ਮੂਰਤੀਆਂ ਸਥਾਪਤ ਕਰ ਕੇ ਕੀਤੀ ਜਾਂਦੀ ਮੂਰਤੀ ਪੂਜਾ ਬੰਦ ਕਰਵਾਈ। ਸਿੱਖੀ ਦੇ ਪ੍ਰਚਾਰ ਤੇ ਪਸਾਰ ਲਈ ਪੰਜਾਬੀ ਦਾ ਪਹਿਲਾ 'ਖਾਲਸਾ ਅਖਬਾਰ' ਕੱਢਿਆ। ਇਸ ਅਖਬਾਰ ਦੇ ਜ਼ਰੀਏ ਗਿਆਨੀ ਦਿੱਤ ਸਿੰਘ ਨੇ ਸਿੱਖੀ ਉੱਪਰ ਹੋ ਰਹੇ ਚੌਤਰਫਾ ਹਮਲਿਆਂ ਨੂੰ ਬੜੀ ਨਿਡਰਤਾ, ਦਲੇਰੀ ਅਤੇ ਦ੍ਰਿੜ੍ਹਤਾ ਨਾਲ ਰੋਕਿਆ, ਜਿਸ ਲਈ ਉਨ੍ਹਾਂ ਨੂੰ ਪੰਜਾਬੀ ਪੱਤਰਕਾਰੀ ਦਾ ਪਿਤਾਮਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਉਨ੍ਹਾਂ ਮੂਰਤੀ ਪੂਜਾ, ਜਾਤ-ਪਾਤ ਅਤੇ ਵਹਿਮਾਂ ਭਰਮਾਂ ਨੂੰ ਬੰਦ ਕਰਨ ਲਈ ਤਕੜੀ ਮੁਹਿੰਮ ਚਲਾਈ, ਜਿਸ ਤਹਿਤ ਦੁਰਗਾ ਪ੍ਰਬੋਧ, ਗੁੱਗਾ ਗਪੌੜਾ-ਸੁਲਤਾਨ ਪੁਆੜਾ, ਸਵਪਨ ਨਾਟਕ, ਸ੍ਰੀ ਗੁਰੂ ਅਰਜਨ ਪ੍ਰਬੋਧ, ਮੇਰਾ ਤੇ ਸਾਧੂ ਦਇਆ ਨੰਦ ਦਾ ਸੰਵਾਦ ਸਮੇਤ ਹੋਰ ਵੀ ਕਈ ਪੁਸਤਕਾਂ ਲਿਖੀਆਂ, ਜੋ ਅੱਜ ਸਿੱਖ ਇਤਿਹਾਸ ਦਾ ਹਿੱਸਾ ਬਣ ਚੁੱਕੀਆਂ ਹਨ। ਗਿਆਨੀ ਦਿੱਤ ਸਿੰਘ ਨੇ ਕਰੀਬ 22 ਸਾਲ ਸੈਂਕੜੇ ਲੇਖ ਅਤੇ 40 ਤੋਂ ਵੱਧ ਕਿਤਾਬਾਂ ਲਿਖ ਕੇ ਸਿੱਖ ਕੌਮ 'ਚ ਨਵੀਂ ਜਾਗ੍ਰਿਤੀ ਪੈਦਾ ਕੀਤੀ। ਆਰੀਆ ਸਮਾਜੀ ਸਵਾਮੀ ਦਇਆ ਨੰਦ ਨੂੰ ਸਵਾਲ-ਜਵਾਬ 'ਚ ਤਿੰਨ ਵਾਰ ਭਰੀ ਸਭਾ ਵਿੱਚ ਹਰਾ ਕੇ ਆਪਣੀ ਵਿਦਵਤਾ ਦਾ ਲੋਹਾ ਮਨਵਾਇਆ। ਹਰਿਮੰਦਰ ਸਾਹਿਬ ਵਿੱਚ ਗੱਦੀ ਲਗਾ ਕੇ ਆਪਣੀ ਸ਼ਖ਼ਸੀ ਪੂਜਾ ਕਰਵਾ ਰਹੇ ਗੁਰੂ ਨਾਨਕ ਦੇਵ ਜੀ ਦੇ ਵੰਸ਼ਜ ਬਾਬਾ ਖੇਮ ਸਿੰਘ ਬੇਦੀ ਨੂੰ ਰੋਕਿਆ। ਬਾਬਾ ਖੇਮ ਸਿੰਘ ਬੇਦੀ ਨੂੰ ਅੰਗਰੇਜ਼ ਸਰਕਾਰ ਨੇ ਆਪਣੀ ਖੁਸ਼ਾਮਦ ਬਦਲੇ 'ਸਰ' ਦੀ ਉਪਾਧੀ ਨਾਲ ਨਿਵਾਜ਼ਿਆ ਸੀ। ਆਪ ਦੇ ਵਹਿਮਾਂ ਭਰਮਾਂ ਜਾਂ ਮੂਰਤੀ ਪੂਜਾ ਦੇ ਸਖਤ ਵਿਰੋਧੀ ਹੋਣ ਦਾ ਪ੍ਰਮਾਣ ਉਨ੍ਹਾਂ ਵੱਲੋਂ ਲਿਖੀ ਵਾਰਤਕ ਵਿੱਚੋਂ ਮਿਲਦਾ ਹੈ। ਉਨ੍ਹਾਂ ਪੰਜਾਬੀ ਪੱਤਰਕਾਰੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਤੇ ਪੰਜਾਬੀ ਦਾ ਪਹਿਲਾ ਅਖਬਾਰ 'ਖਾਲਸਾ ਅਖਬਾਰ' ਸ਼ੁਰੂ ਕਰਕੇ ਸਮੁੱਚੇ ਸਿੱਖ ਜਗਤ ਨੂੰ ਬ੍ਰਾਹਮਣੀ ਕਰਮਕਾਂਡਾਂ ਤੋਂ ਮੁਕਤ ਕਰਨ ਲਈ ਵੱਡਾ ਯੋਗਦਾਨ ਪਾਇਆ। ਸਿੱਖੀ ਦਾ ਇਹ ਸਮਰਪਿਤ ਵਾਰਸ 6 ਸਤੰਬਰ, 1901 ਨੂੰ ਸਦਾ ਲਈ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ। ਚੌਤਰਫਾ ਹਮਲਿਆਂ ਦਾ ਸ਼ਿਕਾਰ ਹੋ ਕੇ ਮਰ-ਮੁੱਕ ਰਹੀ ਸਿੱਖੀ ਨੂੰ ਗਫਲਤ ਵਿੱਚੋਂ ਕੱਢ ਕੇ ਮੁੜ ਲੀਹ 'ਤੇ ਲਿਆਉਣ ਲਈ ਪ੍ਰੋ. ਗਿਆਨੀ ਦਿੱਤ ਸਿੰਘ ਦੇ ਯਤਨਾਂ ਨੂੰ ਭੁਲਾਇਆ ਨਹੀਂ ਜਾ ਸਕਦਾ।

**-ਗੁਰਪ੍ਰੀਤ ਸਿੰਘ ਤਲਵੰਡੀ**

## ਨਸ਼ਿਆਂ ਖ਼ਿਲਾਫ਼ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਕਿੰਨੀਆਂ ਕੁ ਸੰਜੀਦਾ ?

ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣਨ ਦੇ ਅਨੇਕਾਂ ਕਾਰਨਾਂ ਵਿਚੋਂ ਇਕ ਅਹਿਮ ਮੁੱਦਾ ਸੂਬੇ ਅੰਦਰ ਵਿਕਰਾਲ ਰੂਪ ਧਾਰ ਰਹੀ ਨਸ਼ਿਆਂ ਦੀ ਸਮੱਸਿਆ ਸੀ। ਇਸ ਮਸਲੇ ਨੂੰ ਲੈ ਕੇ ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੂੰ ਰੱਜ ਕੇ ਭੰਡਿਆ ਗਿਆ ਅਤੇ ਆਪ ਇਸ ਸਮੱਸਿਆ ਨੂੰ ਸਿਰਫ਼ ਠੱਲ੍ਹ ਪਾਉਣ ਦੀ ਗੱਲ ਹੀ ਨਹੀਂ, ਸਗੋਂ ਇਸ ਨੂੰ ਜੜ੍ਹੋਂ ਪੁੱਟਣ ਦੀ ਗੱਲ ਕੀਤੀ ਗਈ। ਹਰ ਪੰਜ ਸਾਲ ਬਾਅਦ ਕੀਤੇ ਜਾਣ ਵਾਲੇ ਵਾਅਦਿਆਂ ਵਾਂਗ ਸੂਬੇ ਦੇ ਤੰਗ ਹੋਏ ਲੋਕਾਂ ਨੂੰ ਲੱਗਿਆ ਕਿ ਇਸ ਵਾਰੀ ਇਹ ਜ਼ਰੂਰ ਕੁਝ ਕਰਕੇ ਦਿਖਾਉਣਗੇ; ਖਾਸ ਕਰਕੇ ਉਦੋਂ ਜਦੋਂ ਧਾਰਮਿਕ ਗ੍ਰੰਥਾਂ ਦੇ ਹਵਾਲੇ ਨਾਲ ਲੋਕਾਂ ਦੇ ਜਜ਼ਬਾਤ ਨੂੰ ਇਸ ਵਾਅਦੇ ਨੂੰ ਪੂਰਾ ਕਰਨ ਦਾ ਜ਼ਰੀਆ ਬਣਾਇਆ ਗਿਆ ਹੋਵੇ। ਚੋਣਾਂ ਦਰ ਚੋਣਾਂ, ਵਾਅਦਿਆਂ ਉੱਤੇ ਯਕੀਨ ਵੀ ਕੀਤਾ ਜਾਂਦਾ ਹੈ ਅਤੇ ਧੋਖਾ ਖਾ ਕੇ ਪਛਤਾਵਾ ਵੀ ਹੁੰਦਾ ਹੈ ਜਾਂ ਕਹੀਏ, ਪਿਛਲੇ ਕਈ ਦਹਾਕਿਆਂ ਤੋਂ ਜਿਵੇਂ ਲੋਕ ਲਾਚਾਰ ਹੋਣ ਕਿ ਹੁਣ ਕਿਸ ਨੂੰ ਸੱਤਾ ਵਿਚ ਲਿਆਈਏ ? ਦਰਅਸਲ ਨਸ਼ਿਆਂ ਦੀ ਵਰਤੋਂ ਨੂੰ ਲੈ ਕੇ ਹਾਲਾਤ ਵਿਚ ਕੋਈ ਜ਼ਿਕਰਯੋਗ ਫ਼ਰਕ ਨਹੀਂ ਪਿਆ ਦਿਸਦਾ।ਅਸੀਂ ਆਪਣੀ ਸਮਝ ਅਤੇ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰੀਏ ਤਾਂ ਨਜ਼ਰ ਆਵੇਗਾ ਕਿ ਅਸੀਂ ਇਸ ਸਮੱਸਿਆ ਲਈ ਨੌਜਵਾਨਾਂ ਨੂੰ ਹੀ ਕਸੂਰਵਾਰ ਠਹਿਰਾ ਰਹੇ ਹਾਂ ਜੋ ਖ਼ੁਦ ਸ਼ਿਕਾਰ ਹਨ ਤੇ ਬੇਚੈਨ ਵੀ ਹਨ। ਇਸ ਤਰ੍ਹਾਂ ਕਰਨ ਨਾਲ ਅਸੀਂ ਇਸ ਸਮਸਿਆ ਨੂੰ ਹੋਰ ਪੇਚੀਦਾ ਬਣਾ ਲੈਂਦੇ ਹਾਂ ਤੇ ਇਸ ਨੂੰ ਨਜਿੱਠਣ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਾਂ। ਦਰਅਸਲ ਅਸੀਂ ਇਸ ਮੁਹਿੰਮ ਨੂੰ ਗਲਤ ਦਿਸ਼ਾ ਵੱਲ ਲੈ ਜਾਂਦੇ ਹਾਂ। ਉਂਜ ਜਦੋਂ ਅਸੀਂ ਸਮੱਸਿਆ ਨੂੰ ਗੁੰਝਲਦਾਰ ਕਹਿੰਦੇ ਹਾਂ ਤਾਂ ਇਹ ਪ੍ਰਭਾਵ ਵੀ ਜਾਂਦਾ ਹੈ, ਜਿਵੇਂ ਸਮੱਸਿਆ ਨੂੰ ਹੱਲ ਕਰਨਾ ਔਖਾ ਹੈ। ਜੇ ਅਸੀਂ ਇਸ ਸਮੱਸਿਆ ਨੂੰ ਸਿਰਫ਼ ਸਰੀਰਕ, ਨੌਜਵਾਨਾਂ ਦੇ ਜੋਸ਼ ਅਤੇ ਆਪ-ਹੁਦਰੇਪਨ ਨਾਲ ਜੋੜ ਕੇ ਹੱਲ ਕਰਨ ਤੁਰਾਂਗੇ ਤਾਂ ਇਹ ਹੱਲ ਨਹੀਂ ਹੋਣੀ। ਇਸ ਸਮੱਸਿਆ ਨੂੰ ਸਮੁੱਚਤਾ ਵਿਚ ਸਰੀਰ, ਮਨ ਅਤੇ ਸਮਾਜ ਦੇ ਪਹਿਲੂ ਤੋਂ ਸਮਝਣ ਦੀ ਲੋੜ ਹੈ। ਇਸ ਨੂੰ ਪਰਿਵਾਰ ਦੇ ਪਾਲਣ-ਪੋਸ਼ਣ ਤੋਂ ਲੈ ਕੇ ਅਧਿਆਪਨ ਅਤੇ ਸਰਕਾਰ ਦੀਆਂ ਨੀਤੀਆਂ ਤਕ ਵਿਚਾਰਨ ਦੀ ਲੋੜ ਹੈ। ਮਨੁੱਖੀ ਜ਼ਿੰਦਗੀ ਦੇ ਹਰ ਪੜਾਅ ਤੇ ਵਧੀਆ ਸ਼ਖ਼ਸੀਅਤ ਉਸਾਰੀ ਦੇ ਸਾਰੇ ਪਹਿਲੂਆਂ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ। ਇਸ ਲਈ ਟੋਟੇ ਟੋਟੇ, ਖਿਲਰੇ-ਪੁਲਰੇ ਕਾਰਜਾਂ ਨਾਲ, ਉਹ ਵੀ ਗੈਰ ਸੰਜੀਦਗੀ ਨਾਲ ਇਸ ਸਮੱਸਿਆ ਨੂੰ ਠੱਲ੍ਹ ਨਹੀਂ ਪੈਣੀ, ਇਸ ਨੂੰ ਜੜ੍ਹੋਂ ਪੁੱਟਣਾ ਤਾਂ ਬਹੁਤ ਦੂਰ ਦੀ ਗੱਲ ਹੋਵੇਗੀ।

**- ਡਾ. ਸ਼ਿਆਮ ਸੁੰਦਰ ਦੀਪਤੀ**

(ਪ੍ਰੋਫੈਸਰ, ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ)।

## ਲੋਕ-ਪੱਖੀ ਨੀਤੀਆਂ ਸਦਕਾ ਹੋ ਸਕਦਾ ਲੋਕਾਂ ਦਾ ਭਲਾ

ਕਰਜ਼ੇ ਕਾਰਨ ਖੇਤੀ ਧੰਦੇ ਦੇ ਨਿਘਾਰ ਨੇ ਪਿੰਡਾਂ ਦੀ ਆਰਥਿਕਤਾ ਨੂੰ ਲੀਹੋਂ ਲਾਹ ਦਿੱਤਾ ਹੈ। ਲੋਕਾਂ ਨੇ ਪਿੰਡਾਂ ਨੂੰ ਛੱਡ ਕੇ ਸ਼ਹਿਰ ਜਾਣਾ ਠੀਕ ਸਮਝਿਆ ਜਿਸ ਕਾਰਨ ਪਿੰਡ ਤਾਂ ਬੇਰੌਣਕੇ ਹੋਏ ਹੀ, ਨਾਲ ਹੀ ਫ਼ਸਲਾਂ ਤੇ ਸਬਜ਼ੀਆਂ ਦੀ ਪੈਦਾਵਾਰ ਘਟਣ ਅਤੇ ਮੰਗ ਵਧਣ ਨਾਲ ਮਹਿੰਗਾਈ ਵੀ ਸਿਖ਼ਰ 'ਤੇ ਪੁੱਜ ਗਈ। ਪੱਕੇ ਰੁਜ਼ਗਾਰ ਦੀ ਘਾਟ ਨੇ ਨੌਜਵਾਨੀ ਨੂੰ ਬੁਰੀ ਤਰ੍ਹਾਂ ਝੰਬਿਆ ਹੋਇਆ ਹੈ। ਆਰਥਿਕ ਅਸਥਿਰਤਾ ਦੀ ਚੀਸ ਨੇ ਨੌਜਵਾਨੀ ਨੂੰ ਵਿਦੇਸ਼ ਵੱਲ ਤੋਰ ਦਿੱਤਾ ਹੈ। ਖੇਤੀ ਕਰਜ਼ੇ ਤੋਂ ਬਾਅਦ ਆਈਲੈਟਸ ਸੈਂਟਰਾਂ, ਏਜੰਟਾਂ ਤੇ ਵਿਦੇਸ਼ ਭੇਜਣ ਲਈ ਚੁੱਕੀ ਕਰਜ਼ੇ ਦੀ ਪੰਡ ਨੇ ਖ਼ਾਸ ਤੌਰ 'ਤੇ ਪੰਜਾਬੀਆਂ ਨੂੰ ਝੁਕਾ ਕੇ ਧਰਤੀ ਨਾਲ ਹੀ ਲਗਾ ਦਿੱਤਾ ਹੈ। ਸਰਕਾਰੀ ਸਕੂਲਾਂ ਦੇ ਨਾਂ 'ਤੇ ਦਿਖ ਰਹੀਆਂ ਬੱਚਿਆਂ ਤੇ ਸਟਾਫ ਦੀ ਗਿਣਤੀ ਪੱਖੋਂ ਊਣੀਆਂ ਇਮਾਰਤਾਂ ਲਈ ਇਕੱਲੀਆਂ ਸਰਕਾਰੀ ਨੀਤੀਆਂ ਹੀ ਨਹੀਂ ਸਗੋਂ ਸਮਾਜ ਵੀ ਬਰਾਬਰ ਦਾ ਜ਼ਿੰਮੇਵਾਰ ਹੈ। ਉਹ ਕੁਝ ਮੁਫ਼ਤ ਸਹੂਲਤਾਂ ਦੀ ਪ੍ਰਾਪਤੀ ਕਾਰਨ ਉਸ ਤਰ੍ਹਾਂ ਦਾ ਵਿਰੋਧ ਹੀ ਦਰਜ ਨਹੀਂ ਕਰਵਾਉਂਦਾ ਕਿ ਜਿਸ ਨਾਲ ਜੀਵਨ ਬਸਰ ਕਰਨ ਲਈ ਅਤਿ ਜ਼ਰੂਰੀ ਰੁਜ਼ਗਾਰ, ਸਿੱਖਿਆ, ਸਿਹਤ ਸਹੂਲਤਾਂ ਦੇਣ ਲਈ ਸਰਕਾਰ ਮਜਬੂਰ ਹੋਵੇ। ਤ੍ਰਾਸਦੀ ਇਹ ਵੀ ਹੈ ਕਿ ਪਿੰਡਾਂ ਦੇ ਸਮਾਜਿਕ ਸੱਭਿਆਚਾਰ ਵਿਚ ਆਈਆਂ ਮਾਰੂ ਤਬਦੀਲੀਆਂ ਨੇ ਵਾਧੂ ਪੱਖਪਾਤ ਪੈਦਾ ਕਰ ਦਿੱਤੇ। ਇਸ ਨਾਲ ਸਾਂਝੀ ਸੋਚ ਨੂੰ ਲਾਂਭੇ ਕਰ ਕੇ ਧਿਆਨ ਆਪਣੇ ਧਰਮ, ਫਿਰਕੇ ਤੇ ਖੇਤਰਾਂ ਵੱਲ ਜ਼ਿਆਦਾ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਸਕੂਲ ਵੀ ਇਸ ਸੋਚ ਦੇ ਸ਼ਿਕਾਰ ਹੋਣੋਂ ਨਾ ਬਚ ਸਕੇ। ਖੇਤੀ ਉਭਾਰ ਤੇ ਵਿਸਥਾਰ ਲਈ ਪਿੰਡਾਂ ਵਿਚ ਹੀ ਸਨਅਤੀ ਇਕਾਈ ਲਗਾ ਕੇ ਸਹੀ ਮੁੱਲ ਦੀ ਵਿਵਸਥਾ, ਸਾਂਭ-ਸੰਭਾਲ ਅਤੇ ਪੂਰੀ ਵਰਤੋਂ ਨੂੰ ਪੱਕਿਆਂ ਕੀਤਾ ਜਾਵੇ ਤਾਂ ਜੋ ਖ਼ੁਦਕੁਸ਼ੀਆਂ ਦੇ ਰਾਹ ਪਈ ਕਿਸਾਨੀ ਨੂੰ ਮੋੜਿਆ ਜਾਵੇ। ਉਹ ਸੰਸਥਾਵਾਂ ਵਧਾਈ ਦੀਆਂ ਪਾਤਰ ਹਨ ਜਿਨ੍ਹਾਂ ਇਸ ਨੂੰ ਬਚਾਉਣ ਲਈ ਪਹਿਲ ਕੀਤੀ। ਸਰਕਾਰ ਨੂੰ ਇਨ੍ਹਾਂ ਸੰਸਥਾਵਾਂ ਦੀ ਮਦਦ ਰਾਹੀਂ ਅਜਿਹੇ ਕਾਰਜਾਂ ਨੂੰ ਹੋਰ ਫੈਲਾਉਣਾ ਚਾਹੀਦਾ ਹੈ ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਪਿੰਡਾਂ ਦੀ ਆਰਥਿਕ ਸਥਿਰਤਾ ਨਾਲ ਬਦਲੀ ਫਿਜ਼ਾ ਕਾਰਨ ਹੱਸਦੇ-ਵੱਸਦੇ ਪੰਜਾਬ ਦਾ ਅਨੰਦ ਮਾਣ ਸਕਣ। ਪਰਵਾਸ ਭਾਵੇਂ ਵਿਦੇਸ਼ੀ ਹੋਵੇ ਜਾਂ ਪਿੰਡ ਛੱਡ ਕੇ ਸ਼ਹਿਰ ਰਹਿਣ ਦਾ ਹੋਵੇ, ਇਸ ਨਾਲ ਇਕ ਖਲਾਅ ਜ਼ਰੂਰ ਆ ਜਾਂਦਾ ਹੈ ਪਰ ਸਾਂਝੇ ਉਪਰਾਲਿਆਂ ਨਾਲ ਜੇ ਸਭ ਪਿਆਰ-ਸਤਿਕਾਰ ਨਾਲ ਵਿਚਰਨ ਤਾਂ ਨਰੋਏ ਅਤੇ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਸੰਭਵ ਹੈ। ਸਰਕਾਰਾਂ ਜੇ ਚਾਹੁਣ ਤਾਂ ਮੁੱਢਲੀਆਂ ਸਹੂਲਤਾਂ ਦੇਣ ਦੇ ਨਾਲੋ-ਨਾਲ ਨੌਜਵਾਨਾਂ ਨੂੰ ਛੋਟੇ ਉਦਯੋਗਾਂ ਵਾਸਤੇ ਕਰਜ਼ੇ ਦੇ ਕੇ ਉਨ੍ਹਾਂ ਨੂੰ ਪੈਰਾਂ 'ਤੇ ਖੜ੍ਹੇ ਹੋਣ ਵਿਚ ਮਦਦ ਕਰ ਸਕਦੀਆਂ ਹਨ। ਲੋਕ-ਪੱਖੀ ਨੀਤੀਆਂ ਅਤੇ ਖੇਤੀ ਵਿਭਿੰਨਤਾ ਸਦਕਾ ਲੋਕਾਂ ਦਾ ਭਲਾ ਹੋ ਸਕਦਾ ਹੈ।

**-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**

## ਅੱਖੀਂ ਵੇਖਿਆ

**ਇਕਵਾਕ ਸਿੰਘ ਪੱਟੀ**

(ਮੋ. 9815024920)

ਬੰਤਾ ਸਿੰਘ ਉਜਾਗਰ ਸਿੰਘ ਨੂੰ ਦੱਸਣ ਲੱਗਾ ਕਿ, 'ਭਾਈ, ਸ. ਬਿਸ਼ਨ ਸਿੰਹੁ ਵੱਲ ਅੱਜ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਸੀ, ਮੈਂ ਕਿਹਾ ਕਮਾਲ ਕੀਤੀ ਪਈ ਸੀ ਅਗਲੇ ਨੇ, ਖਾਣ-ਪੀਣ ਦਾ ਪ੍ਰਬੰਧ ਐਸਾ ਕਿ ਮੇਰੇ ਹਿਸਾਬ ਨਾਲ 500 ਬੰਦਾ ਰੱਜ ਕੇ ਗਿਆ ਹੋਣਾ।'

ਪਰ ਉਜਾਗਰ ਸਿੰਘ ਨੇ ਬਿਨਾ ਕੋਈ ਹੈਰਾਨੀ ਦੇ ਹਾਵ-ਭਾਵ ਜਤਾਏ ਕਿਹਾ, 'ਮੈਨੂੰ ਤਾਂ ਲੱਗਾ ਕਿ 4 ਕੁ ਬੰਦੇ ਹੀ ਆਏ ਸੀ ਭੋਗ ਤੇ'।

ਬੰਤਾ ਸਿੰਘ ਨੇ ਉਤਸੁਕਤਾ ਨਾਲ ਪੁਛਿਆ, 'ਤੈਨੂੰ ਕਿੱਦਾਂ ਲੱਗਾ ਕਿ 4 ਕੁ ਬੰਦੇ ਹੀ ਆਏ ਸੀ, ਜਦਕਿ ਮੈਂ ਤਾਂ ਅੱਖੀਂ ਵੇਖ ਕੇ ਆਇਆਂ ?'

ਤਾਂ ਉਜਾਗਰ ਸਿੰਘ ਨੇ ਜੁਆਬ ਦਿੱਤਾ ਕਿ ਭਾਈ ਮੈਂ ਵੀ ਅੱਖੀਂ ਵੇਖੇ ਦੀ ਗੱਲ ਕਰ ਰਿਹਾਂ ਕਿਉਂਕਿ ਗੁਰੂ ਮਾਹਰਾਜ ਦਾ ਸਰੂਪ ਛੱਡਣ ਜਾਂਦੇ ਮੈਂ ਤਾਂ ਚਾਰ ਹੀ ਦੇਖੇ, ਕੀ ਬਾਕੀ 500 ਬੰਦੇ ਵਿੱਚੋਂ ਕਿਸੇ ਦਾ ਜ਼ਮੀਰ ਨਾ ਜਾਗਿਆ ਕਿ ਬਹੁਤੇ ਨਹੀਂ ਤਾਂ ਘੱਟੋ-ਘੱਟ 5 ਬੰਦੇ ਹੀ ਨਿੱਤਰ ਆਉਂਦੇ ਗੁਰੂ ਸਾਹਿਬ ਦੇ ਸਤਿਕਾਰ ਲਈ, ਜਿਹੜੇ ਭੋਜਨ ਛਕਣ ਤੋਂ ਪਹਿਲਾਂ ਮੱਥਾ ਟੇਕਣ ਵੇਲੇ ਦੁਨੀਆ ਭਰ ਦੇ ਪਦਾਰਥ, ਸੁੱਖ-ਸ਼ਾਂਤੀ ਆਪਣੇ ਤੇ ਆਪਣੇ ਪਰਿਵਾਰ ਲਈ ਮੰਗ ਰਹੇ ਸੀ।

ਬੰਤਾ ਸਿੰਘ ਨੇ "ਇਹੀ ਕਲਯੁੱਗ ਹੈ" ਕਹਿ ਕੇ ਗੱਲ ਮੁਕਾ ਦਿੱਤੀ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਚੱਪੜਚਿੜੀ ਦਾ ਇਤਿਹਾਸਕ ਗੁਰਦੁਆਰਾ



**ਡਾ. ਜੋਗਿੰਦਰ ਸਿੰਘ**

ਜਿੱਥੇ ਬੰਦਾ ਸਿੰਘ ਬਹਾਦਰ ਦਾ ਵਜ਼ੀਰ ਖਾਂ ਨਾਲ ਟਾਕਰਾ ਹੋਇਆ ਉਸ ਮੈਦਾਨ ਦਾ ਨਾਂ ਚਪੜ ਚਿੜੀ ਮੈਦਾਨ ਹੈ ਅਤੇ ਉਸ ਅਸਥਾਨ 'ਤੇ ਜੋ ਸਿੰਘਾਂ ਦੀ ਜਿੱਤ ਦਾ ਨਿਸ਼ਾਨ ਹੈ ਉਸ ਦਾ ਨਾਂ ਗੁਰਦੁਆਰਾ ਸ਼ਹੀਦ ਗੰਜ ਮੈਦਾਨ ਚਪੜ ਚਿੜੀ ਹੈ। ਮੈਂ ਇਸ ਗੁਰਦੁਆਰੇ ਦੇ ਦਰਸ਼ਨ ਇਸੇ ਸਾਲ 16 ਮਾਰਚ ਨੂੰ ਕੀਤੇ ਸਨ। ਇਹ ਗੁਰਦੁਆਰਾ ਲਾਂਡਰਾਂ, ਖਰੜ ਸੜਕ 'ਤੇ ਦੋ ਕੁ ਕਿਲੋਮੀਟਰ ਹਟਵਾਂ ਸਥਿਤ ਹੈ ਅਤੇ ਅਜੇ ਬਣ ਰਿਹਾ ਹੈ। ਸਵਰਾਜ ਟਰੈਕਟਰਜ਼ ਦੇ ਮਗਰਲੇ ਪਾਸੇ ਗੁਰੂ ਫਾਊਂਡੇਸ਼ਨ ਸਕੂਲ ਲਾਂਡਰਾਂ ਦੇ ਪਿਛਲੇ ਪਾਸੇ ਨਾਲ ਲੱਗਦਾ ਹੈ। ਗੁਰੂ ਨਾਨਕ ਫਾਊਂਡੇਸ਼ਨ ਸਕੂਲ ਦੀ ਮਗਰਲੀ ਕੰਧ ਦੇ ਅੰਦਰਵਾਰ ਇਕ ਜੰਡ ਦਾ ਮੋਟਾ ਬਿਰਖ ਹੈ, ਇਸੇ ਜੰਡ ਨਾਲ ਅੱਜ ਤੋਂ ਲਗਪਗ 300 ਸਾਲ ਪਹਿਲਾਂ ਬੰਦਾ ਸਿੰਘ ਬਹਾਦਰ ਨੇ ਪਾਪੀ ਵਜ਼ੀਰ ਖਾਂ ਦੀ ਲੋਥ 12-13 ਮਈ 1710 ਦੀ ਰਾਤ ਨੂੰ ਟੰਗ ਕੇ ਰੱਖੀ ਸੀ। ਅਗਲੇ ਦਿਨ 13 ਮਈ ਨੂੰ ਸਰਹਿੰਦ ਨੂੰ ਕੂਚ ਕਰਨ ਵੇਲੇ ਇਸ ਲੋਥ ਨੂੰ ਬਲਦਾਂ ਮਗਰ ਬੰਨ੍ਹ ਕੇ ਘੜੀਸਦੇ ਗਏ ਸਨ। ਲੋਕ ਸਤਿਕਾਰ ਵਜੋਂ ਇਸ ਜੰਡ ਦੀਆਂ ਸੁੱਕੀਆਂ ਟਾਹਣੀਆਂ ਲੈ ਜਾਂਦੇ ਹਨ। ਇਹ ਗੁਰਦੁਆਰਾ ਦੋ ਪਿੰਡਾਂ ਦੇ ਵਿਚਾਲੇ ਹੈ।(ਇਕ ਪਿੰਡ ਦਾ ਨਾਂ ਚਪੜਚਿੜੀ ਖੁਰਦ-ਛੋਟਾ ਅਤੇ ਦੂਜੇ ਦਾ ਨਾਂ ਚਪੜਚਿੜੀ ਕਲਾਂ-ਵੱਡਾ ਹੈ। 40 ਫੁੱਟ ਉੱਚਾ ਟਿੱਬਾ, ਜਿਸ 'ਤੇ ਬੈਠ ਕੇ ਬੰਦਾ ਸਿੰਘ ਬਹਾਦੁਰ ਨੇ ਜੰਗ ਦੀ ਨਿਗਰਾਨੀ ਕੀਤੀ, ਹੁਣ ਨਹੀਂ ਰਿਹਾ। ਗੁਰਦੁਆਰੇ ਦੇ ਸਾਹਮਣੇ ਕਿੱਕਰਾਂ ਦੀ ਝਿੜੀ ਹੈ, ਸ਼ਾਇਦ ਚਪੜਚਿੜੀ/ਝਿੜੀ ਹੈ। ਜਦੋਂ ਵਜ਼ੀਰ ਖਾਂ ਨੂੰ ਸੂਹ ਮਿਲੀ ਕਿ ਬੰਦਾ ਸਿੰਘ ਬਹਾਦੁਰ ਸਮਾਣਾ, ਸਢੌਰਾ, ਛੱਤ ਅਤੇ ਬਨੂੜ ਆਦਿ ਨੂੰ ਜਿੱਤਦਾ ਹੋਇਆ ਸਰਹਿੰਦ ਵੱਲ ਵਧ ਰਿਹਾ ਸੀ ਤਾਂ ਉਸ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਸ ਨੇ ਤੋਪਾਂ,ਹਾਥੀ ਅਤੇ ਫੌਜਾਂ ਲਈ ਆਪਣੇ ਤੁਰਕ ਸਰਦਾਰਾਂ ਨੂੰ ਪੱਤਰ ਭੇਜਿਆ। ਉਸ ਨੇ ਪੂਰਾ ਪ੍ਰਬੰਧ ਕੀਤਾ ਕਿ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਹੋਰ ਸਿੰਘ ਨਾ ਰਲ ਸਕਣ। ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਦੀ ਡਿਊਟੀ ਲਾਈ ਕਿ ਉਹ ਆਪਣੀ ਫੌਜ ਨਾਲ ਮਾਝੇ ਦੇ ਸਿੰਘਾਂ ਨੂੰ ਬੰਦਾ ਸਿੰਘ ਬਹਾਦਰ ਨਾਲ ਮਿਲਣ ਤੋਂ ਰੋਕੇ। ਮਾਝੇ ਦੇ ਸਿੰਘ ਬਚਦੇ-ਬਚਾਉਂਦੇ, ਛੁਪਦੇ-ਛਪਾਉਂਦੇ ਕੀਰਤਪੁਰ ਸਾਹਿਬ ਵਾਲੇ ਪਾਸੇ ਇਕੱਠੇ ਹੋ ਗਏ। ਮਾਝੇ ਦੇ ਸਿੰਘਾਂ ਨੇ ਸ਼ੇਰ ਮੁਹੰਮਦ ਖਾਂ ਦੇ ਸਾਥੀ (ਭਰਾ ਖਿਜਰ ਖਾਨ ਅਤੇ ਦੋ ਭਤੀਜੇ) ਰੋਪੜ ਵਿਖੇ ਦੋ ਦਿਨ ਦੀ ਲੜਾਈ ਵਿਚ ਮਾਰ ਦਿੱਤੇ ਅਤੇ ਜ਼ਖਮੀ ਹੋਇਆ ਨਵਾਬ ਆਪਣੀ ਰਹਿੰਦੀ ਫੌਜ ਸਮੇਤ ਮਾਲੇਰਕੋਟਲਾ ਭੱਜ ਗਿਆ, ਸਿੰਘ ਬੰਦਾ ਸਿੰਘ ਬਹਾਦਰ ਨਾਲ ਆ ਰਲੇ ।

21 ਮਈ 1710 ਨੂੰ ਚਪੜਚਿੜੀ ਦੇ ਮੈਦਾਨ ਵਿਚ ਵਜ਼ੀਰ ਖਾਂ ਅਤੇ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਆਹਮਣੇ-ਸਾਹਮਣੇ ਖੜ੍ਹੀਆਂ ਸਨ। ਬੰਦਾ ਸਿੰਘ ਬਹਾਦਰ ਇਕ 35-40 ਫੁੱਟ ਉੱਚੇ ਟਿੱਬੇ 'ਤੇ ਚੜ੍ਹ ਕੇ ਬੈਠਾ ਸੀ ਤਾਂ ਕਿ ਸਭ ਕੁਝ 'ਤੇ ਨਿਗ੍ਹਾ ਰੱਖ ਸਕੇ। ਬੰਦਾ ਸਿੰਘ ਬਹਾਦਰ ਕੋਲ 40,000 ਦੇ ਲਗਪਗ ਸਿੰਘਾਂ ਦੀ ਫੌਜ ਦੀ ਜਦਕਿ ਵਜ਼ੀਰ ਖਾਂ ਕੋਲ 20,000 ਸੀ। ਵਜ਼ੀਰ ਖਾਂ ਕੋਲ ਹਾਥੀ, ਤੋਪਾਂ ਅਤੇ ਜੰਗ ਲਈ ਹੋਰ ਸਾਮਾਨ ਸੀ। ਬੰਦਾ ਸਿੰਘ ਬਹਾਦਰ ਕੋਲ ਨਾ ਕੋਈ ਤੋਪ, ਨਾ ਹਾਥੀ ਅਤੇ ਨਾ ਹੀ ਪੂਰੀ ਮਾਤਰਾ ਵਿਚ ਘੋੜੇ ਸਨ। ਸਿੰਘਾਂ ਦਾ ਸੰਕਲਪ ਦ੍ਰਿੜ੍ਹ ਸੀ ਕਿ ਜੰਗ ਜਿੱਤ ਕੇ ਸਰਾਪੀ ਹੋਈ ਸਰਹਿੰਦ ਨੂੰ ਮਿੱਟੀ ਵਿਚ ਮਿਲਾ ਦੇਣਾ ਹੈ। ਸਿੰਘਾਂ ਨੇ ਧੌਂਸੇ 'ਤੇ ਲਾਈ ਚੋਟ, ਛੱਡੇ ਜੈਕਾਰੇ ਅਤੇ ਟੁੱਟ ਪਏ ਦੁਸ਼ਮਣ ਉਤੇ। ਸਿੰਘਾਂ ਦੀ ਕਮਾਨ ਹੇਠ: ਇਕ ਪਾਸੇ ਫਤਹਿ ਸਿੰਘ, ਦੂਜੇ ਪਾਸੇ ਬਾਜ ਸਿੰਘ, ਬਿਨੋਦ ਸਿੰਘ ਅਤੇ ਵਿਚਕਾਰ ਖੇਮ ਸਿੰਘ ਆਦਿ ਨਾਲ ਮਝੈਲ ਸਿੰਘ ਸਨ।

ਵਜ਼ੀਰ ਖਾਂ ਦੀ ਸਭ ਤੋਂ ਅਗਲੀ ਕਤਾਰ ਵਿਚ ਤੋਪਾਂ ਅਤੇ ਸਭ ਤੋਂ ਪਿੱਛੇ ਕਤਾਰ ਵਿਚ ਹਾਥੀ ਸਨ। ਸੱਜੀ ਬਾਹੀ ਗਾਜ਼ੀ ਨਾਲ ਵਜ਼ੀਰ ਖਾਂ ਅਤੇ ਖੱਬੇ ਪਾਸੇ ਜਸੀਰਦਾਰ ਸਨ। ਜੰਗ ਸ਼ੁਰੂ ਹੋ ਗਿਆ, ਤੋਪਾਂ ਚਲੀਆਂ, ਹਾਥੀ ਚਿੰਘਾੜੇ ਅਤੇ ਤੀਰ ਤਲਵਾਰਾਂ ਖੜਕੇ। ਗੰਡੇ ਖੱਤਰੀ ਨੇ ਥੋੜ੍ਹੇ ਚਿਰ ਬਾਅਦ ਆਪਣੇ ਨਾਲਦਿਆਂ ਨਾਲ ਭਾਂਜ ਪਾ ਲਈ। ਸਿੰਘਾਂ ਦੀ ਫੌਜ ਵਿਚ ਰਲੇ ਲੁਟੇਰੇ ਵੀ ਭੱਜ ਉਠੇ। ਬਾਜ ਸਿੰਘ ਘੋੜੇ ਉਤੇ ਸਵਾਰ ਹੋ ਕੇ ਟਿੱਬੇ 'ਤੇ ਬੰਦਾ ਸਿੰਘ ਬਹਾਦਰ ਕੋਲ ਗਿਆ ਅਤੇ ਦੱਸਿਆ ਕਿ ਬੰਦਾ ਸਿੰਘ ਬਹਾਦਰ ਬਿਨਾਂ ਸਿੱਖ ਫੌਜ ਦੇ ਪੈਰ ਉਖੜ ਚੁੱਕੇ ਸਨ। ਜੰਗ ਦਾ ਮੈਦਾਨ ਹੱਥੋਂ ਜਾਂਦਾ ਦਿੱਸਦਾ ਸੀ। ਬੰਦਾ ਸਿੰਘ ਬਹਾਦਰ ਘੋੜੇ ਉਤੇ ਪਲਾਕੀ ਮਾਰ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦਾ ਝੱਟ ਜੰਗੇ ਮੈਦਾਨ ਵਿਚ ਪਹੁੰਚ ਗਿਆ। ਸਿੰਘਾਂ ਵਿਚ ਨਵੀਂ ਰੂਹ ਆਈ। ਉਹ ਦੁਸ਼ਮਣ ਦੇ ਹਾਥੀ ਅਤੇ ਤੋਪਾਂ ਦੀ ਪ੍ਰਵਾਹ ਨਾ ਕਰਦੇ ਹੋਏ ਉਨ੍ਹਾਂ ਉਤੇ ਟੁੱਟ ਪਏ। ਦੁਪਹਿਰ ਬਾਅਦ ਸਿੰਘਾਂ ਦਾ ਪਾਸਾ ਭਾਰੀ ਹੋ ਗਿਆ। ਉਨ੍ਹਾਂ ਨੇ ਤੋਪਾਂ ਦੀ ਕਤਾਰ ਚੀਰ ਕੇ ਹਾਥੀਆਂ ਤਕ ਪਹੁੰਚ ਕੇ ਦੋ ਹਾਥੀ ਮਾਰ ਦਿੱਤੇ। ਹਾਥੀ ਚਿੰਘਾੜਾਂ ਮਾਰਦੇ ਨੱਠ ਉਠੇ। ਸ਼ੇਰ ਮੁਹੰਮਦ ਖਾਂ (ਨਵਾਬ ਮਾਲੇਰਕੋਟਲਾ) ਅਤੇ ਖੁਆਜਾ ਅਲੀ ਸਿੰਘਾਂ ਨੇ ਮਾਰ ਦਿੱਤੇ। ਵਜ਼ੀਰ ਖਾਂ ਬਾਜ਼ ਸਿੰਘ ਦੇ ਟਾਕਰੇ 'ਤੇ ਆ ਗਿਆ। ਉਸ ਨੇ ਆਪਣੀ ਬਰਛੀ ਬਾਜ ਸਿੰਘ ਨੂੰ ਵਗਾਹ ਕੇ ਮਾਰੀ। ਬਾਜ ਸਿੰਘ ਨੇ ਓਹੀ ਬਰਛੀ ਬੋਚ ਕੇ ਉਸਦੇ ਘੋੜੇ ਦੇ ਮੱਥੇ ਉਤੇ ਮਾਰੀ।, ਘੋੜਾ ਲਹੂ-ਲੁਹਾਣ ਹੋ ਗਿਆ। ਵਜ਼ੀਰ ਖਾਂ ਨੇ ਤੀਰ ਮਾਰਿਆ ਜੋ ਬਾਜ ਸਿੰਘ ਦੀ ਬਾਂਹ 'ਤੇ ਵੱਜਾ। ਹੁਣ ਵਜ਼ੀਰ ਖਾਂ ਆਪਣੀ ਤਲਵਾਰ ਦੇ ਵਾਰ ਨਾਲ ਬਾਜ ਸਿੰਘ ਨੂੰ ਮਾਰ-ਮੁਕਾਉਣ ਦੇ ਯਤਨ ਵਿਚ ਸੀ ਕਿ ਕੋਲ ਖਲੋਤੇ ਫਤਹਿ ਸਿੰਘ ਨੇ ਵਜ਼ੀਰ ਖਾਂ ਦੇ ਮੋਢੇ ਉਤੇ ਤਲਵਾਰ ਮਾਰ ਕੇ ਉਸ ਨੂੰ ਚੀਰ ਪਾ ਦਿੱਤਾ। ਅਜੇ ਉਹ ਸਹਿਕਦਾ ਹੀ ਸੀ ਕਿ ਉਸ ਨੂੰ ਖਿੱਚ ਕੇ ਬੰਦਾ ਸਿੰਘ ਬਹਾਦੁਰ ਕੋਲ ਲੈ ਗਏ ਜਿਸ ਨੇ ਉਸ ਨੂੰ ਇਕ ਜੰਡ ਨਾਲ ਪੁੱਠਾ ਟੰਗਾ ਦਿੱਤਾ (ਜੋ ਮੈਂ ਜੰਡ ਅੱਖੀਂ ਦੇਖਿਆ ਹੈ)। ਮੁਗਲ ਫੌਜ ਜਾਨ ਬਚਾਉਣ ਲਈ ਭੱਜ ਉਠੀ, ਪਰ ਸਿੰਘਾਂ ਨੇ ਬਹੁਤ ਸਾਰੇ ਮੈਦਾਨ ਵਿਚ ਹੀ ਮੁਕਾ ਦਿੱਤੇ।

ਵਜ਼ੀਰ ਖਾਂ ਦੀ ਲੋਥ ਨੂੰ ਸਰਹਿੰਦ ਵੱਲ ਕੂਚ ਕਰਨ ਵੇਲੇ ਬਲਦਾਂ ਮਗਰ ਬੰਨ੍ਹ ਕੇ ਸਰਹਿੰਦ ਤਕ ਘੜੀਸਿਆ। ਵਜ਼ੀਰ ਖਾਂ ਦਾ ਪਰਿਵਾਰ ਜੰਗ ਤੋਂ ਪਹਿਲਾਂ ਹੀ ਦਿੱਲੀ ਭੱਜ ਗਿਆ ਸੀ। ਉਸ ਦਾ ਲੜਕਾ ਲੋਹਗੜ੍ਹ ਦੀ ਲੜਾਈ ਵਿਚ ਸਿੰਘਾਂ ਨੇ ਮਾਰ ਦਿੱਤਾ। 14 ਮਈ 1710 ਨੂੰ ਜੇਤੂ ਸਿੰਘ ਸਰਹਿੰਦ ਵਿਚ ਜਾ ਵੜੇ। ਸੁੱਚਾ ਨੰਦ ਸਿੰਘ ਨੂੰ ਘਰੋਂ ਜਾ ਦਬੋਚਿਆ। ਉਸ ਦੇ ਨੱਕ ਵਿਚ ਲੋਹੇ ਦਾ ਕੁੰਡਾ ਪਾ ਕੇ ਘਰ-ਘਰ ਘੁੰਮਾਇਆ ਅਤੇ ਫਿਰ ਜੁੱਤੀਆਂ ਮਾਰ-ਮਾਰ ਕੇ ਮਾਰ ਦਿੱਤਾ। ਉਸ ਦੇ ਪਰਿਵਾਰ ਨੂੰ ਦਰੱਖਤਾਂ ਨਾਲ ਟੰਗ ਦਿੱਤਾ।

# ਸ਼ਿਕਾਗੋ ਦੇ ਖੇਡ ਮੇਲੇ 'ਚੋਂ ਵਾਲੀਬਾਲ ਦੇ ਖਿਡਾਰੀ ਤੇ ਦਰਸ਼ਕ ਮੁੜੇ ਨਿਰਾਸ਼

**ਸ਼ਿਕਾਗੋ/ਮੱਖਣ ਸਿੰਘ ਸ਼ਿਕਾਗੋ :**
ਇਥੋਂ ਦੇ ਬੱਸੀਵੁੱਡਜ ਫੌਰੈਸਟ ਪਰਜ਼ਰਵ ਐਲਕ ਗਰੋਵ ਵਿਚ ਇਕ ਖੇਡ ਮੇਲਾ ਕਰਵਾਇਆ ਗਿਆ। ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ (ਮਿਡਵੈਸਟ) ਵਲੋਂ ਕਰਵਾਏ ਗਏ ਖੇਡ ਮੁਕਾਬਲੇ ਵਿੱਚ ਜਿਆਦਾਤਰ ਦਰਸ਼ਕ ਕਬੱਡੀ ਤੇ ਗਾਉਣ ਵਾਲਿਆਂ ਦੇ ਸ਼ੌਕੀਨ ਹੀ ਨਜ਼ਰ ਆ ਰਹੇ ਸਨ। ਜਿਥੇ ਕਬੱਡੀ ਦੇ ਮੈਚ ਦੇਖਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਸੀ, ਉਥੇ ਪ੍ਰਬੰਧਕ ਵੀ ਵਾਰ ਵਾਰ ਕਬੱਡੀ ਤੇ ਗਾਉਣ ਵਾਲਿਆਂ ਜਾਂ ਆਪਣੇ ਪਰਮੋਟਰਾਂ ਸਪੋਟਰਾਂ ਦੇ ਨਾਵਾਂ ਦੀਆਂ ਮਾਇਕ ਤੋਂ ਬੋਲ-ਬੋਲ ਝੜੀਆਂ ਲਾ ਰਹੇ ਸਨ। ਦੂਜੇ ਪਾਸੇ ਵਾਲੀਬਾਲ ਦੇ ਚੱਲ ਰਹੇ ਮੈਚਾਂ ਵੱਲ ਪ੍ਰਬੰਧਕਾਂ ਵਲੋਂ ਉੱਕਾ ਹੀ ਧਿਆਨ ਨਹੀਂ ਦਿੱਤਾ ਗਿਆ, ਜਿਸ ਕਰਕੇ ਵਾਲੀਬਾਲ ਦੀਆਂ ਟੀਮਾਂ ਤੇ ਖਿਡਾਰੀਆਂ ਵਿਚ ਪ੍ਰਬੰਧਕਾਂ ਪ੍ਰਤੀ ਨਰਾਜ਼ਗੀ ਪਾਈ ਗਈ। ਵਾਲੀਬਾਲ ਦੇ ਖਿਡਾਰੀਆਂ ਵਲੋਂ ਆਪਣੀ ਖੇਡ ਨੂੰ ਪੂਰੀ ਤਨਦੇਹੀ ਨਾਲ ਖੇਡਿਆ ਗਿਆ ਤੇ ਵਾਲੀਬਾਲ ਖੇਡ ਨੂੰ ਪ੍ਰੇਮ ਕਰਨ ਵਾਲਿਆਂ ਨੇ ਵੀ ਪੂਰਾ ਸਮਾਂ ਖਿਡਾਰੀਆਂ ਦੀ ਹੌਂਸਲਾ ਅਫਜਾਈ ਕੀਤੀ। ਕਰਾਊਨ ਪੁਆਇੰਟ(ਇੰਡੀਆਨਾ) ਤੋਂ ਆਏ ਵਾਲੀਬਾਲ ਦੇ ਉਭਰਦੇ ਨੌਜਵਾਨ ਖਿਡਾਰੀ ਪ੍ਰਭਜੀਤ ਸਿੰਘ ਕੰਦੋਲਾ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਤੇ ਦਰਸ਼ਕਾਂ ਤੋਂ ਹਰ ਪਾਸਿਓਂ ਵਾਹ ਵਾਹ ਖੱਟੀ। ਉਸ ਦੇ ਨਾਲ ਆਏ ਸ. ਭਰਪੂਰ ਸਿੰਘ ਨੇ ਖੇਡ ਮੇਲੇ ਦੇ ਪ੍ਰਬੰਧਕਾਂ ਵਲੋਂ ਵਾਲੀਬਾਲ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ 'ਤੇ ਆਪਣੀ ਨਰਾਜ਼ਗੀ ਜਾਹਿਰ ਕੀਤੀ ਤੇ ਅੰਮ੍ਰਿਤਸਰ ਟਾਇਮਜ਼ ਨਾਲ ਗੱਲ ਕਰਦਿਆਂ ਕਿਹਾ ਕਿ ਜੇ ਖੇਡ ਮੇਲਿਆਂ ਦੇ ਪ੍ਰਬੰਧਕਾਂ ਵਲੋਂ ਇਕੱਲੀ ਕਬੱਡੀ ਤੇ ਗਾਉਣ ਵਾਲਿਆਂ ਨੂੰ ਹੀ ਪ੍ਰਮੋਟ ਕਰਨਾ ਹੈ, ਤਾਂ ਇਨ੍ਹਾਂ ਨੂੰ ਦੂਜੀਆਂ ਖੇਡਾਂ ਨਹੀ ਕਰਵਾਉਣੀਆਂ ਚਾਹੀਦੀਆਂ। ਉਨ੍ਹਾਂ ਇਥੋਂ ਤੱਕ ਕਿਹਾ ਕਿ ਜਿੰਨਾ ਸਮਾਂ ਵਾਲੀਬਾਲ ਦੇ ਮੈਚ ਚੱਲੇ, ਉਥੇ ਨਾ ਕੋਈ ਪ੍ਰਬੰਧਕ ਪਹੁੰਚਿਆ ਤੇ ਨਾ ਹੀ ਕਿਸੇ ਨੇ ਇਨ੍ਹਾਂ ਮੈਚਾਂ ਦੀ ਅਨਾਉਂਸਮੈਂਟ ਕੀਤੀ। ਵਾਲੀਬਾਲ ਮੁਕਾਬਲਿਆਂ ਵਿਚ ਮਿਲਵਾਕੀ ਦੀ ਟੀਮ ਪਹਿਲੇ ਨੰਬਰ 'ਤੇ ਅਤੇ ਸ਼ਿਕਾਗੋ ਦੀ ਟੀਮ ਦੂਜੇ ਨੰਬਰ 'ਤੇ ਰਹੀ।



# ਰੰਧਾਵਾ ਨੇ ਗਰੇਵਾਲ ਨੂੰ ਹਰਾ ਕੇ ਐਬਸਫੋਰਡ ਟਾਈਗਰ ਦਾ ਖਿਤਾਬ ਜਿੱਤਿਆ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :**
ਗੁਰੂ ਗੋਬਿੰਦ ਸਿੰਘ ਰੈਸਲਿੰਗ ਕਲੱਬ ਐਬਸਫੋਰਡ ਦੇ ਪਹਿਲਵਾਨ ਨਿਸ਼ਾਨ ਸਿੰਘ ਰੰਧਾਵਾ ਨੇ ਫਾਈਨਲ ਵਿਚ ਰੁਸਤਮ ਕਲੱਬ ਦੇ ਪਹਿਲਵਾਨ ਜਿੰਦ ਗਰੇਵਾਲ ਨੂੰ ਹਰਾ ਕੇ ਐਬਸਫੋਰਡ ਟਾਈਗਰ ਦਾ ਖਿਤਾਬ ਜਿੱਤਿਆ ਹੈ। ਚਾਂਦੀ ਦੀ ਗੁਰਜ ਤੇ ਨਕਦ ਇਨਾਮ ਦੇ ਕੇ ਨਿਸ਼ਾਨ ਰੰਧਾਵਾ ਨੂੰ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ 50 ਤੋਂ ਵੱਧ ਛੋਟੇ ਬੱਚਿਆਂ-ਬੱਚੀਆਂ ਤੇ ਨੌਜਵਾਨਾਂ ਦੇ ਕੁਸ਼ਤੀ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਦਾ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ ਤੇ ਬੱਚਿਆਂ ਦੀ ਹੌਂਸਲਾ ਅਫਜਾਈ ਕੀਤੀ। ਇਸ ਮੌਕੇ ਕੁਸ਼ਤੀਗੀਰਾਂ-ਉਸਤਾਦਾਂ, ਕੋਚਾਂ ਤੇ ਕੁਸ਼ਤੀ ਪ੍ਰੇਮੀਆਂ ਤੋਂ ਇਲਾਵਾ ਸਤਨਾਮ ਸਿੰਘ ਜੌਹਲ, ਸ਼ਿੰਗਾਰਾ ਸਿੰਘ ਢੇਸੀ ਪਹਿਲਵਾਨ, ਬੂਟਾ ਸਿੰਘ ਢੀਂਡਸਾ, ਸੰਨੀ ਪਹਿਲਵਾਨ, ਅਮਨ ਪਹਿਲਵਾਨ ਅਤੇ ਸਿਆਟਲ ਤੋਂ ਕੁਲਵੰਤ ਸਿੰਘ ਸ਼ਾਹ ਤੋਂ ਇਲਾਵਾ ਬਾਪੂ ਫੌਜਾ ਸਿੰਘ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਪਹਿਲਵਾਨਾਂ ਦੀ ਹੌਂਸਲਾ ਅਫ਼ਜਾਈ ਕੀਤੀ ਅਤੇ ਜੇਤੂਆਂ ਨੂੰ ਇਨਾਮ ਦਿੱਤੇ। ਉਸਤਾਦ ਬੂਟਾ ਸਿੰਘ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਇਸ ਤੋਂ ਬਾਅਦ ਖੁੱਲ੍ਹੇ ਮੈਦਾਨ ਵਿਚ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਭੰਗੜੇ ਤੇ ਦੋਗਾਣਿਆਂ ਨਾਲ ਵੱਖ-ਵੱਖ ਗਾਇਕਾਂ ਨੇ ਚੰਗਾ ਰੰਗ ਬੰਨ੍ਹਿਆ ਅਤੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ।



# ਸਿੱਖ ਭਾਈਚਾਰੇ ਵੱਲੋਂ ਸਕਮਬਰਗ-ਇਲੀਨੋਇਸ ਲੇਬਰ ਡੇਅ ਪਰੇਡ ਵਿਚ ਹੁੰਮਹੁੰਮਾ ਕੇ ਸ਼ਮੂਲੀਅਤ

**ਇਲੀਨੋਇਸ (ਸ਼ਿਕਾਗੋ)/ਏਟੀ ਨਿਊਜ਼ :**
ਸ਼ਿਕਾਗੋ ਦੇ ਉੱਤਰ ਪੱਛਮੀ ਉਪਨਗਰਾਂ ਵਿਚ ਵਸਦੇ ਸਿੱਖ ਭਾਈਚਾਰੇ ਨੇ ਸਕਮਬਰਗ ਇਲੀਨੋਇਸ (ਸ਼ਿਕਾਗੋ) ਦੀ ਸਲਾਨਾ 49ਵੀਂ ਲੇਬਰ ਡੇਅ ਪਰੇਡ ਵਿਚ ਹੁੰਮਹੁੰਮਾ ਕੇ ਭਾਗ ਲਿਆ। ਸਿੱਖ ਜਥੇ ਨੇ 2 ਸਤੰਬਰ, 2019 ਨੂੰ ਇਸ ਕਿਰਤ ਦਿਵਸ ਪਰੇਡ ਵਿਚ ਹਿੱਸਾ ਲੈਂਦਿਆਂ ਇਲੀਨੋਇਸ ਸਟੇਟ ਦੇ ਪ੍ਰਤੀਨਿਧੀ ਮਿਸ਼ੇਲ ਮੁਸਮੈਨ ਦੀ ਅਗਵਾਈ ਵਾਲੀ ਟੁਕੜੀ ਨਾਲ ਸ਼ਮੂਲੀਅਤ ਕੀਤੀ। ਸਿੱਖ ਵੱਖ-ਵੱਖ ਰੰਗਾਂ ਦੀਆਂ ਦਸਤਾਰਾਂ ਸਜਾ ਕੇ ਹੱਥਾਂ ਵਿਚ ਅਮਰੀਕੀ ਝੰਡੇ ਫੜ ਕੇ ਵਾਈਜ਼ ਰੋਡ ਸਕਮਬਰਗ ਵਿਖੇ ਪਰੇਡ ਦੇ ਨਾਲ-ਨਾਲ ਗਏ ਅਤੇ ਸਮੈਥ ਡਰਾਈਵ ਤੋਂ ਉੱਤਰ ਵੱਲ ਸਕਮਮਬਰਗ ਮਿਊਂਸਪਲ ਸੈਂਟਰ ਦੇ ਸਤੰਬਰ ਫੈਸਟ ਮੈਦਾਨ ਵਿਚ ਜਾ ਕੇ ਪਰੇਡ ਦੀ ਸਮਾਪਤੀ ਹੋਈ। ਪਰੇਡ ਵਿਚ ਸਿੱਖ ਜਥੇ ਦੀ ਅਗਵਾਈ ਕਰ ਰਹੇ ਕੋਆਰਡੀਨੇਟਰ ਰਾਜਿੰਦਰ ਸਿੰਘ ਮਾਗੋ ਨੇ ਕਿਹਾ ਕਿ "ਸਾਡੀ ਕਮਿਊਨਿਟੀ ਨੂੰ ਮੁੱਖ ਧਾਰਾ ਦੇ ਅਮਰੀਕੀ ਸਮਾਗਮਾਂ ਵਿੱਚ ਹਿੱਸਾ ਲੈਣ, ਸਥਾਨਕ ਨੇਤਾਵਾਂ ਅਤੇ ਆਮ ਲੋਕਾਂ ਨਾਲ ਮੇਅ ਮਿਲਾਪ ਕਰਨ ਲਈ ਲਾਜ਼ਮੀ ਤੌਰ 'ਤੇ ਬਾਹਰ ਆਉਣਾ ਚਾਹੀਦਾ ਹੈ। ਉਨ੍ਹਾਂ ਚੁਣੇ ਹੋਏ ਆਗੂਆਂ ਦੀ ਹਮਾਇਤ ਕਰਨੀ ਵੀ ਜ਼ਰੂਰੀ ਹੈ, ਜਿਹੜੇ ਸਾਡੀ ਕਮਿਊਨਿਟੀ ਦੇ ਹੱਕਾਂ ਦਾ ਸਮਰਥਨ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਲੰਬੇ ਸਮੇਂ ਤੋਂ ਸਕਮਬਰਗ ਦੀ ਸਤੰਬਰ ਫੈਸਟ ਪਰੇਡ ਮਜ਼ਦੂਰ ਦਿਵਸ ਦੀ ਪਰੰਪਰਾ ਬਣ ਗਈ ਹੈ ਜੋ ਹਰ ਸਾਲ ਅਯੋਜਿਤ ਕੀਤੀ ਜਾਂਦੀ ਹੈ। ਸਤੰਬਰ ਫੈਸਟ ਇੱਕ ਸਲਾਨਾ ਤਿੰਨ ਦਿਨਾ ਤਿਉਹਾਰ ਹੈ ਜੋ ਕਿ ਲੇਬਰ ਡੇਅ ਦੀ ਛੁੱਟੀ ਵਾਲੇ ਹਫਤੇ ਦੇ ਅਖੀਰ ਵਿੱਚ ਆਯੋਜਿਤ ਕੀਤਾ ਜਾਂਦਾ ਹੈ। ਇਸ ਦੀ ਸ਼ੁਰੂਆਤ 1971 ਵਿੱਚ ਸਥਾਨਕ ਚੈਰੀਟੇਬਲ ਸੰਸਥਾਵਾਂ ਦੁਆਰਾ ਸਥਾਨਕ ਨਿਵਾਸੀਆਂ ਲਈ ਛੁੱਟੀਆਂ ਮਨਾਉਣ ਵਾਸਤੇ ਫੰਡ ਇੱਕਠਾ ਕਰਨ ਵਜੋਂ ਕੀਤੀ ਗਈ ਸੀ। ਹੁਣ ਕਿਰਤ ਦਿਵਸ ਦਾ ਇਹ ਜਸ਼ਨ ਸਲਾਨਾ ਲਗਭਗ 250,000 ਲੋਕਾਂ ਨੂੰ ਆਪਣੇ ਵੱਲ ਖਿੱਚਦਾ ਹੈ। ਸਕਮਬਰਗ ਅਤੇ ਆਸ ਪਾਸ ਦੇ ਭਾਈਚਾਰਿਆਂ ਵੱਲੋਂ ਇਸ ਪ੍ਰੋਗਰਾਮ ਨੂੰ ਇੱਕ ਪਰਿਵਾਰਕ ਸਮਾਰੋਹ ਦੇ ਰੂਪ ਵਿਚ ਮਨਾਇਆ ਗਿਆ ਹੈ।




## ਕੈਨੇਡਾ 'ਚ ਪਰਿਵਾਰ ਸੱਦਣਾ ਹੋ ਜਾਵੇਗਾ ਹੋਰ ਸੌਖਾ

**ਟੋਰਾਂਟੋ/ਏਟੀ ਨਿਊਜ਼ :** ਕੈਨੇਡਾ ਵਿਚ ਰਹਿ ਰਹੇ ਪਰਵਾਸੀ ਆਪਣੇ ਜੱਦੀ ਮੁਲਕ ਵਿਚ ਰਹਿ ਰਹੇ ਪਰਿਵਾਰਕ ਮੈਂਬਰਾਂ ਨੂੰ ਕੈਨੇਡਾ ਸੱਦ ਸਕਣਗੇ। ਨਵੀਂ ਯੋਜਨਾ 9 ਸਤੰਬਰ ਤੋਂ ਸ਼ੁਰੂ ਹੋ ਗਈ ਹੈ, ਜੋ ਕਿ ਦੋ ਸਾਲ ਤੱਕ ਜਾਰੀ ਰਹੇਗੀ। ਇਮੀਗ੍ਰੇਸ਼ਨ ਤੇ ਸਿਟੀਜ਼ਨ ਮੰਤਰਾਲੇ ਨੇ ਕਿਹਾ ਕਿ ਕੈਨੇਡਾ ਦੀ ਪੀ.ਆਰ. ਲਈ ਅਰਜ਼ੀਆਂ ਦਾਇਰ ਕਰਨ ਵੇਲੇ ਪਰਵਾਸੀਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ, ਜਿਵੇਂ ਜੀਵਨ ਸਾਥੀ, ਕਾਮਨ ਲਾਅ ਪਾਰਟਨਰ ਤੇ ਨਿਰਭਰ ਬੱਚਿਆਂ ਦੀ ਜਾਣਕਾਰੀ ਮੁਹੱਈਆ ਕਰਵਾਉਣ ਦੀ ਹਦਾਇਤ ਦਿੱਤੀ ਗਈ ਹੈ ਪਰ ਕੁਝ ਲੋਕ ਇਸ ਤੋਂ ਖੁੰਝ ਜਾਂਦੇ ਹਨ। ਵੱਖ-ਵੱਖ ਕਾਰਨਾਂ ਕਰਕੇ ਪਰਵਾਸੀਆਂ ਵਲੋਂ ਪੀਆਰ ਦੀ ਅਰਜ਼ੀ ਵਿਚ ਪਰਿਵਾਰ ਦੇ ਕੁਝ ਮੈਂਬਰਾਂ ਬਾਰੇ ਕੋਈ ਵੇਰਵਾ ਦਰਜਾ ਨਹੀਂ ਕੀਤਾ ਜਾਂਦਾ ਹੈ ਤੇ ਅਜਿਹਾ ਹੋਣ ਕਾਰਨ ਉਹ ਪੂਰੀ ਜ਼ਿੰਦਗੀ ਲਈ ਕੈਨੇਡਾ ਦੀ ਸਪਾਂਸਰਸ਼ਿੱਪ ਤੋਂ ਵਾਂਝੇ ਰਹਿ ਜਾਂਦੇ ਹਨ। ਪਰ 9 ਸਤੰਬਰ ਤੋਂ ਸ਼ੁਰੂ ਹੋਏ ਪਾਇਲਟ ਪ੍ਰਾਜੈਕਟ ਅਧੀਨ ਕੈਨੇਡਾ ਵਿਚ ਰਹਿ ਰਹੇ ਪਰਵਾਸੀ ਤੇ ਰਫਿਊਜੀ ਆਪਣੇ ਅਣਐਲਾਨੇ ਪਰਿਵਾਰਕ ਮੈਂਬਰਾਂ ਨੂੰ ਸਪਾਂਸਰ ਕਰ ਸਕਣਗੇ, ਜਿਨ੍ਹਾਂ ਵਿਚ ਸਪਾਊਂਸ, ਪਾਰਟਨਰ ਜਾਂ ਨਿਰਭਰ ਬੱਚੇ ਸ਼ਾਮਲ ਹਨ। ਪਾਇਲਟ ਪ੍ਰੋਜੈਕਟ ਤਹਿਤ ਨਵੇਂ ਪਰਵਾਸੀ ਵੀ ਆਪਣੇ ਅਣਐਲਾਨੇ ਪਰਿਵਾਰਕ ਮੈਂਬਰਾਂ ਨੂੰ ਸਪਾਂਸਰ ਕਰਨਯੋਗ ਮੰਨੇ ਜਾਣਗੇ। ਫਿਰ ਵੀ ਕਿਸੇ ਕਿਸਮ ਦੀ ਧੋਖਾਧੜੀ ਜਾਂ ਗੁੰਮਰਾਹ ਕਰਨ ਵਾਲੀ ਜਾਣਕਾਰੀ ਨੂੰ ਰੋਕਣ ਦੇ ਮਕਸਦ ਨਾਲ ਇੰਮੀਗ੍ਰੇਸ਼ਨ ਵਿਭਾਗ ਵਲੋਂ ਯੋਗਤਾ ਸ਼ਰਤਾਂ ਲਾਗੂ ਕੀਤੀਆਂ ਗਈਆਂ ਹਨ, ਜਿਨ੍ਹਾਂ ਤਹਿਤ ਸਪਾਂਸਰਸ਼ਿੱਪ ਪ੍ਰਾਪਤ ਕਰਨ ਵਾਲੇ ਵਿਅਕਤੀ ਖਿਲਾਫ ਕੋਈ ਅਪਰਾਧਿਕ ਮਾਮਲਾ ਦਰਜ ਨਹੀਂ ਹੋਣਾ ਚਾਹੀਦਾ ਤੇ ਅਤੀਤ ਵਿਚ ਕੈਨੇਡਾ ਵਿਚ ਦਾਖਲ ਹੋਣ 'ਤੇ ਪਾਬੰਦੀ ਨਹੀਂ ਲੱਗੀ ਹੋਣੀ ਚਾਹੀਦੀ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਬ੍ਰਹਿਮੰਡ ਦੇ ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ

ਸਿਰਦਾਰ ਕਪੂਰ ਸਿੰਘ

ਉਂਜ ਸਿੱਖ ਧਰਮ ਵਿਚ ਕਿਸੇ ਭਾਸ਼ਾ ਨੂੰ ਵਡਿਆਇਆ ਜਾਂ ਛੁਟਿਆਇਆ ਨਹੀਂ ਗਿਆ। ਸਾਰੀਆਂ ਭਾਸ਼ਾਵਾਂ ਵਰਗੀਕਰਣ ਕਰਕੇ ਚੰਗੀਆਂ ਮੰਦੀਆਂ ਨਹੀਂ, ਸਗੋਂ ਉਹਨਾਂ ਵਿਚ ਪ੍ਰਗਟਾਏ ਗਏ ਵਿਚਾਰਾਂ ਕਾਰਨ ਪਵਿੱਤਰ ਜਾਂ ਅਪਵਿੱਤਰ ਹਨ। ਯਾਦ ਰਹੇ ਕਿ ਸਾਡੇ ਦੇਸ ਵਿਚ ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲਾਂ ਸਮਾਜ ਅੰਦਰ ਸੰਸਕ੍ਰਿਤ ਨੂੰ ਦੇਸ ਭਾਸ਼ਾ ਕਹਿ ਕੇ ਵਡਿਆਇਆ ਅਤੇ ਬਾਕੀ ਭਾਸ਼ਾਵਾਂ ਨੂੰ ਸ਼ੂਦਰ ਜਾਂ ਮਲੇਸ਼ ਭਾਖਾ ਕਹਿ ਕੇ ਨਿੰਦਿਆ ਜਾਂਦਾ ਸੀ। ਇਹ ਗੱਲ ਕਥਨੀ ਮਾਤਰ ਨਹੀਂ। ਇਸ ਦੇ ਪ੍ਰਮਾਣ ਲਈ ਮੈਂ ਇਕ ਬਿਦੇਸ਼ੀ ਯਾਤਰੀ ਅਲਬਰੂਨੀ ਦੀ ਕਿਤਾਬੁਲ-ਹਿੰਦ ਵਲ ਤੁਹਾਡਾ ਧਿਆਨ ਦੁਆਉਣਾ ਚਾਹੁੰਦਾ ਹਾਂ, ਜਿਸ ਨੇ ਗਿਆਰਵੀਂ ਸਦੀ ਵਿਚ ਭਾਰਤ ਦੇ ਸਾਰੇ ਹਾਲਾਤ ਦੇਖ ਕੇ ਗੂੜ੍ਹੇ ਅਧਿਐਨ ਤੋਂ ਬਾਅਦ ਇਥੋਂ ਦੇ ਹਿੰਦੂਆਂ ਦੇ ਦ੍ਰਿਸ਼ਟੀਕੋਣ ਨੂੰ ਬਿਆਨਦਿਆਂ ਇੰਜ ਲਿਖਿਆ ਹੈ ਕਿ-

"ਹਿੰਦੂ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਦੇਸ ਦੀਆਂ ਭੂਗੋਲਿਕ ਹੱਦਾਂ ਤੋਂ ਪਰੇ ਨਾ ਕੋਈ ਉਚ ਵਿਦਿਆ ਪੈਦਾ ਹੋ ਸਕਦੀ ਹੈ ਤੇ ਨਾ ਕੋਈ ਉਚੇ ਵਿਚਾਰਾਂ ਵਾਲੀ ਗੱਲ। ਜੋ ਕੁਝ ਵੀ ਹੈ ਉਹ ਸੰਸਕ੍ਰਿਤ ਵਿਚ ਹੀ ਭਰਿਆ ਪਿਆ ਹੈ। ਏਦੂੰ ਪਰ੍ਹੇ ਹੋਰ ਕੁਝ ਨਹੀਂ।" ਉਹਨਾਂ ਨੇ ਇਹ ਵਿਚਾਰ ਸਾਡਿਆਂ ਪੁਰਾਣਾਂ ਅਤੇ ਅਨੇਕਾਂ ਹਿੰਦੂ ਗ੍ਰੰਥਾਂ ਨੂੰ ਪੜ੍ਹਨ ਤੋਂ ਬਾਅਦ ਬਣਾਏ ਸਨ। ਗੁਰੂ ਨਾਨਕ ਸਾਹਿਬ ਜੀ ਦੀ ਪਹਿਲੀ ਦੇਣ ਜਾਂ ਵਡਿਆਈ ਇਸ ਵਿਚ ਹੈ ਕਿ ਉਹਨਾਂ ਨੇ ਸਾਡੀ ਪ੍ਰਾਚੀਨ ਪ੍ਰਣਾਲੀ ਦਾ ਵਹਿਮ ਭੰਨ ਕੇ ਉਚਤਮ ਵਿਚਾਰਾਂ ਦਾ ਮਾਧਿਅਮ ਇਥੋਂ ਦੀ ਲੋਕ ਭਾਸ਼ਾ ਪੰਜਾਬੀ ਨੂੰ ਬਣਾਇਆ।

ਗੁਰੂ ਨਾਨਕ ਸਾਹਿਬ ਨੇ ਇਸ ਨੂੰ ਨਵੀਂ ਰੌਸ਼ਨੀ ਬਖਸ਼ ਕੇ ਨਵੇਂ ਆਧੁਨਿਕ ਯੁੱਗ ਦਾ ਆਰੰਭ ਕੀਤਾ। ਵਰਤਮਾਨ ਯੁੱਗ ਦੀਆਂ ਸਾਰੀਆਂ ਸੋਚ ਪ੍ਰਣਾਲੀਆਂ ਜਿੱਥੇ ਕਿਤੇ ਵੀ ਹੋਣ, ਮੈਂ ਡੂੰਘੇ ਅਧਿਐਨ ਤੋਂ ਬਾਅਦ ਇਸ ਸਿੱਟੇ 'ਤੇ ਪੁੱਜਾ ਹਾਂ ਕਿ ਜੇ ਤੁਸੀਂ ਉਹਨਾਂ ਦੀਆਂ ਖੋਲ੍ਹ ਖੋਲ੍ਹ ਕੇ ਅਤੇ ਫਰੋਲ ਫਰੋਲ ਕੇ ਜੜ੍ਹਾਂ ਲੱਭੋ ਤਾਂ ਉਹ ਗੁਰੂ ਨਾਨਕ ਸਾਹਿਬ ਦੇ ਵਿਚਾਰਾਂ ਵਿਚੋਂ ਹੀ ਨਿਕਲਦੀਆਂ ਮਿਲਣਗੀਆਂ। ਇਹ ਇਕ ਲੰਬਾ ਵਿਸ਼ਾ ਹੈ। ਜੇ ਕੋਈ ਡੂੰਘੇ ਧਿਆਨ ਨਾਲ ਇਸ ਦਾ ਮੁਤਾਲਿਆ ਕਰੇ ਤਾਂ ਦੁਨੀਆਂ ਵਿਚ ਜਿਤਨੇ ਪਰਿਵਰਤਨ ਹੋਏ, ਉਹਨਾਂ ਦੇ ਅਸਲੀ ਕਾਰਨ ਕੀ ਸਨ ਤੇ ਜਿਹਨਾਂ ਵਿਚਾਰਧਾਰਾਵਾਂ ਨੇ ਸਮਾਜ ਨੂੰ ਨਵੀਂ ਕਿਸਮ ਦੀ ਵਿਧੀ ਤੇ ਪ੍ਰਣਾਲੀ ਦਿੱਤੀ, ਜਿਵੇਂ ਮਾਰਕਿਸਟ ਤੇ ਲੈਨਿਨਿਸਟ ਵਿਚਾਰਧਾਰਾ ਨੇ ਰੂਸ ਵਿਚ ਖਾਸ ਕਿਸਮ ਦਾ ਸਮਾਜ ਤੇ ਸਾਮਰਾਜ ਬਣਾ ਲਿਆ ਤਾਂ ਇਸ ਦੇ ਪਿਛੋਕੜ ਵਿਚ ਗੁਰੂ ਸਾਹਿਬਾਂ ਦੇ ਵਿਚਾਰਾਂ ਦੇ ਬੀਜ ਹੀ ਮਿਲਣਗੇ।

**ਇਤਿਹਾਸ 'ਚ ਗੁਰੂ ਨਾਨਕ-**

ਪਿਛਲੀਆਂ 5 ਸਦੀਆਂ ਵਿਚ, ਪਹਿਲੇ ਪੰਜਾਬ ਵਿਚ ਜੋ ਪਿਸ਼ੌਰ ਤੋਂ ਜਮੁਨਾ ਤੱਕ ਸੀ, ਜਿੰਨੇ ਵੀ ਸਿੱਖ ਵੱਸਦੇ ਸਨ, ਉਹ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਦੇ ਧਾਰਨੀ ਮੰਨੇ ਜਾਂਦੇ ਸਨ। ਇਸ ਪੰਜਾਬ ਵਿਚ ਇੰਨ੍ਹਾਂ ਗੁਰੂ ਕੇ ਸਿੱਖਾਂ ਦੇ ਯਤਨਾਂ ਅਤੇ ਘਾਲਣਾ ਦਾ ਪ੍ਰਤੀਬਿੰਬ ਬਾਹਰਲੀ ਦੁਨੀਆਂ ਉੱਤੇ ਪਿਆ, ਮੇਰੇ ਵਿਚਾਰ ਵਿਚ ਬਹੁਤ ਮਹਾਨ ਹੈ। ਉਹਨਾਂ ਧਰਮ-ਸੰਸਥਾਪਕਾਂ ਦੇ ਸਿਰਜੇ ਹੋਏ ਸਾਮਰਾਜਾਂ ਦੇ ਟਾਕਰੇ ਉੱਤੇ ਜਿਹਨਾਂ ਨੂੰ ਅਸੀਂ ਆਮ ਤੌਰ 'ਤੇ ਬੜੀਆਂ ਰਸ਼ਕ ਭਰੀਆਂ ਨਿਗਾਹਾਂ ਨਾਲ ਵੇਖਦੇ ਹਾਂ ਕਿ ਫਲਾਣੀਆਂ ਕੌਮਾਂ ਨੇ ਸਾਲ ਵਿਚ ਏਨੇ ਇਲਾਕੇ ਜਿੱਤ ਲਏ, ਧਿਮਕਾ ਨੇ ਏਡਾ ਵੱਡਾ ਸਾਮਰਾਜ ਫਤਹਿ ਕਰ ਲਿਆ, ਉਨ੍ਹਾਂ ਸਾਮਰਾਜਾਂ ਦੇ ਟਾਕਰੇ ਗੁਰੂ ਨਾਨਕ ਜੀ ਦੇ ਯੁੱਗ ਪਲਟਾਊ ਵਿਚਾਰਾਂ ਨੂੰ ਇਤਿਹਾਸ ਵਿਚ ਲਾਸਾਨੀ ਥਾਂ ਪ੍ਰਾਪਤ ਹੈ।

**ਗੁਰੂ ਨਾਨਕ ਭਗਤ ਨਹੀਂ, ਗੁਰੂ ਨੇ-**

ਗੁਰੂ ਨਾਨਕ ਜੀ ਬਾਰੇ ਤੁਸੀਂ ਸੁਣਿਆ ਹੀ ਹੈ ਕਿ ਕੁਝ ਲੋਕ ਉਹਨਾਂ ਨੂੰ ਭਗਤ ਕਹਿੰਦੇ ਹਨ ਪਰ ਗੁਰੂ ਨਾਨਕ ਸਾਹਿਬ ਭਗਤ ਨਹੀਂ ਸਨ। ਭਗਤ ਸ਼ਬਦ ਦੇ ਸ਼ਾਬਦਿਕ ਅਰਥ ਜੋ ਆਮ ਤੌਰ 'ਤੇ ਵਰਤੀਂਦੇ ਹਨ ਉਹ ਗੁਰੂ ਨਾਨਕ ਜੀ ਦੇ ਵਿਅਕਤੀਗਤ ਦੀ ਢੁੱਕਵੀਂ ਸੰਗਿਆ ਨਹੀਂ। ਹਾਂ, ਜੋ ਤੁਸੀਂ ਜਿਵੇਂ ਜਨਮ ਸਾਖੀ ਵਿਚ ਲਿਖਿਆ ਹੋਇਆ ਹੈ-

"ਗੁਰੂ ਨਾਨਕ ਪਾਰਬ੍ਰਹਮ ਕਾ ਨਿੱਜ ਭਗਤ ਕਾ' ਇਹਨਾਂ ਅਰਥਾਂ ਵਿਚ ਲਵੋ ਤਾਂ ਇਹ ਸੰਗਿਆ ਗਲਤ ਨਹੀਂ। ਪਰੰਤੂ, ਸਾਡੇ ਦੇਸ਼ ਦੀ ਦਾਰਸ਼ਨਿਕ ਭਾਸ਼ਾ ਨੇ ਜੋ ਭਗਤ ਦੇ ਅਰਥ ਨਿਰਧਾਰਤ ਕੀਤੇ ਹਨ ਉਹ ਹੋਰ ਹਨ। ਮੱਧਕਾਲੀਨ ਸਮੇਂ ਵਿਚ ਭਗਤੀ ਲਹਿਰ ਚੱਲੀ, ਉਸ ਦੇ ਤਿੰਨ ਮੋਟੇ ਮੋਟੇ ਸਿਧਾਂਤ ਹਨ। ਬੁੱਧੀਵਾਨ ਲੋਕਾਂ ਨੇ ਜੋ ਵਿਸ਼ਲੇਸ਼ਨ ਕੀਤਾ ਹੈ ਉਸ ਮੁਤਾਬਕ ਭਗਤੀ ਮਤ ਵਾਲਿਆਂ ਤਿੰਨ ਦੇਵਤੇ ਮੰਨੇ ਹਨ-ਬ੍ਰਹਮਾ, ਵਿਸ਼ਨੂੰ, ਸ਼ਿਵ। ਬ੍ਰਹਮਾ ਸੰਸਾਰ ਦੀ ਉਤਪਤੀ, ਵਿਸ਼ਨੂੰ ਸੰਭਾਲ ਅਤੇ ਸ਼ਿਵ ਸੰਘਾਰ ਕਰਦਾ ਹੈ। ਇਹ ਤ੍ਰੈ-ਮੂਰਤੀ ਤਿੰਨ ਅੰਗ ਹਨ, ਭਗਤੀ ਮੱਤ ਦੇ। ਇਹਨਾਂ ਤਿੰਨਾਂ ਵਿਚ ਵਿਸ਼ਨੂੰ ਜੋ ਸੰਸਾਰ ਦੇ ਪਾਲਕ ਕਹੇ ਜਾਂਦੇ ਹਨ, ਉਹਨਾਂ ਦਾ ਇਕ ਕੰਮ ਹੋਰ ਵੀ ਮੰਨਿਆ ਹੈ ਕਿ ਉਹ ਜਦੋਂ ਜਦੋਂ ਧਰਮ ਦੀ ਗਿਲਾਨੀ ਦੂਰ ਕਰਨ ਤੇ ਧਰਮ ਦੇ ਪ੍ਰਚਾਰ ਲਈ ਦੁਨੀਆਂ 'ਤੇ ਆਉਂਦੇ ਹਨ। ਜਿਵੇਂ ਗੀਤਾ ਦਾ ਪ੍ਰਸਿੱਧ ਸਲੋਕ ਇਸ ਸਿਧਾਂਤ ਨੂੰ ਪ੍ਰਗਟਾਉਂਦਾ ਹੈ-

'ਯਦਾ ਯਦਾ ਹੀ ਧਰਮੱਸਯ ਗਿਲਾਨਿ: ਭਵਤਿ ਭਾਰਤ। ਅਭਯੁਤ ਤਥਾਂਨਮ ਧਰਮੱਸਯ ਤਦਾਤਮਾਨ ਸ੍ਰਜਾਮਿਯਹਮ'॥ ਗੀਤਾ ਅਧਿ. 4 ਕ੍ਰਿਸ਼ਨ ਜੀ ਮਹਾਰਾਜ ਦੇ ਮੂੰਹੋਂ ਗੀਤਾ ਵਿਚ ਇਹ ਕਹਾਇਆ ਕਿ ਜਦੋਂ ਜਦੋਂ ਧਰਮ ਦੀ ਗਿਲਾਨੀ ਹੁੰਦੀ ਹੈ, ਮੈਂ ਅਵਤਾਰ ਧਾਰਦਾ ਹਾਂ। ਇਉਂ ਵਿਸ਼ਨੂੰ ਜੀ ਮਹਾਰਾਜ ਦੇ ਅਵਤਾਰ ਤੇ ਉਪ ਅਵਤਾਰ 24 ਮੰਨੇ ਜਾਂਦੇ ਹਨ। ਇਨ੍ਹਾਂ ਅਵਤਾਰਾਂ ਵਿਚ ਕਈ ਇਹੋ ਜਿਹੇ ਵੀ ਹਨ, ਜਿਹਨਾਂ ਦਾ ਅੱਧਾ ਧੜ ਮਨੁੱਖ ਦਾ ਅਤੇ ਅੱਧਾ ਸ਼ੇਰ ਦਾ ਦੱਸਿਆ ਜਾਂਦਾ ਹੈ ਅਤੇ ਮੱਛ, ਕੱਛ, ਵਰਾਹ ਆਦਿ ਕਈ ਅਣ-ਮਨੁੱਖੀ ਰੂਪਾਂ ਦੇ ਵੀ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਸ੍ਰੀ ਰਾਮ ਚੰਦਰ ਅਤੇ ਕ੍ਰਿਸ਼ਨ ਭਗਵਾਨ ਕਲਕੀ ਭਗਵਾਨ ਦੇ ਰੂਪ ਵਿਚ ਹਾਲੀ ਇਕ ਅਵਤਾਰ ਹੋਰ ਧਾਰਨਗੇ। ਅਵਤਾਰਵਾਦ ਭਗਤੀ ਲਹਿਰ ਦਾ ਮੁੱਢਲਾ ਸਿਧਾਂਤ ਹੈ।

ਦੂਜਾ ਸਿਧਾਂਤ ਭਗਤੀ ਲਹਿਰ ਦਾ ਇਹ ਹੈ ਕਿ ਮਨੁੱਖ ਦਾ ਕਲਿਆਣ। ਕੇਵਲ ਜਿਤਨੇ ਵਿਸ਼ਨੂੰ ਨੇ ਅਵਤਾਰ ਧਾਰੇ ਹਨ ਉਹਨਾਂ ਵਿਚੋਂ ਕਿਸੇ ਇਕ ਦੀ ਪ੍ਰੇਮਾ ਭਗਤੀ ਦੁਆਰਾ ਹੀ ਹੋ ਸਕਦਾ ਹੈ। ਜੇ ਇਹ ਦੋਵੇਂ ਸਿਧਾਂਤ ਤੁਸੀਂ ਮੰਨੋ ਤਾਂ ਤੁਸੀਂ ਭਗਤ ਕਹਾ ਸਕਦੇ ਹੋ। ਜੇ ਭਗਤ ਦੇ ਅਰਥ ਖੁੱਲ੍ਹਮ ਖੁੱਲ੍ਹੇ ਲੈਣੇ ਹੋਣ ਜਿਵੇਂ ਕਈ ਵਾਰ ਅਸੀਂ ਸਿੱਖ ਲੈਂਦੇ ਹਾਂ, ਜਿਹੜਾ ਵੀ ਕੋਈ ਕਿਸੇ ਕੋਲੋਂ ਕੋਈ ਚੀਜ਼ ਸਿੱਖੇ, ਉਹ ਹੀ ਸਿੱਖ ਕਿਹਾ ਜਾਂਦਾ ਹੈ।

ਸਿੱਖ ਕੇਵਲ ਉਹ ਹੀ ਹੋ ਸਕਦਾ ਹੈ ਜੋ ਸਿੱਖ ਧਰਮ ਨੂੰ ਮੰਨਦਾ ਤੇ ਕਿਸੇ ਹੋਰ ਧਰਮ ਦੀ ਅਕਾਂਖਿਆ ਨਾ ਰੱਖਦਾ ਹੋਵੇ, ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਮੁਤਾਬਿਕ ਆਪਣਾ ਜੀਵਨ ਬਤੀਤ ਕਰਦਾ ਹੋਵੇ, ਸਿੱਖ ਦੇ ਅਸਲੀ ਅਰਥ ਇਹ ਹਨ। ਪਰ ਜੇ ਡਿਕਸ਼ਨਰੀ ਦੇ ਅਰਥ ਲਏ ਜਾਣ ਤਾਂ ਹਰ ਇਕ ਹਰ ਚੀਜ਼ ਦਾ ਸਿਖਾਂਦਰੂ ਹੀ ਸਿੱਖ ਬਣ ਜਾਂਦਾ ਹੈ। ਜਿਸ ਕੋਲੋਂ ਕੋਈ ਗੱਲ ਸਿੱਖੀ ਉਹ ਉਸ ਦਾ ਸਿੱਖ। ਇਉਂ ਤਾਂ ਤੋਤੇ ਵੀ ਸਿੱਖ ਕਹੇ ਜਾ ਸਕਦੇ ਹਨ। ਇਸ ਤਰ੍ਹਾਂ ਭਗਤ ਦੇ ਅਰਥ ਵੀ ਦੋਨੋਂ ਤਰ੍ਹਾਂ ਦੇ ਹਨ। ਇਕ ਭਗਤੀ ਮੱਤ ਦਾ ਧਾਰਨੀ ਅਵਤਾਰਵਾਦ ਵਿਚ ਯਕੀਨ ਰੱਖਣ ਵਾਲਾ ਜਿਵੇਂ ਰਾਮਾਨੁਜ ਜੋ ਹੋਏ ਹਨ ਤੇ ਦੂਜਾ ਜਨਮ ਸਾਖੀ ਵਿਚ ਦੱਸੀ ਗਈ- 'ਅਕਾਲ ਪੁਰਖ ਦਾ ਨਿਜ ਭਗਤ' ਵਾਲੀ ਭਗਤੀ ਦਾ ਧਾਰਨੀ। ਗੁਰੂ ਨਾਨਕ ਸਾਹਿਬ ਅਵਤਾਰਵਾਦ ਨੂੰ ਨਹੀਂ ਮੰਨਦੇ ਸੀ, ਉਹਨਾਂ ਦਾ ਕਥਨ ਹੈ-

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥
ਅਵੁਰ ਦੂਜਾ ਕਿਉਂ ਸੇਵੀਐ ਜੰਮੈ ਤੇ ਮਰਿ ਜਾਇ॥

(ਵਲਾਇਤ ਵਾਲੀ ਜਨਮ ਸਾਖੀ) (ਜਿਹਨਾਂ ਦੇ ਅਵਤਾਰਵਾਦ ਬਾਰੇ ਇਸ ਭਾਂਤ ਦੇ ਵਿਚਾਰ ਹੋਣ-

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥

(ਗੁਰੂ ਗ੍ਰੰਥ ਸਾਹਿਬ, ਅੰਗ 1336)

ਉਹ ਭਗਤ ਕਿਵੇਂ ਕਹੇ ਜਾ ਸਕਦੇ ਹਨ। ਭਗਤਾਂ ਦੇ ਨੌ ਰੂਪ ਹਨ। ਉਹਨਾਂ ਵਿਚੋਂ ਮੂਲ ਗੁਣ ਪ੍ਰੇਮਾ ਭਗਤੀ ਹੈ, ਜਿਸ ਤੋਂ ਬਿਨਾਂ ਕਲਿਆਣ ਨਹੀਂ ਹੋ ਸਕਦਾ। ਇਸ ਪ੍ਰੇਮੀ ਭਗਤੀ ਦੇ ਸਿਧਾਂਤ ਨੂੰ ਗੁਰੂ ਸਾਹਿਬਾਨ ਨੇ ਹੀ ਮੰਨਿਆ ਹੈ।

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

(ਗੁਰੂ ਗ੍ਰੰਥ ਸਾਹਿਬ, ਅੰਗ 853)

ਮੌਲਿਕ ਧਰਮ ਦੇ ਸੰਚਾਲਕ-



ਸਿੱਖੀ ਸਿਧਾਂਤ ਅਨੁਸਾਰ ਉਭਰਨ ਦੇ ਕਈ ਰਸਤੇ ਹੋ ਸਕਦੇ ਹਨ। ਮਨ ਸ਼ੁੱਧ ਹੋਣਾ ਚਾਹੀਦਾ ਹੈ ਤੇ ਵਾਹਿਗੁਰੂ ਨੂੰ ਮਿਲਣ ਦੀ ਭਾਵਨਾ ਤੁਹਾਡੇ ਅੰਦਰ ਪ੍ਰਬਲ ਹੋਣੀ ਚਾਹੀਦੀ ਹੈ ਤਾਂ ਤੁਹਾਨੂੰ ਸ਼ੁਭ ਕਰਮਾਂ ਦੁਆਰਾ ਗੁਰੂ ਪ੍ਰਾਪਤੀ ਹੁੰਦੀ ਹੈ ਤੇ ਗੁਰੂ ਦੀ ਕ੍ਰਿਪਾ ਨਾਲ ਤੁਹਾਡਾ ਕਲਿਆਣ ਹੁੰਦਾ ਹੈ। ਸੰਖੇਪ ਵਿਚ ਸਿੱਖ ਭਗਤੀ ਭਾਵਨਾਂ ਦਾ ਇਹ ਸਾਰ ਅੰਸ਼ ਹੈ ਜੋ ਉਪਰ ਦੱਸੀ ਅਵਤਾਰਵਾਦੀ ਭਗਤੀ ਦੇ ਮਾਰਗ ਨਾਲੋਂ ਬਿਲਕੁਲ ਵਿਲੱਖਣ ਹੈ।

ਅੱਜ ਕੱਲ ਹਿੰਦੀ ਸਾਹਿਤ ਰਾਹੀਂ ਗੁਰੂ ਨਾਨਕ ਸਾਹਿਬ ਬਾਰੇ ਕਈ ਤਰ੍ਹਾਂ ਦੀਆਂ ਅਜੀਬੋ ਗਰੀਬ ਗੱਲਾਂ ਸਾਡੇ ਵਿਚਾਰਾਂ ਤੇ ਸ਼ਬਦਾਵਲੀ ਵਿਚ ਦਾਖਲ ਹੋ ਰਹੀਆਂ ਹਨ। ਕਈ ਕਿਤਾਬਾਂ ਤੇ ਲੇਖਾਂ ਦੇ ਹੈਡਿੰਗ ਹੀ ਇਸ ਭਾਂਤ ਦੇ ਹੁੰਦੇ ਹਨ ਕਿ ਇਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਜੀ ਨੂੰ ਸੰਤ ਜਾਂ ਕਵੀ ਦਰਸਾਇਆ ਗਿਆ ਹੁੰਦਾ ਹੈ। ਅਜਿਹੇ ਕੱਚੀ ਬੁੱਧੀ ਤੇ ਗੁਰੂ ਨਾਨਕ ਸਾਹਿਬ ਦੀ ਪਦ-ਪਦਵੀ ਨਾ ਸਮਝਣ ਵਾਲਿਆਂ ਨਾਲ ਕੌਣ ਮੱਥਾ ਬਾਰੇ ਕਿ ਗੁਰੂ ਨਾਨਕ ਸਾਹਿਬ ਨਾ ਸੰਤ ਤੇ ਨਾ ਹੀ ਸੰਤ ਕਵੀ ਬਣਦੇ ਹਨ। ਸੰਤ ਦਾ ਪਦ ਅਰਥ ਹੈ, ਜਿਸ ਨੇ ਆਪਣੀਆਂ ਮਨੋਕਾਮਨਾਵਾਂ ਨੂੰ ਇਤਨਾ ਸੋਧ ਲਿਆ ਹੋਵੇ ਕਿ ਉਹ ਮੁਕੰਮਲ ਇਨਸਾਨ ਕਿਹਾ ਜਾ ਸਕੇ। ਸੰਤ ਸ਼ਬਦ ਦੇ ਅਰਥ ਦੋ ਪ੍ਰਕਾਰ ਦੇ ਹਨ। ਇਕ ਗੁਰਬਾਣੀ ਵਿਚ ਜਿੱਥੇ ਸੰਤ ਪਦ ਆਇਆ ਹੈ ਉਹ ਗੁਰੂ ਜਾਂ ਪਾਰਬ੍ਰਹਮ ਲਈ ਹੈ। ਦੂਜਾ ਆਮ ਅਰਥਾਂ ਵਾਲਾ ਸੰਤ ਪਦ ਹੈ, ਜਿਸ ਨੂੰ ਸਾਹਮਣੇ ਰੱਖ ਕੇ ਗੁਰੂ ਨਾਨਕ ਸਾਹਿਬ ਨੂੰ ਸੰਤ ਜਾਂ ਸੰਤ ਕਵੀ ਦੇ ਪਦ 'ਤੇ ਧਿੰਗੋਜੋਰੀ ਖਿੱਚ ਕੇ ਬਿਠਾਇਆ ਜਾ ਰਿਹਾ ਹੈ।

ਪ੍ਰਚਲਤ ਅਰਥਾਂ ਵਿਚ ਸੰਤ ਉਹ ਹੁੰਦਾ ਹੈ ਜਿਹੜਾ ਆਪਣੇ ਤੋਂ ਉਚੇ ਕਿਸੇ ਹੋਰ ਸੋਮੇ ਤੋਂ ਪ੍ਰਸਾਰਿਤ ਹੋਏ ਧਰਮ ਦਾ ਧਾਰਨੀ ਜਾਂ ਪ੍ਰਚਾਰਕ ਹੋਵੇ। ਜਿਸ ਨੂੰ ਲੋਕ ਕਹਿਣ ਕਿ ਭਾਈ ਇਹ ਵਿਅਕਤੀ ਧਰਮ ਧਾਰਨਾ ਉੱਤੇ ਇੰਨੀ ਸ਼ਰਧਾ ਨਾਲ ਚੱਲਿਆ ਤੇ ਇਸਦੀ ਧਰਮ ਦੀ ਕਮਾਈ ਐਸੀ ਹੈ, ਜੋ ਕਹਿੰਦਾ ਸੀ ਕਰ ਦਿਖਾਈ ਹੈ ਜਾਂ ਜਿਵੇਂ ਵੇਦਾਂ ਵਿਚ ਧਰਮ ਦੱਸਿਆ ਹੈ ਜਾਂ ਗੀਤਾ ਵਿਚ ਧਰਮ ਵਰਨਣ ਹੋਇਆ ਹੈ, ਰਾਮ ਚਰਿਤ ਮਾਨਸ ਨੇ ਜੋ ਧਰਮ ਦੇ ਲੱਛਣ ਦਰਸਾਏ ਹਨ ਉਨ੍ਹਾਂ ਨੂੰ ਐਸੇ ਤਰੀਕੇ ਨਾਲ ਧਾਰਨ ਕੀਤਾ ਹੈ ਕਿ ਉਚਤਮ ਤੇ ਸ਼ੁੱਧ ਪਦਵੀ ਤੇ ਜਾ ਪੁੱਜਾ ਹੈ, ਇਸ ਲਈ ਇਸ ਨੂੰ ਤਾਂ ਸੰਤ ਕਹਿਣਾ ਚਾਹੀਦਾ ਹੈ। ਇਸ ਕਿਸਮ ਦੇ ਸੰਤ-ਪਦ ਦੇ ਅਰਥ ਮਹਾਂਭਾਰਤ ਤੇ ਗੀਤਾ ਵਿਚ ਵੀ ਮਿਲਦੇ ਹਨ। ਇਹਨਾਂ ਅਰਥਾਂ ਵਿਚ ਗੁਰੂ ਨਾਨਕ ਸੰਤ ਨਹੀਂ ਸਨ, ਕਿਉਂਕਿ ਉਨ੍ਹਾਂ ਸਾਹਮਣੇ ਕੋਈ ਐਸਾ ਵਿਅਕਤੀ ਨਹੀਂ ਸੀ, ਜਿਸ ਦੇ ਧਰਮ ਦੇ ਉਹ ਪੈਰੋਕਾਰ ਜਾਂ ਗੁਣਾਂ ਦੇ ਧਾਰਨੀ ਬਣ ਕੇ ਉਸ ਦਾ ਪ੍ਰਚਾਰ ਕਰਦੇ ਤੇ ਉਸ ਮੁਤਾਬਕ ਆਪਣਾ ਜੀਵਨ ਢਾਲਦੇ। ਉਹਨਾਂ ਦਾ ਕਥਨ ਹੈ-

ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ॥

(ਗੁਰੂ ਗ੍ਰੰਥ ਸਾਹਿਬ, ਅੰਗ 599)

ਮੈਨੂੰ ਅਜਿਹਾ ਹੋਰ ਕੋਈ ਉਸ ਪਰਮੇਸਰ ਦੀ ਈਸ਼ਵਰੀ ਸੱਤਾ ਬਿਨਾਂ ਨਹੀਂ ਦਿਸਦਾ ਜੋ ਆਪਣੇ ਉਚ ਪਦ ਦਾ ਦੁਸ਼ਾਲਾ ਵਿਛਾ ਕੇ ਬੈਠਾ ਹੋਵੇ। ਮੇਰੇ ਲਈ ਤਾਂ ਉਸ ਧਰਮ ਈਸ਼ਵਰ ਦੇ ਉਪਦੇਸ਼ ਦੀ ਗ੍ਰਹਿਣ ਕਰਨ ਯੋਗ ਹਨ। ਹੁਣ ਗੁਰੂ ਨਾਨਕ ਜੀ ਨੂੰ ਤੁਸੀਂ ਸੰਤ ਕਿਵੇਂ ਕਹੋਗੇ, ਜਿਹੜੇ ਕਿ ਆਪਣੇ ਅਨੁਭਵੀ ਮੌਲਿਕ ਧਰਮ ਦੇ ਸੰਚਾਲਕ ਸਨ।

ਕਈ ਅੰਗਰੇਜ਼ੀ ਦੇ ਲੇਖਕ ਲਿਖਦੇ ਹਨ ਕਿ ਉਹ 'ਰਿਫਾਰਮਰ' ਸਨ। ਜਦੋਂ ਇਥੇ ਅੰਗਰੇਜ਼ ਲੋਕ ਆਏ ਤਾਂ ਲੋਕਾਂ ਨੇ ਨਵੀਂ ਨਵੀਂ ਅੰਗਰੇਜ਼ੀ ਸਿੱਖੀ ਤਾਂ ਅੰਗਰੇਜ਼ਾਂ ਨੂੰ ਗੁਰੂ ਨਾਨਕ ਬਾਰੇ ਜੋ ਕੁਝ ਸਮਝ ਆਈ, ਉਹ ਉਹਨਾਂ ਨੇ ਯੂਰਪ ਵਿਚ ਹੋਏ ਲੂਥਰ ਨਾਲ ਮੇਲ ਕਰਕੇ ਉਹਨਾਂ ਨੂੰ ਸੁਧਾਰਕ ਕਹਿਣ ਦੀ ਨਵੀਂ ਗੱਲ ਚਲਾ ਦਿੱਤੀ।

ਇਹ ਠੀਕ ਹੈ ਕਿ ਲੂਥਰ ਗੁਰੂ ਨਾਨਕ ਸਾਹਿਬ ਜੀ ਦਾ ਸਮਕਾਲੀ ਸੀ, ਪਰ ਕਿਸੇ ਦੇ ਸਮਕਾਲੀ ਹੋਣ ਦਾ ਅਰਥ ਇਹ ਨਹੀਂ ਹੋ ਜਾਂਦਾ ਕਿ ਉਹ ਇਕੋ ਜਿਹੇ ਵਿਚਾਰਾਂ ਦੇ ਧਾਰਨੀ ਸਨ। ਬੜੀ ਸੌਖੀ ਜਿਹੀ ਗਲ ਲੱਭ ਪਈ, ਲੂਥਰ ਸੁਧਾਰਕ ਸੀ ਤੇ ਗੁਰੂ ਨਾਨਕ ਸਾਹਿਬ ਵੀ ਸੁਧਾਰਕ ਸਨ। ਸੁਧਾਰਕ ਦਾ ਅਰਥ ਹੈ ਕਿਸੇ ਧਰਮ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਵਾਲਾ, ਜੋ ਇਹ ਕਹੇ ਕਿ ਭਾਈ ਦੇਖੋ, ਜੋ ਤੁਸੀਂ ਕਰ ਰਹੇ ਹੋ ਇਹ ਫਲਾਣੇ ਧਰਮ ਸ਼ਾਸਤਰ ਅਨੁਸਾਰ ਨਹੀਂ, ਇਹ ਤੁਸੀਂ ਗਲਤ ਅਰਥ ਕਰ ਰਹੇ ਹੋ ਤੇ ਗਲਤ ਅਮਲ ਸ਼ੁਰੂ ਕਰ ਦਿੱਤੇ ਹਨ। ਮੈਂ ਇਹ ਗਲਤ ਫਹਿਮੀਆਂ ਦੂਰ ਕਰਦਾ ਹਾਂ। ਇਹ ਹੈ ਸੁਧਾਰਕ ਦਾ ਕਰਮ। ਗੁਰੂ ਨਾਨਕ ਉਤੇ ਸੁਧਾਰਕ ਹੋਣ ਦੀ ਕੋਈ ਗੱਲ ਢੁੱਕਦੀ ਨਹੀਂ।

**ਕੱਚੀਆਂ ਗੱਲਾਂ ਕਰਨ ਵਾਲੇ ਲੇਖਕ-**

ਅੱਜ ਕੱਲ੍ਹ ਬਹੁਤ ਸਾਰੇ ਲੋਕ ਪੀਐਚਡੀ. ਦੀ ਡਿਗਰੀ ਲੈਣ ਲਈ ਬੜੀਆਂ ਨਵੀਆਂ ਤੋਂ ਨਵੀਆਂ ਗੱਲਾਂ, ਜਿਹਨਾਂ ਵਿਚ ਕੁਝ ਸਾਰ ਅੰਸ਼ ਹੁੰਦਾ ਨਹੀਂ, ਘੜਦੇ ਜਾ ਰਹੇ ਹਨ। ਸਭ ਦਾ ਤਾਣ ਤੇ ਤੋੜਾ ਇਥੇ ਆ ਕੇ ਮੁੱਕਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਕਵੀ ਸਨ। ਗੁਰੂ ਨਾਨਕ ਸਾਹਿਬ ਜੀ ਦੀ ਕਵਿਤਾ ਵਿਚ ਇਉਂ ਕਿਹਾ ਤੇ ਕਈ ਕਿਤਾਬਾਂ ਦੇ ਹੈਡਿੰਗ ਹਨ- 'ਗੁਰੂ ਨਾਨਕ ਦਾ ਸਾਹਿਤਕ ਸੋਹਜ' 'ਗੁਰੂ ਨਾਨਕ ਕੀ ਕਾਵਿ ਬਿੰਬਾਵਲੀ'। ਜੇ ਉਹਨਾਂ ਨੂੰ ਕਿਹਾ ਜਾਏ ਕਿ ਗੁਰੂ ਨਾਨਕ ਜੀ ਨੇ ਤੁਹਾਡਾ ਕੀ ਵਿਗਾੜਿਆ ਹੈ ਤਾਂ ਉਹ ਕਹਿੰਦੇ ਹਨ, 'ਲਉ ਜੀ! ਗੁਰੂ ਨਾਨਕ ਜੀ ਕਵੀ ਨਹੀਂ ਸਨ ਤਾਂ ਹੋਰ ਕੀ ਸਨ?' ਉਹਨਾਂ ਨੇ ਆਪਣੇ ਆਪ ਨੂੰ ਜੋ 'ਸ਼ਾਇਰ' ਕਿਹਾ ਹੈ। ਕੱਚੀਆਂ ਤੇ ਫਜ਼ੂਲ ਗੱਲਾਂ ਕਰਨੀਆਂ ਸਾਡੇ ਪੰਜਾਬੀ ਸਾਹਿਤ ਦੇ ਵਿਦਵਾਨਾਂ ਵਿਚ ਇਕ ਆਮ ਘਾਟ ਪਾਈ ਜਾਂਦੀ ਹੈ। ਕਿਤਾਬਾਂ ਦੀਆਂ ਕਿਤਾਬਾਂ, ਲੇਖਾਂ ਦੇ ਲੇਖ ਲਿਖੀ ਜਾਣੇ ਤੇ ਗੱਲ ਗੱਲ ਵਿਚ ਕੁਝ ਵੀ ਨਾਂ ਹੋਣੀ, ਇਹ ਕੋਈ ਸਾਹਿਤਕ ਖੋਜ ਜਾਂ ਚਿੰਤਨ ਨਹੀਂ।

ਕਵੀ ਦੇ ਅਰਥ ਹਨ, ਜਿਸ ਆਦਮੀ ਦੀ ਜਿਹੜੀ ਸਮੱਸਿਆ ਹੈ, ਉਹ ਯਥਾਰਥ ਵਿਚ ਕਹਿਣ ਦੀ ਥਾਂ ਇਸ਼ਾਰਿਆਂ ਨਾਲ ਰਹੱਸ ਸਮਝਾਏ। ਕਵਿਤਾ ਕੀ ਹੈ? ਕਵਿਤਾ ਬੱਸ ਇੰਨੀ ਕੁ ਹੀ ਗੱਲ ਹੈ, ਕਹਿਣ ਵਾਲੀ ਗੱਲ ਕਹਿ ਦਿੱਤੀ ਕਿਸੇ ਇਸਾਰੇ ਨਾਲ, ਐਸੇ ਤਰੀਕੇ ਨਾਲ ਕਿ ਕਹਿਣ ਵਾਲਾ ਹੀ ਖੁਸ਼ ਤੇ ਦੂਜਾ ਵੀ ਖੁਸ਼ ਹੋਵੇ। ਗਾਲਬ ਦਾ ਕਹਿਣਾ ਹੈ -

ਦੇਖੀਏ ਤਕਰੀਰ ਕੀ ਲੱਜ਼ਤ ਕਿ ਉਸ ਨੇ ਕਹਾ ਔਰ ਮੈਨੇ ਜਾਨਾ ਕਿ ਗੋਇਆ ਯਿਹ ਭੀ ਮੇਰੇ ਦਿਲ ਮੇ ਹੈ। ਬੱਸ ਇਹੋ ਬਿੰਬ ਹੈ ਤੇ ਇਹੋ ਸ਼ਾਇਰੀ ਤੇ ਕਵਿਤਾ ਦਾ ਭੇਦ ਹੈ। ਕਹਿਣ ਵਾਲਾ ਵਿਅੰਗ ਜਾਂ ਢੰਗ ਨਾਲ ਕਹਿ ਦਿੰਦਾ ਹੈ, ਪਰ ਜਿਸ ਨੂੰ 'ਧੁਰ ਕੀ ਬਾਣੀ ਆਈ' ਉਸ ਦੀ ਬਾਣੀ ਨੂੰ ਕਵਿਤਾ ਨਹੀਂ ਕਿਹਾ ਜਾ ਸਕਦਾ, ਨਾ ਹੀ ਉਸ ਦੀ ਕਵਿਤਾ ਵਾਂਗ ਪਰਖ ਕਰਨੀ ਠੀਕ ਹੈ। ਇਸ ਅਗੰਮੀ ਬਾਣੀ ਨੂੰ ਕਵਿਤਾ ਕਹਿਣਾ, ਉਸ ਦੀ ਸਾਹਿਤਕ ਸੋਧ ਤੇ ਸੋਹਜ ਨੂੰ ਸਾਹਿਤ ਸ਼ਾਸਤਰ ਦੇ ਗੁਣਾਂ ਦੀਆਂ ਕਸਵੱਟੀਆਂ ਨਾਲ ਪਰਖਣਾ ਇਹ ਇਕ ਤਰ੍ਹਾਂ ਦਾ ਗੁਰਬਾਣੀ ਦਾ ਤ੍ਰਿਸਕਾਰ ਹੈ। ਕੁਝ ਆਦਮੀ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਦਾ ਕੋਈ ਦਾਅਵਾ ਹੀ ਨਹੀਂ ਕੀਤਾ ਕਿ ਮੈਂ ਕੋਈ ਵੱਡਾ ਆਦਮੀ ਜਾਂ ਪੈਗੰਬਰ ਹਾਂ। ਇਹ ਉਹਨਾਂ ਦੀ ਨਿਰਮਾਣਤਾ ਸੀ, ਪਰ ਇਸ ਦਾ ਇਹ ਮਤਲਬ ਨਹੀਂ ਕਿ ਜੇ ਉਹ ਨਿਰਮਾਣਤਾ ਨਾਲ ਆਪਣੇ ਆਪ ਨੂੰ ਨੀਚ ਕਹਿ ਗਏ ਹਨ ਤਾਂ ਅਸੀਂ ਉਹਨਾਂ ਨੂੰ ਉਸੇ ਸ਼੍ਰੇਣੀ ਵਿਚ ਖੜਾ ਕਰਕੇ ਉਹਨਾਂ ਦੀ ਪਦ-ਪਦਵੀ ਦਾ ਮੁਲਾਂਕਣ ਕਰੀਏ। ਜਿਹਨਾਂ ਲੋਕਾਂ ਦੇ ਗੂਹੜਾ ਅਧਿਐਨ ਨਹੀਂ ਕੀਤਾ, ਗੁਰੂ ਪਦ ਦੇ ਰਹੱਸ ਨੂੰ ਨਹੀਂ ਸਮਝਿਆ, ਉਹ ਇਹੋ ਜਿਹੀਆਂ ਕੱਚੀਆਂ ਗੱਲਾਂ ਕਰਦੇ ਹਨ-

ਚਿਤੁ ਜਿਨ ਕਾ ਹਿਰਿ ਲਇਆ
ਮਾਇਆ ਬੋਲਨਿ ਪਏ ਰਵਾਣੀ॥

(ਗੁਰੂ ਗ੍ਰੰਥ ਸਾਹਿਬ, ਅੰਗ 920)

ਗੁਰੂ ਨਾਨਕ ਸਾਹਿਬ ਨੂੰ ਨਿਮਰਤਾ ਤੇ ਸ਼ਰਧਾ ਨਾਲ ਵੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਨਾ ਕਿ ਇਸ ਨਜ਼ਰੀਏ ਤੋਂ ਕਿ ਮੈਂ ਪੰਦਰਾਂ ਵੀਹਾਂ ਕਿਤਾਬਾਂ ਦਾ ਲੇਖਕ ਹਾਂ, ਮੈਂ ਪੀ. ਐਚ. ਡੀ. ਤੇ ਕੋਈ ਹੋਰ ਪੜ੍ਹਾਈ ਕੀਤੀ ਹੋਈ ਹੈ, ਮਨ ਵਿਚ ਮਲੀਨ ਭਾਵਨਾਵਾਂ ਰੱਖਦੇ ਹੋਏ।

ਕਈਆਂ ਨੇ ਕਿਹਾ ਹੈ ਕਿ 'ਗੁਰੂ ਨਾਨਕ ਹਿੰਦੂ ਦਾ ਗੁਰੂ ਸੀ, ਮੁਸਲਮਾਨਾਂ ਦਾ ਪੀਰ'। ਜਿੱਥੇ ਤੱਕ ਪੀਰ ਦੀ ਗੱਲ ਹੈ ਪੀਰ ਉਹ ਕਹਾ ਸਕਦਾ ਹੈ ਜਿਹੜਾ ਹਜ਼ਰਤ ਮੁਹੰਮਦ ਸਾਹਿਬ ਤੇ ਕੁਰਾਨ ਸ਼ਰੀਫ ਤੇ ਇਮਾਨ ਲਿਆਵੇ, ਇਹ ਗੱਲ ਪੱਕੀ ਹੈ, ਪਰ ਐਸਾ ਰਿਸ਼ਤਾ ਗੁਰੂ ਨਾਨਕ ਸਾਹਿਬ ਦਾ ਹਜ਼ਰਤ ਮੁਹੰਮਦ ਤੇ ਕੁਰਾਨ ਸ਼ਰੀਫ ਨਾਲ ਨਹੀਂ। ਉਹ ਤਾਂ - 'ਜਤ ਦਰ ਲਖ ਮੁਹੰਮਦਾ' ਦੇ ਬਚਨ ਉਚਾਰਨ ਵਾਲੇ ਸਨ। ਕੁਝ ਲੋਕ ਵੱਡੀ ਤੋਂ ਵੱਡੀ ਛਾਲ ਮਾਰ ਕੇ ਗੁਰੂ ਨਾਨਕ ਸਾਹਿਬ ਦੀ ਪਦ-ਪਦਵੀ ਦੱਸਦੇ ਹਨ ਕਿ ਉਹ 'ਵਲੀ-ਅੱਲਾਹ' ਸਨ। ਇਸਲਾਮ ਵਿਚ ਪੈਗੰਬਰ ਦਾ ਦਰਜਾ ਆਖਰੀ ਹੈ-'ਆਖਰ ਨਬੀਆ'। ਇਸਲਾਮ ਦਾ ਕੌਲ ਹੈ, ਹੁਣ ਕਿਸੇ ਨੂੰ ਨਾ ਨਬੀ ਕਹਿ ਸਕਦੇ ਹਾਂ, ਨਾ ਰਸੂਲ। ਸਭ ਤੋਂ ਵੱਡੀ ਜੇ ਇੱਜ਼ਤ ਕਰਨੀ ਹੈ ਤਾਂ ਉਸ ਨੂੰ 'ਵਲੀ-ਅੱਲਾਹ' ਕਿਹਾ ਜਾ ਸਕਦਾ ਹੈ। ਯਾਨੀ ਜਿਸਨੂੰ ਅੱਲਾਹ ਵਲੋਂ ਬਲ ਯਾ ਤਾਕਤ ਮਿਲੀ ਹੋਵੇ ਉਸ ਨੂੰ ਵਲੀ-ਅੱਲਾਹ ਕਹਿੰਦੇ ਹਨ। ਅਸਲੀ ਅਰਥਾਂ ਵਿਚ ਗੁਰੂ ਨਾਨਕ ਜੀ ਵਲੀ-ਅੱਲਾਹ ਨਹੀਂ ਹਨ, ਨਾ ਹੀ ਪੈਗੰਬਰ। ਪੈਗੰਬਰ ਉਹ ਹੁੰਦਾ ਹੈ ਜਿਸ ਦੀ ਆਪਣੀ ਸ਼ਕਤੀ ਕੋਈ ਨਹੀਂ। ਉਹ ਪਰਮ ਸ਼ਕਤੀ ਨਾਲ ਅਭੇਦ ਹੋਵੇ ਤੇ ਉਹ ਸ਼ਕਤੀ ਉਸ ਨੂੰ ਆਪਣਾ ਪੈਗਾਮ ਦੇਣ ਦਾ ਵਸੀਲਾ ਬਣਾਵੇ। ਇਹ ਮਰਤਬਾ ਹੈ ਪੈਗੰਬਰ ਦਾ। ਪਰ ਗੁਰੂ ਨਾਨਕ ਸਾਹਿਬ ਨੂੰ ਕੀ ਕਹੀਏ ਤੇ ਕਿਸ ਕੈਟੇਗਰੀ ਵਿਚ ਲਿਆਈਏ। ਉਹਨਾਂ ਦੀ ਬਾਣੀ ਸਮਝਣ ਦਾ ਕਿਵੇਂ ਯਤਨ ਕਰੀਏ ਕਿ ਉਹ ਕਿਸ ਦੇ ਮੂੰਹ ਵਿਚੋਂ ਨਿਕਲਦੀ ਹੈ, ਇਸ ਨੂੰ ਕਹਿਣ ਵਾਲਾ ਕੌਣ ਹੈ ਤਾਂ ਸਾਨੂੰ ਉਹਨਾਂ ਦੀ ਪਦ-ਪਦਵੀ ਨਿਸ਼ਚਿਤ ਕਰਨੀ ਹੀ ਪਵੇਗੀ। ਗੁਰੂ ਨਾਨਕ ਸਾਹਿਬ ਦੀ ਸੰਗਿਆ 'ਗੁਰੂ' ਚਲੀ ਆਉਂਦੀ ਹੈ। ਗੁਰੂ ਕੀ ਚੀਜ਼ ਹੈ? ਗੁਰੂ ਦੇ ਕੀ ਅਰਥ ਹਨ? ਇਸ ਦੇ ਅਰਥ ਅਨੇਕ ਰੂਪਾਂ ਵਿਚ ਲਏ ਜਾਂਦੇ ਹਨ। ਟੋਕਰੀਆਂ ਬਨਾਉਣ ਵਾਲੇ ਤੋਂ ਲੈ ਕੇ ਵਿਦਿਆ ਪੜ੍ਹਾਉਣ ਵਾਲੇ ਤੱਕ, ਪਰ ਗੁਰੂ ਨਾਨਕ ਜੀ ਅਜਿਹੇ ਕੰਮਾਂ ਦੇ ਗੁਰੂ ਨਹੀਂ। ਉਹਨਾਂ ਦੇ ਗੁਰੂ ਪਦ ਦਾ ਰਹੱਸ ਅਧਿਆਤਮਿਕ ਅਰਥਾਂ ਨਾਲ ਖੁੱਲ੍ਹਦਾ ਹੈ। ਸਾਡੇ ਦੇਸ਼ ਦੀ ਆਪਣੀ ਪਰੰਪਰਾ ਤੋਂ ਬਾਹਰ ਕੋਈ ਚੀਜ਼ ਬਣਦੀ ਨਹੀਂ। ਜੇ ਅਸੀਂ ਗੁਰੂ ਪਦ ਦੀਆਂ ਪ੍ਰਾਚੀਨ ਜੜ੍ਹਾਂ ਵਲ ਜਾਈਏ, ਖੋਜੀਏ ਕਿ ਗੁਰੂ ਪਦ ਦੇ ਅਧਿਆਤਮਿਕ ਤੇ ਉਤਮ ਅਰਥ ਕੀ ਹਨ ਤੇ ਜਿਸ ਪਦ ਲਈ ਗੁਰੂ ਜੀ ਨੇ ਆਪ ਕਲੇਮ ਕੀਤਾ ਹੈ, ਉਸ ਨੂੰ ਸਮਝੇ ਬਿਨਾਂ ਅਸੀਂ ਉਹਨਾਂ ਦਾ ਮਰਤਬਾ ਨਹੀਂ ਸਮਝ ਸਕਦੇ।

**ਗੁਰੂ ਨਾਨਕ ਤੇ ਸਮਾਜ ਪਰਿਵਰਤਨ-**

ਭਗਵਤ ਗੀਤਾ ਸਾਡੇ ਦੇਸ਼ ਦੇ ਫਲਸਫੇ ਦਾ ਮਹਾਨ ਗ੍ਰੰਥ ਹੈ, ਹਿੰਦੁਸਤਾਨ ਦੀ ਸਾਰੀ ਪ੍ਰਭਤਾ ਦੀ ਉਤਮ ਟੀਸੀ। ਯੂਰਪ ਇਸ ਦੇ ਫਲਸਫੇ ਤੋਂ ਪ੍ਰਭਾਵਿਤ ਹੋਇਆ। ਕਹਿੰਦੇ ਹਨ-'ਸ਼ਾਸਤਰ ਤੇ ਵੇਦ ਗਾਂ ਦੇ ਥਣ ਹਨ, ਅਰਜਨ ਵੱਛਾ ਹੈ, ਕ੍ਰਿਸ਼ਨ ਜੀ ਚੋਣ ਵਾਲੇ ਹਨ ਤੇ ਗੀਤਾ ਦੁੱਧ ਹੈ'। ਆਓ, ਅਸੀਂ ਮੰਨੇ ਪ੍ਰਮੰਨੇ ਗ੍ਰੰਥ ਵਿਚ ਗੁਰੂ ਪਦ ਦੇ ਅਰਥ ਲੱਭੀਏ। ਗੀਤਾ ਦੇ ਪਹਿਲੇ ਅਧਿਆਇ ਵਿਚ ਹੀ ਇਕ ਸ਼ਲੋਕ ਹੈ-

ਬਾਕੀ ਸਫ਼ਾ 32 'ਤੇ

# ਨੌਕਰ ਨਹੀਂ ਮਾਲਕ

**ਡਾ. ਹਰਪਾਲ ਸਿੰਘ ਪੰਨੂ**

ਮਹਿੰਦਰਾ ਕਾਲਜ ਪੜ੍ਹਦਿਆਂ ਮਾਈ ਕੀ ਸਰਾਂ ਨੇੜੇ ਦਸ ਰੁਪਏ ਮਹੀਨਾ ਚੁਬਾਰਾ ਕਿਰਾਏ ਉੱਤੇ ਮਿਲ ਗਿਆ। ਨਾਲ ਲਗਦੀ ਰਸੋਈ ਹੈਗੀ ਤਾਂ ਸੀ ਪਰ ਵਿਧਵਾ ਮਾਲਕਨ ਨੇ ਉਸ ਵਿੱਚ ਪਾਥੀਆਂ ਭਰ ਰੱਖੀਆਂ ਸਨ। ਉਸ ਦਾ ਪੁੱਤ ਕਰਮਾ ਮੇਰਾ ਹਾਣੀ ਮੇਰਾ ਜਮਾਤੀ ਸੀ।



ਮੈਂ ਮਾਤਾ ਨੂੰ ਕਿਹਾ, ਇਹ ਰਸੋਈ ਵੀ ਮੈਨੂੰ ਦੇ ਦੇ। ਕਮਰੇ ਵਿੱਚ ਖਾਣ ਪੀਣ ਦੀਆਂ ਚੀਜਾਂ ਦਾ ਘੜਮੱਸ ਬੁਰਾ ਲਗਦਾ ਹੈ, ਖਲਾਰਾ ਸਾਂਭਿਆ ਜਾਊ। ਉਹ ਕਹਿੰਦੀ, ਮੇਰੀਆਂ ਪਾਥੀਆਂ ਦਾ ਕੀ ਬਣੂੰ ? ਮੈਂ ਕਿਹਾ, ਇੱਥੇ ਕੱਚ ਕੇ ਬਾਹਰ ਰੱਖ ਦਿੰਨਾ। ਉਹ ਕਹਿੰਦੀ, ਮੀਂਹ ਕਣੀ ਆ ਗਈ, ਭਿੱਜ ਜਾਣਗੀਆਂ। ਮੈਂ ਕਿਹਾ, ਮੀਂਹ ਆਉਣਸਾਰ ਮੈਂ ਅੰਦਰ ਕਰ ਲਿਆ ਕਰੂੰ। ਉਹ ਕਹਿੰਦੀ, ਵਾਅਦਾ ? ਮੈਂ ਕਿਹਾ, ਵਾਅਦਾ। ਜੇ ਕਿਰਾਇਆ ਹੀ ਭਰਨਾ ਸੀ ਤਾਂ ਪਾਥੀਆਂ ਸਾਂਭਣ ਦੀ ਮੇਰੀ ਜ਼ਿੰਮੇਵਾਰੀ ਕਿਉਂ ? ਪਰ ਉਦੋਂ ਵੀ ਪਤਾ ਸੀ ਧਾਰਾ 370 ਵਾਂਗੂੰ ਵਾਅਦੇ ਸ਼ੀਸ਼ੇ ਦੇ ਖਿਡੌਣੇ ਵਾਂਗ ਟੁੱਟਣ ਲਈ ਹੋਇਆ ਕਰਦੇ ਨੇ। ਵਾਅਦਾ ਕਰ ਦਿੱਤਾ। ਉਹ ਕਹਿੰਦੀ, ਚੱਲ ਠੀਕ ਐ ਫਿਰ, ਪਰ ਇਹਦੇ ਦੋ ਰੁਪਈਏ ਮਹੀਨਾ ਹੋਰ ਦੇਣੇ ਪੈਣਗੇ। ਮੈਂ ਕਿਹਾ, ਠੀਕ। ਸੋ ਕਿਚਨ ਕਮ ਰੂਮ ਦੇ ਮੈਂ 12 ਰੁਪਏ ਮਹੀਨਾ ਕਿਰਾਇਆ ਦਿੰਦਾ

ਉਸੇ ਘਰ ਦੇ ਦੂਜੇ ਕਮਰੇ ਵਿੱਚ ਆਪਣੀ ਬੀਵੀ ਸਮੇਤ ਇੱਕ ਹੋਰ ਕਿਰਾਏਦਾਰ ਰੁਲਦੂ ਰਹਿੰਦਾ ਸੀ। ਰੁਲਦੂ ਮਹਿੰਦਰਾ ਕਾਲਜ ਵਿੱਚ ਸਫਾਈ ਸੇਵਕ, ਸਰਕਾਰੀ ਮੁਲਾਜ਼ਮ। ਭਲਾ ਲੋਕ। ਕਦੀ ਕਦਾਈਂ ਆਪਣੇ ਸਾਈਕਲ ਦੇ ਕੈਰੀਅਰ ਉੱਪਰ ਬਿਠਾ ਕੇ ਮੈਨੂੰ ਕਾਲਜ ਤੱਕ ਲੈ ਜਾਂਦਾ। ਉਹਦੀ ਇੱਕ ਆਦਤ ਬੜੀ ਬੁਰੀ ਸੀ। ਉਹ ਘਰ ਆ ਕੇ ਆਪਣੀ ਪਤਨੀ ਨੂੰ ਖੂਬ ਡਾਂਟਦਾ - ਆਹ ਖੂੰਜੇ ਵਿੱਚ ਰੇਤ ਕਿਉਂ ਦਿਸ ਰਿਹਾ ਹੈ ? ਅਹੁ ਜਾਲਾ ਕਿਉਂ ਨੀ ਉਤਾਰਦੀ ? ਉਹ ਕਹਿੰਦੀ, ਦਿਸਿਆ ਨੀਂ। ਉਹ ਕਹਿੰਦਾ, ਮੈਨੂੰ ਦਿਸ ਜਾਂਦਾ ਹੈ, ਤੈਨੂੰ ਕਿਉਂ ਨੀਂ ਦਿਸਿਆ ?...

ਇੱਕ ਦਿਨ ਮੈਂ ਕਮਰੇ ਦੇ ਬਾਹਰ ਬੈਠਾ ਪ੍ਰਿੰਸੀਪਲ ਦੇ ਨਾਮ ਮੈਂ ਫੀਸ ਮੁਆਫੀ ਦੀ ਅਰਜ਼ੀ ਲਿਖ ਰਿਹਾ ਸੀ ਕਿ ਮਾਈ ਕਿਰਾਇਆ ਲੈਣ ਆ ਗਈ। ਮੈਂ ਕਿਹਾ, ਆਹ ਅਰਜ਼ੀ ਲਿਖ ਲੈਣ ਦੇ, ਦੇ ਦਿਊਂਗਾ। ਉਹ ਕਹਿੰਦੀ, ਕਾਹਦੀ ਅਰਜ਼ੀ ਲਿਖਦੈਂ ? ਮੈਂ ਕਿਹਾ, ਫੀਸ ਮੁਆਫੀ ਦੀ। ਕਹਿੰਦੀ, ਕਰਮੇ ਦੀ ਅਰਜ਼ੀ ਵੀ ਲਿਖ ਦੇ, ਇਹਦੀ ਹਾਲਤ ਕਿਹੜਾ ਤੈਥੋਂ ਚੰਗੀ ਐ ? ਮੈਂ ਕਿਹਾ, ਮੈਨੂੰ ਅਰਜ਼ੀ ਲਿਖ ਲੈਣ ਦੇ। ਇਹਨੂੰ ਦੇਖ ਕੇ ਉਹ ਲਿਖ ਲਊ। ਉਹ ਕਹਿੰਦੀ, ਜੇ ਤੂੰ ਈ ਲਿਖ ਦੇਵੇਂ, ਇਹਦੇ ਵਿੱਚ ਕਿਹੜਾ ਬਾਹਲਾ ਜ਼ੋਰ ਲਗਦੈ ? ਮੈਂ ਉਹਨੂੰ ਆਪਣੀ ਲਿਖੀ ਜਾ ਰਹੀ ਅਰਜ਼ੀ ਦਿਖਾ ਕੇ ਕਿਹਾ, ਆਹ ਮੇਰੀ ਲਿਖਾਈ ਤਾਂ ਦੇਖ, ਮੋਤੀ ਪਰੋਏ ਪਏ ਨੇ। ਕਿਸੇ ਅਮੀਰ ਦੀ ਲਿਖਤ ਲਗਦੀ ਐ। ਗਰੀਬਾਂ ਦੀ ਹਰੇਕ ਚੀਜ਼ ਫਟੀ ਪੁਰਾਣੀ ਬੋਦੀ ਦਿਸਣੀ ਚਾਹੀਦੀ ਐ, ਤਾਂ ਫੀਸ ਮੁਆਫ ਹੋਊ। ਅੱਗੇ ਤੇਰੀ ਮਰਜ਼ੀ। ਮਾਈ ਕਹਿੰਦੀ, ਤੇਰੀ ਗੱਲ ਮੈਨੂੰ ਸਮਝ ਨੀਂ ਆਈ। ਮੈਂ ਕਿਹਾ, ਅੰਗਰੇਜ਼ੀ ਵਿਚ ਇਹਨੂੰ ਲਾਅ ਆਫ ਕੌਸਮਿਕ ਲੇਜ਼ੀਨੈੱਸ ਕਹਿੰਦੇ ਨੇ, ਪੰਜਾਬੀ ਵਿੱਚ ਕਹਾਂਗੇ ਸੁਸਤੀ ਦਾ ਬ੍ਰਹਿਮੰਡੀ ਵਿਧਾਨ।

ਅਰਜ਼ੀਆਂ ਦੇਣ ਵਾਲਿਆਂ ਦੀ ਇੰਟਰਵਿਊ ਹੋਈ, ਜਿਨ੍ਹਾਂ ਦੀ ਫੀਸ ਮੁਆਫ ਹੋਈ, ਉਨ੍ਹਾਂ ਦੇ ਨਾਵਾਂ ਦੀ ਲਿਸਟ ਨੋਟਿਸ ਬੋਰਡ ਉੱਪਰ ਲੱਗ ਗਈ। ਕਰਮਾਂ ਵਾਲੇ ਆਪੋ ਆਪਣੇ ਨਾਮ ਦੇਖ ਕੇ ਬਾਗੋ ਬਾਗ। ਮੇਰੀ ਫੀਸ ਮੁਆਫ ਹੋ ਗਈ, ਕਰਮੇ ਦੀ ਨਾ ਹੋਈ। ਕਰਮੇ ਦੀ ਮਾਂ ਉਹਨੂੰ ਝਿੜਕਾਂ ਦੇਣ ਲੱਗ ਪਈ, 'ਤੈਨੂੰ ਚੱਜ ਨਾਲ ਗੱਲ ਕਰਨੀਓ ਨੀਂ ਆਉਂਦੀ ਵੇ ਨਿਕਰਮਿਆਂ। ਤੂੰ ਦੱਸਣਾ ਸੀ ਉਨ੍ਹਾਂ ਨੂੰ ਬਈ ਮੇਰਾ ਬਾਪੂ ਮਰ ਗਿਆ ਹੋਇਐ ? ਦੱਸਿਆ ਨੀ ?'

ਕਰਮਾ ਕਹਿੰਦਾ, 'ਦੱਸਿਆ ਸੀ। ਉੱਥੇ ਬੜਿਆਂ ਦੇ ਬਾਪ ਮਰੇ ਹੋਏ ਸਨ। ਮੇਰਾ ਤਾਂ ਇੱਕ ਬਾਪੂ ਮਰਿਐ, ਉੱਥੇ ਤਾਂ ਉਹ ਵੀ ਫਿਰਦੇ ਸਨ ਜਿਨ੍ਹਾਂ ਦੇ ਪੰਜ ਪੰਜ, ਸੱਤ ਸੱਤ ਬਾਪੂ ਮਰੇ ਹੋਏ ਸਨ। ਮੇਰੀ ਕੀ ਸੁਣਵਾਈ ਹੋਣੀ ਸੀ ਉੱਥੇ ? ਚੁੱਪ ਕਰ ਹੁਣ, ਭੁੱਖ ਲੱਗੀ ਐ, ਰੋਟੀ ਲਿਆ।'...

ਇਕ ਦਿਨ ਰੁਲਦੂ ਫਿਰ ਪਤਨੀ ਦੀ ਕੀਤੀ ਸਫਾਈ ਵਿੱਚ ਨੁਕਸ ਕੱਢਦਾ ਹੋਇਆ ਉਹਦੀ ਝਾੜ-ਝੰਬ ਕਰਨ ਲੱਗ ਪਿਆ। ਮੈਨੂੰ ਗੁੱਸਾ ਆ ਗਿਆ, ਮੈਂ ਆਖ ਹੀ ਦਿੱਤਾ, ਤੂੰ ਕਾਲਜ ਦੇ ਵੀਹ ਕਮਰੇ ਸਾਫ ਕਰਦੈਂ, ਇੱਥੇ ਨੀਂ ਤੈਥੋਂ ਦੋ ਝਾੜੂ ਲਾ ਹੁੰਦੇ ?

ਰੁਲਦੂ ਬਰਾਬਰ ਤੈਸ਼ ਵਿਚ ਆ ਗਿਆ, ਕਹਿੰਦਾ, ਉੱਥੇ ਤਾਂ ਮੈਂ ਕੁੱਤੀ ਨੌਕਰੀ ਕਰਦਾਂ, ਸਮਝਿਆ ? ਇੱਥੇ ਮਾਲਕ ਆਂ। ਤੂੰ ਮੈਨੂੰ ਘਰ ਵਿੱਚ ਵੀ ਮਾਲਕੀ ਨੀ ਕਰਨ ਦਏਂਗਾ ? ਆਪਣੀਆਂ ਪੋਥੀਆਂ ਚੁੱਕ ਕੇ ਤਿੱਤਰ ਹੋ ਜਾ। ਚੰਗੇ ਭਲੇ ਸੁਖੀ ਵਸਦੇ ਪਰਵਾਰ ਵਿਚ ਲੱਗੈਂ ਕਲੇਸ ਪੁਆਣ। ਬੈਠੀਂ ਅੱਗੇ ਤੋਂ ਮੇਰੇ ਸਾਈਕਲ 'ਤੇ ...!

ਬੀ.ਏ. ਕਰਨਸਾਰ ਇੱਕ ਜਮਾਤੀ ਨੂੰ ਏਅਰ ਫੋਰਸ ਵਿਚ ਪਾਇਲਟ ਅਫਸਰ ਰੱਖ ਲਿਆ ਗਿਆ। ਫੋਨ ਨਹੀਂ ਹੁੰਦੇ ਸਨ ਉਦੋਂ, ਉਸ ਦੀ ਚਿੱਠੀ ਆਈ। ਲਿਖਿਆ ਸੀ - ਟਰੇਨਿੰਗ ਖਤਮ ਹੋ ਗਈ ਹੈ। ਇੱਥੇ ਡੇਹਰਾਦੂਨ ਪਾਸਿੰਗ ਆਊਟ ਪਰੇਡ ਹੋਏਗੀ। ਦੇਸ ਦਾ ਰਾਸ਼ਟਰਪਤੀ ਮੋਢਿਆਂ ਉੱਤੇ ਅਫਸਰੀ ਚਿਪਕਾਉਣ ਆਏਗਾ। ਹਰੇਕ ਨੂੰ ਅਧਿਕਾਰ ਹੈ ਕਿ ਆਪਣੀ ਪਸੰਦ ਦੇ ਦੋ ਮਹਿਮਾਨ ਇਸ ਮੌਕੇ ਬੁਲਾ ਸਕਦਾ ਹੈ। ਮੈਂ ਦੋਹ ਬੰਦਿਆਂ ਦੇ ਨਾਮ ਲਿਖਾ ਦਿੱਤੇ ਨੇ। ਇੱਕ ਮੇਰਾ ਬਾਪੂ ਆਏਗਾ, ਦੂਜਾ ਤੂੰ। ਠੀਕ ਹੈ ? ਇੱਕ ਦਿਨ ਪਹਿਲਾਂ ਆ ਜਾਈਂ। ਚੱਜ ਦੇ ਕੱਪੜੇ ਪਾ ਕੇ ਆਈਂ। ਕਿਤੇ ਉਹੀ ਵਰਦੀ ਪਹਿਨ ਕੇ ਨਾ ਆ ਜੀਂ ਜਿਹੜੀ ਫੀਸ ਮੁਆਫੀ ਦੀ ਇੰਟਰਵਿਊ ਉੱਤੇ ਜਾਣ ਮੌਕੇ ਪਹਿਨਿਆ ਕਰਦਾ ਸੀ, ਓਕੇ ? -ਓਕੇ।

# ਅਨੰਦੁ ਅਤੇ ਅਸ਼ਟਪਦੀ

**ਡਾ. ਜਸਬੀਰ ਸਿੰਘ ਸਰਨਾ**

'ਅਨੰਦੁ' ਦਾ ਸ਼ਬਦੀ ਅਰਥ ਹੈ ਖੁਸ਼ੀਆਂ, ਸੁੱਖ, ਪ੍ਰਸੰਨਤਾ। ਗੁਰੂ ਅਮਰਦਾਸ ਜੀ ਦੀ ਅਨੁਪਮ ਅਤੇ ਵਿਸ਼ਿਸ਼ਟ ਰਚਨਾ ਨਿਮਨਲਿਖਤ ਸਿਰਲੇਖ 'ਰਾਮਕਲੀ



ਮਹਲਾ ੩ ਅਨੰਦੁ' ਗੁਰੂ ਗ੍ਰੰਥ ਸਾਹਿਬ ਦੇ ਅੰਕ : 917 ਅਧੀਨ ਸੰਕਲਿਤ ਹੈ। ਅਨੰਦੁ ਦੇ ਕੋਸ਼ਕਾਰੀ ਅਰਥ ਹਨ ਸੁਖ, ਖੁਸ਼ੀ ਉਮਾਹ, ਚਾਉ, ਉਤਸ਼ਾਹ ਆਦਿ। ਰਾਗ ਰਾਮਕਲੀ ਵਿਚ ਇਕ ਖਾਸ ਬਾਣੀ, ਜੋ ਤੀਜੇ ਗੁਰੂ ਜੀ ਨੇ, ਮੋਹਰੀ ਜੀ ਦੇ ਪੁੱਤਰ ਦੇ ਜਨਮ ਸਮੇਂ ਸਿੰਮਤ 1611 ਵਿਚ ਉਚਾਰਣ ਕੀਤੀ ਅਤੇ ਪੋਤੇ ਦਾ ਨਾਉਂ 'ਅਨੰਦ' ਰੱਖਿਆ।

ਗੁਰੂ ਮਰਯਾਦਾ ਅਨੁਸਾਰ 'ਅਨੰਦੁ' ਵਿਆਹ ਦਾ ਨਾਮ ਹੈ, ਜੋ ਪਰਮਤੱਤ, ਪਰਮਸਤਿ ਦਾ ਲਖਾਇਕ ਹੈ। ਇਜ ਵਿਆਹ 'ਅਨੰਦ ਐਕਟ' ਕਾਨੂੰਨ ਹੇਠ ਦਰਜ ਹੁੰਦਾ ਹੈ। ਸਿੱਖ ਰਵਾਇਤਾਂ ਅਨੁਸਾਰ ਹਰ ਮੰਗਲ ਕਾਰਜਾਂ/ਸਮਾਗਮਾਂ ਵਿਚ ਛੋਟੇ ਰੂਪ ਵਿਚ (ਪਹਿਲੀਆਂ ਪੰਜ ਪਉੜੀਆਂ ਅਤੇ ਛੇਵੀਂ ਅਖੀਰਲੀ ਪਾਉੜੀ) ਸਰਬ ਪ੍ਰਵਾਨਿਤ ਜਾਣ ਕੇ ਅਤੇ ਸਿੱਖ ਧਰਮ ਦੀ ਕਾਰਜਸ਼ੀਲਤਾ ਵਿਚ ਸਾਫ ਤੌਰ 'ਤੇ ਪੜ੍ਹੀ ਜਾਂਦੀ ਹੈ। ਇਹ ਬਾਣੀ ਪਰਮ-ਅਨੰਦੁ ਪ੍ਰਾਪਤੀ ਦਾ ਸਿਖਰ ਸਮਝੀ ਜਾਂਦੀ ਹੈ। ਪਉੜੀਆਂ ਦੀ ਕੁੱਲ ਗਿਣਤੀ 40 ਹੈ ਜਿਸ ਵਿਚ ਅਧਿਆਤਮਿਕਤਾ ਤੇ ਦਾਰਸ਼ਨਿਕਤਾ ਦੇ ਰਹੱਸਮਈ ਵਿਸ਼ੇਸ਼ ਪਹਿਲੂ ਰੂਪਮਾਨ ਹੁੰਦੇ ਹਨ।

ਦੀਰਘਕਾਰੀ ਅਨੁਪਮ ਕਲਾਤਮਕ ਵਿਸ਼ੇਸ਼ਤਾ ਵਾਲੀ ਇਸ ਰਚਨਾ ਵਿਚ ਬਾਣੀ ਦੀਆਂ 40 ਪਉੜੀਆਂ ਵਿਚੋਂ 33 ਪਉੜੀਆਂ ਪੰਜ ਪੰਕਤੀਆਂ ਦੀਆਂ ਹਨ ਅਤੇ 7 ਪਉੜੀਆਂ ਛੇ ਪੰਕਤੀਆਂ ਦੀਆਂ ਹਨ (4, 11, 24, 29, 38, 40)। ਇਸ ਬਾਣੀ ਵਿਚ ਵਿਚਾਰਾਂ ਦੇ ਖੂਬਸੂਰਤ ਮਣਕੇ ਆਣ ਜੁੜਦੇ ਹਨ ਅਤੇ ਹਰ ਪਉੜੀ ਰਾਹੀਂ ਇਕ ਨਵੇਂ ਵਿਚਾਰ ਦਾ ਆਗਾਜ਼ ਹੁੰਦਾ ਹੈ। ਪੰਕਤੀਆਂ ਦੀ ਪੁਨਰਾਵ੍ਰਿਤੀ ਇਕ ਅਨੋਖਾ ਸੰਗੀਤਕ ਵਾਯੂਮੰਡਲ ਪ੍ਰਸਤੁਤ ਕਰਦੀ ਹੈ। ਪਉੜੀ ਛੰਦ ਵਿਚ ਤੁਕਾਂਤ ਦੇ ਦੁਹਰਾਓ ਦੁਆਰਾ ਸੰਗੀਤਾਤਮਿਕਤਾ, ਧੁਨੀਆਤਮਿਕਤਾ ਅਤੇ ਰਾਗਆਤਮਿਕ ਭਾਵ ਮੰਡਲ ਨੂੰ ਸਿਰਜਿਆ ਗਿਆ ਹੈ, ਕਿਉਂਕਿ ਹਰ ਪਉੜੀ ਦੀ ਅੰਤਿਮ ਅਰਧ ਤੁਕ ਹੀ ਅਗਲੀ ਪਉੜੀ ਦੀ ਪਹਿਲੀ ਅਰਧ ਤੁਕ ਬਣ ਜਾਂਦੀ ਹੈ। ਇਸ ਬਾਣੀ ਦੀ ਵਿਲੱਖਣਤਾ ਇਸ ਦਾ ਰਾਗਬਧ ਰੂਪ ਵਿਚ ਰਚਿਤ ਹੋਣਾ ਹੈ, ਜਿਸ ਨੂੰ ਰਾਮਕਲੀ ਰਾਗ ਵਿਚ ਨਿਬੱਧ ਕੀਤਾ ਹੈ। ਇਹ ਭਾਰਤੀ ਸੰਗੀਤ ਦਾ ਪ੍ਰਾਚੀਨ ਲੋਕਪ੍ਰਿਯ ਤੇ ਮਧੁਰ ਰਾਗ ਹੈ, ਜਿਸ ਦਾ ਅੰਮ੍ਰਿਤ ਵੇਲੇ ਦੇ ਰਾਗ ਵਿਚ ਵਿਸ਼ੇਸ਼ ਸਥਾਨ ਹੈ। ਰਾਮਕਲੀ ਰਾਗ ਦੀ ਪ੍ਰਕਿਰਤੀ ਅਨੁਰੂਪ ਬਾਣੀ ਵਿਚ ਪ੍ਰਯੁਕਤ ਸ਼ਬਦਾਵਲੀ ਵਿਚ ਜਿੱਥੇ ਸਾਧ ਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਪ੍ਰਤੱਖ ਹੈ, ਉਥੇ ਸ਼ਬਦਾਂ ਦੀ ਪੁਨਰਾਵ੍ਰਿਤੀ ਵਿਸ਼ੇਸ਼ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਸ਼ਬਦਾਂ ਦਾ ਦੀਰਘੀਕਰਨ ਕਰਦਿਆਂ ਧੁਨੀਆਤਮਿਕਤਾ ਅਤੇ ਰਸਾਤਮਿਕਤਾ ਨੂੰ ਵੀ ਤੀਬਰਤਮ ਕੀਤਾ ਗਿਆ ਹੈ। ਜਿਵੇਂ ਸਰੀਰ ਤੋਂ ਸਰੀਰਾ, ਨੇਤ੍ਰ ਤੋਂ ਨੇਤ੍ਰਹ, ਸ੍ਰਵਣ ਤੋਂ ਸ੍ਰਵਣਹ ਆਦਿ। ਇਸ ਦੇ ਸਮਾਨੰਤਰ ਸ਼ਬਦ ਅਨੁਪ੍ਰਾਸ ਦੀ ਪ੍ਰਯੁਕਤਾ ਦੁਆਰਾ ਰਾਗਾਤਮਿਕਤਾ ਨੂੰ ਵਧਾਇਆ ਗਿਆ ਹੈ। ਸਮੁੱਚੇ ਰੂਪ ਵਿਚ ਅਨੰਦੁ ਬਾਣੀ ਸਰਲਤਾ, ਸਪਸ਼ਟਤਾ ਤੇ ਰਾਗਤਮਿਕਤਾ ਦੇ ਸੁਮੇਲ ਦੁਆਰਾ ਵਿਸ਼ਿਸ਼ਟ ਕਾਵਿ ਸੰਰਚਨਾ ਵਜੋਂ ਰੂਪਮਾਨ ਹੁੰਦੀ ਹੈ।

ਗੁਰਬਾਣੀ ਵਿਚ 'ਅਨੰਦੁ' ਨੂੰ ਕਈ ਥਾਂ ਮਹਾਂ-ਅਨੰਦ, ਸਹਜ-ਅਨੰਦ ਅਤੇ ਸਦਾ ਸੁਖ ਆਦਿ ਵੀ ਸਵੀਕਾਰਿਆ ਗਿਆ ਹੈ। ਸਿੱਖ ਰਹੁ-ਰੀਤਾਂ ਅਨੁਸਾਰ ਸਾਰੇ ਮਾਂਗਲਿਕ, ਧਾਰਮਿਕ ਅਨੁਸ਼ਠਾਨਾਂ ਅਤੇ ਮ੍ਰਿਤੂ ਸੰਬੰਧੀ ਸਾਰੇ ਕਰਮਾਂ/ਸੰਸਕਾਰਾਂ ਦੇ ਮੌਕੇ 'ਤੇ 'ਅਨੰਦੁ' ਬਾਣੀ ਦੇ ਸੰਖੇਪ ਰੂਪ ਦਾ ਕੀਰਤਨ/ਪਾਠ ਕੀਤਾ ਜਾਂਦਾ ਹੈ। ਇਸ ਰੂਪਆਤਮਕ ਰਚਨਾ ਵਿਚ ਮਨੁੱਖ ਨੂੰ ਵਣਜਾਰਾ ਦੱਸ ਕੇ ਸੰਸਾਰ ਰੂਪੀ ਬੀਹੜ ਵਿਚੋਂ ਲੰਘਣ ਦਾ ਦ੍ਰਿਸ਼ਟਾਂਤ ਪੇਸ਼ ਕੀਤਾ ਹੈ। ਇਸ ਮਾਰਗ ਉਤੇ ਅਨੇਕ ਪ੍ਰਕਾਰ ਦੀਆਂ ਵਿਰੋਧੀ ਸ਼ਕਤੀਆਂ ਦਾ ਜਮਘਟਾ ਹੈ। ਭੈ-ਭੀਤ ਜਗਿਆਸੂ ਦਾ ਉਤਸ਼ਾਹ ਵਧਾਉਣ ਲਈ ਗੁਰੂ ਦਾ ਸ਼ਬਦ ਇਕ ਮਹੱਤਵਪੂਰਨ ਅਤੇ ਵਿਸ਼ਵਸਤ ਤੱਤ ਹੈ। ਇਸ 'ਸ਼ਬਦ' ਦੀ ਅਗਵਾਈ ਵਿਚ ਮਨੁੱਖ ਆਪਣੇ ਮੰਤਵ ਅਰਥਾਤ ਬ੍ਰਹਮ-ਪ੍ਰਾਪਤੀ ਵਿਚ ਸਿੱਧੀ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ 'ਮਿੱਟੀ ਦਾ ਪੁਤਲਾ' ਮਿੱਟੀ ਵਿਚ ਰਹਿ ਕੇ ਵਿਸ਼ੇ-ਵਾਸ਼ਨਾਵਾਂ ਦਾ ਦਮਨ ਕਰਦਾ ਹੋਇਆ, ਗੁਰੂ ਦੀ ਬਾਣੀ ਵਿਚ ਲੀਨ ਰਹਿ ਕੇ ਲੌਕਿਕਤਾ ਵਿਚ ਵੀ ਅਲੌਕਿਕ ਤੱਤ ਅਥਵਾ ਆਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ। ਧਰਤੀ ਦਾ ਅਕਾਸ਼ ਨਾਲ, ਭੌਤਿਕਤਾ ਦਾ ਅਧਿਆਤਮਿਕਤਾ ਨਾਲ, ਆਤਮਾ ਦਾ ਪਰਮਾਤਮਾ ਨਾਲ ਨਾਤਾ ਜੋੜਨ ਲਈ, ਇਸ ਰਚਨਾ ਵਿਚ ਮਹੱਤਵਪੂਰਨ ਭੂਮਿਕਾ ਪੇਸ਼ ਕੀਤੀ ਗਈ ਹੈ। ਅਸਲ ਵਿਚ ਜਗਿਆਸੂ ਨੂੰ ਧਰਤੀ ਤੋਂ ਬੈਕੁੰਠ ਤਕ ਪਹੁੰਚਾਉਣ ਵਿਚ ਸਹਾਇਕ ਰੂਪ ਵਿਚ ਪ੍ਰਸਤੁਤ ਹੋਣ ਵਾਲੀ ਇਹ ਰਚਨਾ ਇਕ ਸੀੜ੍ਹੀ ਹੈ ਅਤੇ ਇਹੀ ਇਸ ਦੀ ਰੂਪਕਾਤਮਕਤਾ ਹੈ। ਇਸ ਦਾ ਆਰੰਭ ਬੜੇ ਉਤਸ਼ਾਹਪੂਰਵਕ ਢੰਗ ਨਾਲ ਹੋਇਆ ਹੈ।

ਇਸ ਬਾਣੀ ਵਿਚ ਸੌਖੀ ਮਨੋਬਿਰਤੀ ਦੀ ਰੂਹਾਨੀ ਅਭਿਵਿਅਕਤੀ ਦਾ ਸੰਚਾਰ ਹੋਇਆ ਹੈ। ਭਾਸ਼ਾ ਵਿਚ ਬ੍ਰਜ ਅਤੇ ਸਧੁਕੜੀ ਦੀ ਕਾਫੀ ਮਾਤਰਾ ਦ੍ਰਿਸ਼ਟੀਗੋਚਰ ਹੁੰਦੀ ਹੈ ਪਰ ਮੂਲ ਸ਼ਬਦ ਭਾਰਤੀ ਪਿਛੋਕੜ ਨਾਲ ਸੰਬੰਧਤ ਹਨ। ਭਾਸ਼ਾ-ਗਤ ਅਲੰਕਰਣ ਲਈ ਮੁੱਖ ਸਾਧਨ ਅਨੁਪ੍ਰਾਸ ਹੈ, ਕਠੋਰ ਸ਼ਬਦਾਵਲੀ ਦਾ ਅਭਾਵ ਰਚੇਤਾ-ਗੁਰੂ ਸਾਹਿਬ ਦੇ ਵਿਅਕਤਿਤਵ ਦੀ ਛਾਪ ਦਾ ਲਖਾਇਕ ਹੈ। ਬਿਰਧ ਅਵਸਥਾ ਵਿਚ ਜਿੰਨਾ ਸੰਜਮ ਅਤੇ ਸਨੇਹ ਕਿਸੇ ਸ਼੍ਰੇਸ਼ਠ ਸਾਧਕ ਵਿਚ ਹੋ ਸਕਦਾ ਹੈ, ਉਸ ਦਾ ਆਭਾਸ ਇਸ ਰਚਨਾ ਵਿਚ ਸਹਿਜ ਹੋ ਜਾਂਦਾ ਹੈ।

ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ।।
ਸਤਿਗੁਰ ਤ ਪਾਇਆ ਸਹਜ ਸੇਤੀ ਮਨ ਵਜੀਆ ਵਧਾਈਆ।।
(ਰਾਮ ੩, ਅੰਨ, ੧:੨ (917)

ਗੁਰੂ ਅਮਰਦਾਸ ਅਨੁਸਾਰ ਅਨੰਦਮਈ ਅਵਸਥਾ ਦਾ ਅਨੁਭਵ ਕੇਵਲ ਗੁਰੂ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

**ਅਸ਼ਟਪਦੀ**

'ਅਸ਼ਟਪਦੀ' ਅੱਠ ਪਦੇ/ਪਦਿਆਂ ਦੇ ਕਾਵਿ ਰੂਪ ਨੂੰ ਕਿਹਾ ਜਾਂਦਾ ਹੈ। ਅਧਿਆਤਮਕ ਕਾਵਿਧਾਰਾ ਵਿੱਚ 'ਅਸ਼ਟਪਦੀ' ਦਾ ਖਾਸ ਕਰਤਵ ਅਤੇ ਮੁਕਾਮ ਹੈ। ਗੁਰੂ ਕਵੀਆਂ ਵਿੱਚੋਂ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਨੇ ਇਸ ਕਾਵਿ-ਰੂਪ ਨੂੰ ਪ੍ਰਯੁਕਤ ਕੀਤਾ ਹੈ। ਮੁੱਢ ਕਦੀਮ ਤੋਂ 'ਅਸ਼ਟਪਦੀ' ਨੂੰ ਦਰਸ਼ਨ ਅਤੇ ਧਰਮ ਜਿਹੇ ਸਿਧਾਂਤਕ ਗੂੜ੍ਹ ਅਤੇ ਬੌਧਿਕ ਵਿਚਾਰਾਂ ਨੂੰ ਮੂਰਤੀਮਾਨ ਕਰ ਕੇ ਰਚਨਾਤਮਿਕ ਪ੍ਰਤਿਭਾ ਸਿਰਜੀ ਹੈ। ਅਸ਼ਟਪਦੀ ਨੂੰ ਸਨਾਤਨੀ ਕਾਵਿ ਦਾ ਸ਼੍ਰੇਸ਼ਟ ਕਾਵਿ-ਰੂਪ ਮੰਨਿਆ ਜਾਂਦਾ ਹੈ। ਭਾਰਤੀ ਸਾਹਿਤ ਅਤੇ ਸੰਗੀਤ ਵਿੱਚ 'ਅਸ਼ਟਪਦੀਆਂ' ਨੂੰ ਉਤਕ੍ਰਿਸ਼ਟ ਰੁਤਬਾ ਹਾਸਲ ਹੈ। ਇਸ ਰਚਨਾ ਦਾ ਖਾਸ ਪਹਿਲੂ ਇਹ ਹੈ ਕਿ ਵੱਖੋ-ਵੱਖ ਵਿਚਾਰਾਂ ਨੂੰ ਵਿਭਿੰਨ ਪਹਿਲੂਆਂ ਤੋਂ ਪ੍ਰਸਤੁਤ ਕਰ ਕੇ ਨਵੀਆਂ ਪਰਤਾਂ ਸਿਰਜਦੇ ਹਨ। ਲੌਕਿਕ ਅਤੇ ਪਰਲੌਕਿਕ ਸੰਸਾਰ ਨਾਲ ਜੁੜੇ ਰਹੱਸਮਈ ਵਿਚਾਰਾਂ ਨੂੰ ਖੁੱਲ੍ਹ ਕੇ ਪੇਸ਼ ਕੀਤਾ ਜਾਂਦਾ ਹੈ। ਅੱਡ-ਅੱਡ ਅਸ਼ਟਪਦੀਆਂ ਵਿੱਚ ਵੱਖੋ-ਵੱਖਰੇ ਤੋਲ ਤੁਕਾਂਤ ਵਾਲੇ ਛੰਦ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਵੀ ਇਕ ਕਾਰਨ ਹੈ ਕਿ ਅੱਠ ਬੰਦਾਂ ਵਾਲੇ ਕਾਵਿ-ਰੂਪ ਨੂੰ 'ਅਸ਼ਟਪਦੀ' ਦਾ ਨਾਂ ਦਿੱਤਾ ਜਾਂਦਾ ਹੈ।

'ਅਸ਼ਟਪਦੀ' ਨੂੰ ਸੁਤੰਤਰ ਸਾਹਿਤ ਰੂਪ ਵਾਲਾ ਗੌਰਵ ਪ੍ਰਾਪਤ ਹੈ। ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਤੇ ਛਿਪਦੇ ਕ੍ਰਮਵਾਰ 2,3,4,5 ਅਤੇ 6 ਪਦਾਂ ਦੇ ਹੁੰਦੇ ਹਨ। ਅਸ਼ਟਪਦੀ ਵਿੱਚ ਅੱਠ ਪਦੇ ਹੁੰਦੇ ਹਨ। ਅਸ਼ਟਪਦੀ ਦੇ ਅੱਠ ਪਦ ਇਕੋ ਛੰਦ ਚਾਲ ਵਿੱਚ ਵੀ ਹੋ ਸਕਦੇ ਹਨ ਤੇ ਵੱਖ-ਵੱਖ ਛੰਦਾਂ ਵਿੱਚ ਵੀ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕਈ ਅਸ਼ਟਪਦੀਆਂ ਵਿੱਚ ਇਸ ਦਾ ਪ੍ਰਮਾਣ ਮਿਲਦਾ ਹੈ। ਇਕੋ ਛੰਦ/ਚਾਲ ਵਾਲੀਆਂ ਅਸ਼ਟਪਦੀਆਂ ਦੀ ਸਭ ਤੋਂ ਵਧੀਆ ਮਿਸਾਲ ਗੁਰੂ ਅਰਜਨ ਸਾਹਿਬ ਰਚਿਤ ਸੁਖਮਨੀ ਸਾਹਿਬ ਬਾਣੀ ਦੀਆਂ ਅਸ਼ਟਪਦੀਆਂ ਹਨ।

ਗੁਰਬਾਣੀ ਦਾ ਇਹ ਕਾਵਿ-ਰੂਪ ਇਕ ਵਿਸ਼ੇਸ਼ ਰੁਤਬਾ ਰੱਖਦਾ ਹੈ। ਚਉਪਦੇ ਪੰਚਪਦਿਆਂ ਆਦਿ ਤੋਂ ਤੁਰੰਤ ਬਾਅਦ 'ਅਸ਼ਟਪਦੀ' ਕਾਵਿ-ਰੂਪ ਰੂਪਮਾਨ ਹੁੰਦਾ ਹੈ। ਇਨ੍ਹਾਂ ਅਸ਼ਟਪਦੀਆਂ ਵਿੱਚ ਮੂਲ ਅਤੇ ਕੇਂਦਰੀ ਵਿਚਾਰਾਂ ਨੂੰ 'ਰਹਾਉ' ਰਾਹੀਂ ਚਾਨਣ ਵਿੱਚ ਲਿਆਇਆ ਗਿਆ ਹੈ ਅਤੇ ਇਨ੍ਹਾਂ ਸਤਰਾਂ ਵਿੱਚ ਮੁੱਢਲੇ ਪ੍ਰਗਟਾਵੇ ਵਿਚਾਰਾਂ ਦੁਆਲੇ ਹੀ ਬਾਕੀ ਬੰਦ (ਪਦੇ) ਘੁੰਮਦੇ ਹਨ। ਆਮ ਤੌਰ 'ਤੇ ਭਾਵੇਂ ਅਸ਼ਟਪਦੀਆਂ ਅੱਠ-ਅੱਠ ਪਦਿਆਂ ਵਾਲੀਆਂ ਵੀ ਮਿਲਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਅਸ਼ਟਪਦੀਆਂ ਦਾ ਰੂਪ-ਵਿਧਾਨ ਰਾਹੀਂ ਇਹ ਯਕੀਨ ਹੋ ਜਾਂਦਾ ਹੈ ਕਿ ਸੱਤ ਜਾਂ ਵਧੇਰੇ ਪਦਾਂ ਦੇ ਸਮੂਹ ਵਾਲੀਆਂ ਕਾਵਿ-ਰਚਨਾਵਾਂ ਦੀ 'ਅਸ਼ਟਪਦੀ' ਦੀ ਪਰੰਪਰਕ ਰੀਤ ਰਹੀ ਹੋਵੇਗੀ। ਆਮ ਤੌਰ 'ਤੇ ਅਸ਼ਟਪਦੀਆਂ ਦੇ ਬੰਦ ਇਕ ਤੁਕੇ, ਦੋ ਤੁਕੇ, ਤਿੰਨ ਤੁਕੇ, ਚਾਰ ਤੁਕੇ ਅਤੇ ਅੱਠ ਜਾਂ ਦਸ ਤੁਕੇ ਵੀ ਹੋ ਸਕਦੇ ਹਨ। ਇਸ ਤੋਂ ਅਨੁਮਾਨ ਲਾਉਣਾ ਸਹੀ ਹੈ ਕਿ ਅਸ਼ਟਪਦੀਆਂ ਦੇ ਬੰਦ ਸੰਖਿਆ ਅਤੇ ਤੁਕ ਸੰਖਿਆ ਬਾਰੇ ਸਖ਼ਤ ਨੇਮ ਗੁਰੂ ਗ੍ਰੰਥ ਸਾਹਿਬ ਵਿੱਚ ਉਜਾਗਰ ਨਹੀਂ ਹੁੰਦੇ।

'ਅਸ਼ਟਪਦੀ' ਦੇ ਮੂਲ ਵੱਲ ਕਈ ਵਿਦਵਾਨਾਂ ਨੇ ਸੰਕੇਤ ਕੀਤਾ ਹੈ। ਕਈ ਸੰਸਕ੍ਰਿਤ ਦੇ ਸ਼ਬਦ 'ਅਸ਼ਟਪਦਾ' ਵੱਲ ਇਸ਼ਾਰਾ ਕਰਦੇ ਹਨ। ਅਸ਼ਟਪਦੀਆਂ ਵੀ ਚਉਪਦਿਆਂ ਵਾਂਗ ਕਿਸੇ ਪ੍ਰਕਾਰ ਦੇ ਛੰਦ-ਬੰਧਨ ਅਧੀਨ ਨਹੀਂ ਰਚੀਆਂ ਗਈਆਂ, ਸਗੋਂ ਇਹ ਇਕ ਅਜਿਹਾ ਛੰਦ-ਵਿਧਾਨ ਜਾਂ ਪਦੀ-ਸਮੂੰਚ ਹੈ ਜਿਸ ਵਿੱਚ ਲਗਪਗ ਅੱਠ ਪਦੀਆਂ ਸ਼ਾਮਲ ਹੋਣ। ਇਨ੍ਹਾਂ ਉਤੇ ਭਾਵੇਂ ਕਿਸੇ ਖਾਸ ਛੰਦ ਦੇ ਲੱਛਣ ਤਾਂ ਆਰੋਪਿਤ ਨਹੀਂ ਕੀਤੇ ਜਾ ਸਕਦੇ, ਪਰ ਇਨ੍ਹਾਂ ਨਾਲ ਚੌਪਈ, ਨਿਸ਼ਾਨੀ ਆਦਿ ਛੰਦਾਂ ਦੀ ਨੇੜਤਾ ਦਰਸਾਈ ਹੈ।

'ਪਦੀ' ਤੋਂ ਭਾਵ ਹੈ ਤੁਕ ਜਾਂ ਤੁਕ-ਸਮੂਹ। ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਪਦੀਆਂ ਦੀਆਂ ਤੁਕਾਂ ਦੀ ਗਿਣਤੀ ਇਕ ਤੋਂ ਚਾਰ ਤੱਕ ਹੈ। ਆਮ ਤੌਰ 'ਤੇ ਪਹਿਲੀ ਪਦੀ ਤੋਂ ਬਾਅਦ ਇਕ ਜਾਂ ਦੋ ਤੁਕਾਂ ਦਾ 'ਰਹਾਉ' ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਹਰ ਅਸ਼ਟਪਦੀ ਵਿੱਚ ਅੱਠ ਪਦੀਆਂ ਹੀ ਹੋਣ। ਇਹ ਗਿਣਤੀ ਵਧ-ਘੱਟ ਹੋ ਸਕਦੀ ਹੈ ਕਿਉਂਕਿ ਸੱਤ, ਅੱਠ, ਨੌਂ, ਦਸ, ਬਾਰ੍ਹਾਂ ਜਾਂ ਇਸ ਤੋਂ ਵੱਧ ਪਦੀਆਂ ਦੇ ਸਮੂੰਚ ਉਪਲਬਧ ਹਨ। ਇਹ ਪਦੀ ਸਮੂੰਚ ਨੂੰ 'ਅਸ਼ਟਪਦੀਆਂ' ਸਿਰਲੇਖ ਇਸ ਲਈ ਦਿੱਤਾ ਗਿਆ ਹੈ ਕਿਉਂਕਿ ਅਧਿਕਤਰ ਇਹ ਸਮੂੰਚ ਅੱਠ ਪਦੀਆਂ ਵਾਲੇ ਹਨ। ਇਨ੍ਹਾਂ ਅਸ਼ਟਪਦੀਆਂ ਵਿੱਚ ਗੁਰੂ ਸਾਹਿਬਾਨ ਦੇ ਦਾਰਸ਼ਨਿਕ, ਧਾਰਮਿਕ ਅਤੇ ਸਮਾਜਿਕ ਸਿਧਾਂਤ ਦੀ ਵਿਆਖਿਆ ਹੋਈ ਹੈ। ਭਗਤੀ ਲਹਿਰ ਦੀ ਪ੍ਰਸਿੱਧ ਕ੍ਰਿਸ਼ਣ ਭਗਤੀ ਦੇ ਸ਼੍ਰੇਸ਼ਟ ਅੱਠ ਕਵੀਆਂ ਦੇ ਸਮੂਹ ਨੂੰ 'ਅਸ਼ਟ-ਛਾਪ' ਅਤੇ ਅੱਠ ਛੰਦਾਂ ਨੂੰ 'ਅਸ਼ਟਕ ਛੰਦ' ਕਿਹਾ ਜਾਂਦਾ ਹੈ। ਆਮ ਤੌਰ 'ਤੇ ਹਰ ਅਸ਼ਟਪਦੀ ਦੇ ਅੰਤ 'ਨਾਨਕ ਛਾਪ' ਇਕੋ ਵਾਰ ਵਰਤੀ ਮਿਲਦੀ ਹੈ, ਲੇਕਿਨ ਸੁਖਮਨੀ ਦੀ ਹਰ ਅਸ਼ਟਪਦੀ ਦੇ ਅੱਠ-ਅੱਠ ਪਦੇ 'ਨਾਨਕ' ਨਾਲ ਸੁਸ਼ੋਭਿਤ ਹਨ। ਕੁਝ ਅਜਿਹੇ ਵਿਦਵਾਨ ਹਨ, ਜੋ ਅਸ਼ਟਪਦੀ ਨੂੰ ਸ਼ੈਲੀਗਤ ਕਾਵਿ-ਰੂਪ ਸਵੀਕਾਰਦੇ ਹਨ ਅਤੇ ਬਾਕੀ ਛੰਦਗਤ ਕਾਵਿ-ਰੂਪ ਦੇ ਝੁਮਰੇ ਵਿੱਚ ਰਖਦੇ ਹਨ।

# ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ "ਸਮਕਾਲ ਤੇ ਪਰਵਾਸ" ਦਾ ਲੋਕ ਅਰਪਨ 6 ਅਕਤੂਬਰ ਨੂੰ

**ਸਟਾਕਟਨ/ ਬਿਊਰੋ ਨਿਊਜ਼ :** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਕੈਲੀਫੋਰਨੀਆ ਦੀਆਂ ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ 6 ਅਕਤੂਬਰ, ਐਤਵਾਰ ਨੂੰ ਇੱਕ ਸ਼ਾਨਦਾਰ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਕਰਵਾਇਆ ਜਾ ਰਿਹਾ ਹੈ। ਸੰਮੇਲਨ ਦਾ ਆਰੰਭ ਸਵੇਰੇ 11:00 ਵਜੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਤ ਸ਼ਬਦ ਕੀਰਤਨ ਰਾਹੀਂ ਕੀਤਾ ਜਾਵੇਗਾ। ਮਨਜੀਤ ਕੌਰ ਸੇਖੋਂ ਮੰਚ ਸੰਚਾਲਨ ਕਰਨਗੇ। ਇਸ ਸੰਮੇਲਨ ਦੇ ਕੁੱਲ ਤਿੰਨ ਸੈਸ਼ਨ ਹੋਣਗੇ। ਪਹਿਲੇ ਸੈਸ਼ਨ ਵਿੱਚ ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮਹਿੰਦਰ ਚਾਹਿਲ ਦੁਆਰਾ ਸੰਪਾਦਤ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ "ਸਮਕਾਲ ਤੇ ਪਰਵਾਸ" ਲੋਕ ਅਰਪਣ ਕੀਤਾ ਜਾਵੇਗਾ। ਪੰਜਾਬੀ ਸਾਹਿਤ ਦੇ ਖੇਤਰ ਦੇ ਨਾਮਵਰ ਲੇਖਕ ਅਤੇ ਅਲੋਚਕ ਜਸਵੀਰ ਰਾਣਾ ਇਸ ਕਹਾਣੀ-ਸੰਗ੍ਰਹਿ ਬਾਰੇ ਆਪਣਾ ਖੋਜ-ਪੱਤਰ 'ਸਮਕਾਲ ਦਾ ਪਰਵਾਸ' ਪੜ੍ਹਨਗੇ। ਇਸ ਉਪਰੰਤ ਡਾਕਟਰ ਅਮਰੀਕ ਸਿੰਘ ਇਸ ਸੰਗ੍ਰਹਿ ਬਾਰੇ ਆਪਣੇ ਵਿਦਵਤਾ ਭਰਪੂਰ ਵਿਚਾਰ ਸਾਂਝੇ ਕਰਨਗੇ। ਇਸ ਤੋਂ ਬਾਅਦ ਕਹਾਣੀ-ਸੰਗ੍ਰਹਿ ਰਿਲੀਜ਼ ਕੀਤਾ ਜਾਵੇਗਾ।




ਦੂਸਰੇ ਸੈਸ਼ਨ ਵਿੱਚ ਮਨਜੀਤ ਕੌਰ ਸੇਖੋਂ, ਤ੍ਰਿਪਤ ਸਿੰਘ ਭੱਟੀ, ਹਰਨੇਕ ਸਿੰਘ ਆਦਿ ਆਪਣੀਆਂ ਕਹਾਣੀਆਂ ਪੜ੍ਹਨਗੇ। ਤੀਸਰਾ ਸੈਸ਼ਨ ਕਵੀ ਦਰਬਾਰ ਹੋਵੇਗਾ, ਜਿਸ ਵਿੱਚ ਹਾਜ਼ਰ ਸ਼ਾਇਰ ਆਪਣੀਆਂ ਤਾਜ਼ਾਤਰੀਨ ਰਚਨਾਵਾਂ ਦਾ ਪਾਠ ਕਰਨਗੇ। ਇਸ ਭਾਗ ਦਾ ਮੰਚ ਸੰਚਾਲਨ ਜਸਵੰਤ ਸਿੰਘ ਸ਼ਾਦ ਕਰਨਗੇ। ਸਵੇਰੇ10:00 ਤੋਂ 11:00 ਵਜੇ ਇਕੱਤਰਤਾ ਅਤੇ ਚਾਹ ਪਾਣੀ ਹੋਵੇਗਾ। ਇਸ ਉਪਰੰਤ ਮਿਥੀ ਤਰਤੀਬ ਅਨੁਸਾਰ ਪ੍ਰੋਗਰਾਮ ਸ਼ਾਮ 5:00 ਵਜੇ ਤੱਕ ਚਲੇਗਾ। ਸਮੂਹ ਸਾਹਿਤ ਪ੍ਰੇਮੀਆਂ ਨੂੰ ਵਕਤ ਸਿਰ, ਸੰਮੇਲਨ ਦੇ ਨਿਸ਼ਚਤ ਸਥਾਨ : ਸੈਕਰਾਮੈਂਟੋ ਵੈਲੀ ਚਾਰਟਰ ਸਕੂਲ, 2999 ਸੈਲਰਜ਼ ਵੇਅ (ਵੈਸਟ ਸੈਕਰਾਮੈਂਟੋ ਗੁਰਦਵਾਰਾ ਸਾਹਿਬ ਦੇ ਪਿੱਛੇ) ਪਹੁੰਚਣ ਦੀ ਨਿਮਰਤਾ ਪੂਰਵਕ ਅਪੀਲ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਹਰਜਿੰਦਰ ਪੰਧੇਰ, ਪਰਧਾਨ ਪੰਜਾਬੀ ਸਾਹਿਤ ਸਭਾ ਸਟਾਕਟਨ (ਫੋਨ; 209-610-5055) ਅਤੇ ਡਾ. ਅਮਰੀਕ ਸਿੰਘ, ਪ੍ਰਿੰਸੀਪਲ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ (ਫੋਨ : 916-212-8550) 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮੁਸਲਿਮ ਔਰਤਾਂ ਤੇ ਤਿੰਨ ਤਲਾਕ ?



**ਮੁਸਲਿਮ ਔਰਤ (ਵਿਆਹ ਦੇ ਅਧਿਕਾਰਾਂ ਦੀ ਸੁਰੱਖਿਆ) ਕਾਨੂੰਨ 2019 ਦੇ ਤਹਿਤ ਤਿੰਨ ਤਲਾਕ ਗੈਰ ਕਾਨੂੰਨੀ ਹੈ, ਇਸਦੇ ਉਲੰਘਣ ਤੇ ਪੁਰਸ਼ ਨੂੰ ਤਿੰਨ ਸਾਲ ਦੀ ਕੈਦ ਹੋ ਸਕਦੀ ਹੈ। ਪੁਲਿਸ ਬਿਨ੍ਹਾ ਵਾਰੰਟ ਦੇ ਤਿੰਨ ਤਲਾਕ ਦੇਣ ਵਾਲੇ ਦੋਸ਼ੀ ਪਤੀ ਨੂੰ ਗ੍ਰਿਫ਼ਤਾਰ ਕਰ ਸਕਦੀ ਹੈ। ਇਸ ਕਾਨੂੰਨ ਵਿੱਚ ਤਲਾਕ ਤੋਂ ਬਾਅਦ ਪੁਰਸ਼ ਨੂੰ ਤਲਾਕਸ਼ੁਦਾ ਔਰਤ ਦੇ ਰੱਖ ਰਖਾਅ ਲਈ ਪੈਸੇ ਵੀ ਦੇਣੇ ਪੈਣਗੇ ਭਾਵ ਗੁਜ਼ਾਰਾ ਭੱਤਾ ਅਤੇ ਇਸ ਕਾਨੂੰਨ ਤਹਿਤ ਛੋਟੇ ਬੱਚਿਆਂ ਦੀ ਨਿਗਰਾਨੀ ਮਾਂ ਦੇ ਕੋਲ ਰਹੇਗੀ।**

**ਗੋਬਿੰਦਰ ਸਿੰਘ ਢੀਂਡਸਾ**
ਈਮੇਲ - bardwal.gobinder@gmail.com

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਭਾਰਤ ਨੂੰ ਇੱਕ ਧਰਮ ਨਿਰਪੱਖ ਦੇਸ਼ ਐਲਾਨਦੀ ਹੈ ਪਰੰਤੂ ਦੁਖਾਂਤ ਇਹ ਹੈ ਕਿ ਜ਼ਮੀਨੀ ਪੱਧਰ ਤੇ ਦੇਸ਼ ਦੀ ਰਾਜਨੀਤੀ ਤੇ ਵੋਟਾਂ ਦਾ ਜੁਗਾੜ ਕਰਨ ਦੀ ਸਾਰੀ ਰਣਨੀਤੀ ਹਿੰਦੂ-ਮੁਸਲਮਾਨ, ਧਾਰਮਿਕ ਗਿਣਤੀਆਂ ਮਿਣਤੀਆਂ ਤੇ ਹੀ ਕੇਂਦਰਿਤ ਹੁੰਦੀ ਹੈ, ਜੋ ਕਿ ਸ਼ਰਮਨਾਕ ਅਤੇ ਨਿੰਦਣਯੋਗ ਹੈ।

2011 ਦੀ ਜਨਗਣਨਾ ਅਨੁਸਾਰ ਦੇਸ਼ ਵਿੱਚ ਮੁਸਲਿਮ ਆਬਾਦੀ ਤਕਰੀਬਨ 17.22 ਕਰੋੜ ਭਾਵ ਜਨਸੰਖਿਆ ਦਾ 14.2 ਫੀਸਦੀ ਹੁੰਦੇ ਹੋਏ ਦੇਸ਼ ਦਾ ਵੱਡਾ ਅਲਪਸੰਖਿਅਕ ਵਰਗ ਹੈ। 2011 ਦੀ ਜਨਗਣਨਾ ਅਨੁਸਾਰ ਭਾਰਤ ਵਿੱਚ ਤਲਾਕਸ਼ੁਦਾ ਮੁਸਲਿਮ ਔਰਤਾਂ 0.56 ਫੀਸਦੀ ਹਨ ਜਦਕਿ ਤਲਾਕਸ਼ੁਦਾ ਹਿੰਦੂ ਔਰਤਾਂ ਦੀ ਸੰਖਿਆ 0.76 ਫੀਸਦੀ ਹੈ ਅਤੇ ਤਲਾਕਸ਼ੁਦਾ ਇਸਾਈਆਂ ਔਰਤਾਂ ਦੀ ਗਿਣਤੀ 1.23 ਫੀਸਦੀ ਹੈ। ਕਿਸੇ ਵੀ ਸਫ਼ਲ ਲੋਕਤੰਤਰ ਦੀ ਮੁੱਢਲੀ ਪਹਿਚਾਣ ਹੈ ਕਿ ਬਿਨ੍ਹਾਂ ਕਿਸੇ ਭੇਦਭਾਵ ਤੋਂ ਹਰ ਵਰਗ ਨੂੰ ਬਰਾਬਰ ਦੀ ਹਿੱਸੇਦਾਰੀ ਅਤੇ ਸਨਮਾਨ ਮਿਲੇ। ਇਹ ਕੋਈ ਅੱਤਕੱਥਨੀ ਨਹੀਂ ਕਿ ਦੇਸ਼ ਵਿੱਚ ਮੁਸਲਮਾਨ ਭਾਈਚਾਰੇ ਨੂੰ ਦੂਜੇ ਦਰਜੇ ਦੇ ਨਾਗਰਿਕਾਂ ਦੀ ਲਾਇਨ ਵਿੱਚ ਖੜਾ ਕਰ ਦਿੱਤਾ ਗਿਆ ਹੈ। ਕੇਂਦਰ ਦੀ ਸੱਤਾਧਾਰੀ ਭਾਜਪਾ ਦੇ ਜਿੱਤੇ 303 ਪਾਰਲੀਮੈਂਟ ਮੈਂਬਰਾਂ ਵਿੱਚ ਸਿਰਫ਼ ਇੱਕ ਮੁਸਲਿਮ ਭਾਈਚਾਰੇ ਵਿੱਚੋਂ ਹੈ ਅਤੇ ਭਾਜਪਾ ਨੇ ਆਪਣੇ ਕੁੱਲ ਉਮੀਦਵਾਰਾਂ ਵਿੱਚੋਂ ਸਿਰਫ਼ ਛੇ ਮੁਸਲਿਮ ਭਾਈਚਾਰੇ ਵਿੱਚੋਂ ਉਮੀਦਵਾਰ ਬਣਾਏ ਸੀ। 2019 ਦੀ ਲੋਕ ਸਭਾ ਵਿੱਚ ਕੁੱਲ 27 ਪਾਰਲੀਮੈਂਟ ਮੈਂਬਰ ਮੁਸਲਿਮ ਭਾਈਚਾਰੇ ਵਿੱਚੋਂ ਹਨ ਜੋ ਕਿ ਲੋਕ ਸਭਾ ਦਾ ਸਿਰਫ਼ 4.97 ਫੀਸਦੀ ਹੈ ਅਤੇ ਜੋ ਦੇਸ਼ ਦੀ ਮੁਸਲਿਮ ਆਬਾਦੀ ਦੀ ਪ੍ਰਤੀਸ਼ਤ ਤੋਂ ਬਹੁਤ ਘੱਟ ਹੈ। ਇਸੇ ਤਰ੍ਹਾਂ ਲੋਕ ਸਭਾ ਵਿੱਚ ਔਰਤਾਂ ਦੀ ਅਗਵਾਈ ਦਾ ਫੀਸਦ 14.36 ਪ੍ਰਤੀਸ਼ਤ ਹੈ ਜੋ ਦੇਸ਼ ਵਿੱਚ ਔਰਤਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਬਹੁਤ ਘੱਟ ਹੈ।

ਤਿੰਨ ਤਲਾਕ ਨੂੰ ਮੁਸਲਿਮ ਸਮਾਜ ਵਿੱਚ ਤਲਾਕ-ਉਲ-ਬਿਦੂਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਸ ਕਾਨੂੰਨ ਨੂੰ ਇਸਲਾਮਿਕ ਕਾਨੂੰਨ ਤਹਿਤ ਵਿਧਾਨਿਕ ਮਾਨਤਾ ਪ੍ਰਾਪਤ ਹੈ। ਇਸਲਾਮ ਵਿੱਚ ਨਿਕਾਹ ਜਨਮਾਂ ਜਨਮਾਂ ਦਾ ਰਿਸ਼ਤਾ ਨਹੀਂ ਸਗੋਂ ਮੁਸਲਿਮ ਸਮਾਜ ਵਿੱਚ ਨਿਕਾਹ ਇੱਕ ਸਮਝੌਤਾ ਹੁੰਦਾ ਹੈ, ਜਿਸ ਵਿੱਚ ਮੇਹਰ ਦੀ ਸ਼ਰਤ ਦੇ ਚੱਲਦਿਆਂ ਪੁਰਸ਼ ਔਰਤ ਨਾਲ ਨਿਕਾਹ ਭਾਵ ਵਿਆਹ ਕਰਦਾ ਹੈ। ਪਤੀ ਪਤਨੀ ਵਿੱਚ ਕਿਸੇ ਕਾਰਨ ਕਰਕੇ ਆਪਸੀ ਮਤਭੇਦਾਂ ਆਦਿ ਦੇ ਚੱਲਦਿਆਂ ਪੁਰਸ਼ ਤਰਫੋਂ ਆਪਣੀ ਪਤਨੀ ਨੂੰ ਕਿਸੇ ਵੀ ਮਾਧਿਅਮ ਰਾਹੀਂ ਚਾਹੇ ਉਹ ਮੌਖਿਕ ਹੋਵੇ ਜਾਂ ਲਿਖਿਤ, ਚਾਹੇ ਹਾਜਰ ਹੋਕੇ ਜਾਂ ਗੈਰ ਹਾਜਰ, ਚਾਹੇ ਇੰਟਰਨੈੱਟ, ਕਿਸੇ ਸੋਸ਼ਲ ਮੀਡੀਆ ਐਪਜ ਰਾਹੀਂ ਆਦਿ ਤਿੰਨ ਵਾਰ ਤਲਾਕ ਕਹਿ ਕੇ ਆਪਣੇ ਵਿਵਾਹਿਕ ਸੰਬੰਧਾਂ ਨੂੰ ਤੋੜ ਸਕਦਾ ਹੈ ਭਾਵ ਤਲਾਕ ਲੈ ਸਕਦਾ ਹੈ, ਇਹੀ ਤਿੰਨ ਤਲਾਕ ਅਖਵਾਉਂਦਾ ਹੈ ਅਤੇ ਇਹ ਦੋਵੇਂ ਪਤੀ ਪਤਨੀ ਨੂੰ ਮੰਨਣਯੋਗ ਹੁੰਦਾ ਹੈ।

ਦੁਨੀਆਂ ਭਰ ਦੇ ਇਸਲਾਮ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਤਿੰਨ ਤਲਾਕ ਇੱਕ ਗੈਰ ਇਸਲਾਮਿਕ ਪ੍ਰਕਿਰਿਆ ਹੈ ਕਿਉਂਕਿ ਕੁਰਾਨ ਵਿੱਚ ਤਲਾਕ ਦੀ ਪ੍ਰਕਿਰਿਆ ਨੂੰ ਬਹੁਤ ਹੀ ਕਠਿਨ ਦੱਸਿਆ ਗਿਆ ਹੈ। ਕੁਰਾਨ ਵਿੱਚ ਕਿਹਾ ਗਿਆ ਹੈ ਕਿ ਜੇਕਰ ਕੋਈ ਪਤੀ ਤੇ ਪਤਨੀ ਇੱਕ ਦੂਜੇ ਤੋਂ ਅਲੱਗ ਹੋਣਾ ਚਾਹੁੰਦੇ ਹਨ ਤਾਂ ਇਸ ਤੋਂ ਪਹਿਲਾਂ ਪਤੀ ਤੇ ਪਤਨੀ ਅਤੇ ਦੋਹਾਂ ਦੇ ਪਰਿਵਾਰਾਂ ਨੂੰ ਬਹਿ ਕੇ ਹਰ ਸੰਭਵ ਕੋਸ਼ਿਸ ਕਰਨੀ ਚਾਹੀਦੀ ਹੈ ਤਾਂ ਜੋ ਤਲਾਕ ਤੋਂ ਬਚਿਆ ਜਾ ਸਕੇ, ਇਹ ਪ੍ਰਕਿਰਿਆ ਤਿੰਨ ਮਹੀਨੇ ਚੱਲਣੀ ਚਾਹੀਦੀ ਹੈ, ਰਿਸ਼ਤੇ ਨੂੰ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮੁਸਲਮਾਨ ਮਰਦ ਦੁਆਰਾ ਤਲਾਕ ਦੀ ਪ੍ਰਕਿਰਿਆ ਸ਼ੁਰੂ ਕਰਨ ਤੇ ਇਸ ਨੂੰ ਤਲਾਕ-ਏ-ਅਹਿਸਾਨ ਕਹਿੰਦੇ ਹਨ ਅਤੇ ਮੁਸਲਮਾਨ ਔਰਤ ਵੀ ਤਲਾਕ ਦੀ ਮੰਗ ਕਰ ਸਕਦੀ ਹੈ ਜਿਸ ਨੂੰ ਖੁੱਲ੍ਹਾ ਕਿਹਾ ਜਾਂਦਾ ਹੈ, ਜੇ ਪਤੀ ਤਲਾਕ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਪਤਨੀ ਕਾਜ਼ੀ ਕੋਲ ਜਾ ਸਕਦੀ ਹੈ। ਇਸਲਾਮੀ ਨਿਆਂ ਵਿਵਸਥਾ ਅਨੁਸਾਰ ਪਤਨੀ ਵਿਆਹ ਤੋੜ ਸਕਦੀ ਹੈ, ਇਸ ਪ੍ਰਕਿਰਿਆ ਨੂੰ ਫਸ਼ਕ-ਏ-ਨਿਕਾਹ ਕਿਹਾ ਜਾਂਦਾ ਹੈ। ਵਿਆਹ ਵੇਲੇ ਨਿਕਾਹਨਾਮੇ ਦਾ ਵੀ ਵਿਧਾਨ ਹੈ ਅਤੇ ਔਰਤ ਨਿਕਾਹ ਵੇਲੇ ਹੀ ਤਲਾਕ ਦੀਆਂ ਸ਼ਰਤਾਂ ਅਤੇ ਪ੍ਰਕਿਰਿਆ ਨਿਕਾਹਨਾਮੇ ਵਿੱਚ ਸ਼ਾਮਿਲ ਕਰਾ ਸਕਦੀ ਹੈ ਜਿਸਨੂੰ ਤਫਵੀਦ-ਏ-ਤਲਾਕ ਕਿਹਾ ਜਾਂਦਾ ਹੈ। ਨਿਕਾਹ ਤੋਂ ਪਹਿਲਾਂ ਮੇਹਰ ਦੀ ਰਕਮ ਤੈਅ ਕੀਤੀ ਜਾਂਦੀ ਹੈ ਅਤੇ ਤਲਾਕ ਦੇਣ ਉੱਤੇ ਪਤੀ ਨੂੰ ਇਹ ਰਕਮ ਔਰਤ ਨੂੰ ਦੇਣੀ ਪੈਂਦੀ ਹੈ। ਬੁੱਧੀਜੀਵੀਆਂ ਅਨੁਸਾਰ ਜੇਕਰ ਤਲਾਕ ਜਿਆਦਾ ਹੀ ਜ਼ਰੂਰੀ ਹੋਵੇ ਤਾਂ ਅਦਾਲਤੀ ਪ੍ਰਕਿਰਿਆ ਰਾਹੀਂ ਹੀ ਤਲਾਕ ਲੈਣਾ ਚਾਹੀਦਾ ਹੈ।

ਭਾਰਤ ਤੋਂ ਪਹਿਲਾਂ ਦੁਨੀਆਂ ਭਰ ਦੇ ਕਈ ਦੇਸ਼ਾਂ ਨੇ ਤਿੰਨ ਤਲਾਕ ਨੂੰ ਪੂਰੀ ਤਰ੍ਹਾਂ ਬੈਨ ਕੀਤਾ ਹੋਇਆ ਹੈ ਜਿਨ੍ਹਾਂ ਵਿੱਚ ਮਿਸਰ ਅਜਿਹਾ ਫੈਸਲਾ ਲੈਣ ਵਾਲਾ ਪਹਿਲਾ ਦੇਸ਼ ਸੀ ਅਤੇ ਪਾਕਿਸਤਾਨ ਨੇ ਆਪਣੀ ਸਥਾਪਨਾ ਦੇ ਮਹਿਜ 10 ਸਾਲ ਬਾਦ 1956 ਵਿੱਚ ਹੀ ਇਸ ਨੂੰ ਬੈਨ ਕਰ ਦਿੱਤਾ ਸੀ, ਹੋਰਨਾਂ ਵਿੱਚ ਸਾਊਦੀ ਅਰਬ, ਯੂ ਏ ਈ।, ਕਤਰ, ਮੋਰਾਕੋ, ਈਰਾਨ, ਅਲਜੀਰੀਆ, ਜਾਰਡਨ, ਸਾਈਪ੍ਰੱਸ, ਟਿਊਨੀਸ਼ੀਆ, ਮਲੇਸ਼ੀਆ, ਬੁਰਨੇਈ, ਇੰਡੋਨੇਸ਼ੀਆ, ਲੀਬੀਆ, ਸੂਡਾਨ, ਲੇਬਨਾਨ, ਬੰਗਲਾਦੇਸ਼, ਸ੍ਰੀ ਲੰਕਾ, ਤੁਰਕੀ, ਅਫ਼ਗਾਨਿਸਤਾਨ ਆਦਿ ਮੁਲਕ ਸ਼ਾਮਿਲ ਹਨ।

22 ਅਗਸਤ 2017 ਨੂੰ ਭਾਰਤੀ ਸੁਪਰੀਮ ਕੋਰਟ ਨੇ ਤਿੰਨ ਤਲਾਕ ਨੂੰ ਗੈਰ ਸੰਵਿਧਾਨਿਕ ਕਰਾਰ ਦਿੱਤਾ ਸੀ ਅਤੇ ਤਿੰਨ ਤਲਾਕ ਨੂੰ ਭਾਰਤੀ ਸੰਵਿਧਾਨ ਦੁਆਰਾ ਅਨੁਛੇਦ 14 ਵਿੱਚ ਨਾਗਰਿਕਾਂ ਨੂੰ ਦਿੱਤੇ ਗਏ ਸਮਾਨਤਾ ਦੇ ਅਧਿਕਾਰ ਦੀ ਉਲੰਘਣਾ ਮੰਨਿਆ ਸੀ।

ਮੁਸਲਿਮ ਔਰਤ (ਵਿਆਹ ਦੇ ਅਧਿਕਾਰਾਂ ਦੀ ਸੁਰੱਖਿਆ) ਕਾਨੂੰਨ 2019 ਦੇ ਤਹਿਤ ਤਿੰਨ ਤਲਾਕ ਗੈਰ ਕਾਨੂੰਨੀ ਹੈ, ਇਸਦੇ ਉਲੰਘਣ ਤੇ ਪੁਰਸ਼ ਨੂੰ ਤਿੰਨ ਸਾਲ ਦੀ ਕੈਦ ਹੋ ਸਕਦੀ ਹੈ। ਪੁਲਿਸ ਬਿਨ੍ਹਾ ਵਾਰੰਟ ਦੇ ਤਿੰਨ ਤਲਾਕ ਦੇਣ ਵਾਲੇ ਦੋਸ਼ੀ ਪਤੀ ਨੂੰ ਗ੍ਰਿਫ਼ਤਾਰ ਕਰ ਸਕਦੀ ਹੈ। ਇਸ ਕਾਨੂੰਨ ਵਿੱਚ ਤਲਾਕ ਤੋਂ ਬਾਅਦ ਪੁਰਸ਼ ਨੂੰ ਤਲਾਕਸ਼ੁਦਾ ਔਰਤ ਦੇ ਰੱਖ ਰਖਾਅ ਲਈ ਪੈਸੇ ਵੀ ਦੇਣੇ ਪੈਣਗੇ ਭਾਵ ਗੁਜ਼ਾਰਾ ਭੱਤਾ ਅਤੇ ਇਸ ਕਾਨੂੰਨ ਤਹਿਤ ਛੋਟੇ ਬੱਚਿਆਂ ਦੀ ਨਿਗਰਾਨੀ ਮਾਂ ਦੇ ਕੋਲ ਰਹੇਗੀ।

ਇਸ ਕਾਨੂੰਨ ਦੇ ਵਿਰੋਧ ਵਿੱਚ ਇਹ ਵੀ ਤਰਕ ਦਿੱਤਾ ਜਾਂਦਾ ਹੈ ਕਿ ਸਰਕਾਰ ਨੂੰ ਕਿਸੇ ਦੇ ਧਰਮ ਅਤੇ ਨਿੱਜੀ ਮਾਮਲਿਆਂ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ। ਇਸ ਸੰਬੰਧੀ ਮੁਸਲਿਮ ਬੁੱਧੀਜੀਵੀਆਂ ਅਤੇ ਔਰਤਾਂ ਸੰਗਠਨਾਂ ਦਾ ਕਹਿਣਾ ਹੈ ਕਿ ਇਸ ਨਾਲ ਮੁਸਲਿਮ ਔਰਤਾਂ ਦੀ ਕੋਈ ਮੱਦਦ ਨਹੀਂ ਹੋਵੇਗੀ ਕਿਉਂਕਿ ਉਹਨਾਂ ਦੇ ਪਤੀ ਦੇ ਜੇਲ੍ਹ ਜਾਣ ਦੀ ਹਾਲਤ ਵਿੱਚ ਪਤੀ ਗੁਜਾਰਾ ਭੱਤਾ ਕਿਵੇਂ ਦੇਵੇਗਾ? ਇਨ੍ਹਾਂ ਦਾ ਮੰਨਣਾ ਹੈ ਕਿ ਔਰਤ ਅਤੇ ਮਰਦ ਵਿਚਕਾਰ ਬਰਾਬਰੀ ਦੀ ਦਿਸ਼ਾ ਵਿੱਚ ਅੱਗੇ ਵਧਣਾ ਚਾਹੀਦਾ ਹੈ ਨਾ ਕਿ ਅਪਰਾਧ ਦੀ ਸ਼੍ਰੇਣੀ ਵਿੱਚ ਰੱਖਣਾ ਚਾਹੀਦਾ ਹੈ। ਦੂਜੀ ਦਲੀਲ ਇਹ ਵੀ ਹੈ ਕਿ ਤਿੰਨ ਤਲਾਕ ਦੇ ਅਪਰਾਧ ਦੀ ਸ਼੍ਰੇਣੀ ਚ ਆਉਣ ਕਰਕੇ ਮੁਸਲਿਮ ਮਰਦ ਦੁਆਰਾ ਤਲਾਕ ਤੋਂ ਬਿਨ੍ਹਾਂ ਹੀ ਆਪਣੀਆਂ ਪਤਨੀ ਨੂੰ ਛੱਡਿਆ ਜਾ ਸਕਦਾ ਹੈ ਜਿਸ ਨਾਲ ਔਰਤ ਦੀ ਸਥਿਤੀ ਹੋਰ ਮਾੜੀ ਹੋ ਜਾਵੇਗੀ। ਇਹ ਵੀ ਪੱਖ ਹੈ ਕਿ ਨਵੇਂ ਕਾਨੂੰਨ ਦੀ ਕੋਈ ਲੋੜ ਨਹੀਂ ਸੀ, ਕਿਉਂਕਿ ਕਾਨੂੰਨੀ ਰੂਪ ਵਿੱਚ ਪਹਿਲਾਂ ਹੀ ਬਹੁਤ ਕਾਨੂੰਨ ਮੌਜੂਦ ਹਨ, ਜੋ ਵਿਆਹੁਤਾ ਔਰਤਾਂ ਨੂੰ ਬੇਇਨਸਾਫ਼ੀ ਤੋਂ ਬਚਾਉਂਦੇ ਹਨ।

ਤਾਜ਼ਾ ਕਾਨੂੰਨ ਵਿੱਚ ਕੁਝ ਆਪਾ ਵਿਰੋਧ ਵੀ ਹੈ ਅਤੇ ਇਹ ਦੁਖਾਂਤ ਹੈ ਕਿ ਇੱਕ ਨਾਗਰਿਕ ਦੀ ਅਸਹਿਮਤੀ ਨੂੰ ਹੁਣ ਅਪਰਾਧ ਦੀ ਸ਼੍ਰੇਣੀ ਵਿੱਚ ਪਾ ਦਿੱਤਾ ਗਿਆ ਹੈ। ਔਰਤਾਂ ਦੇ ਹਿੱਤਾਂ ਦੀ ਸੁਰੱਖਿਆ ਦੀ ਗੱਲ ਕਰਦਿਆਂ ਦੂਜੇ ਵਰਗਾਂ ਦੀ ਔਰਤਾਂ ਜੋ ਬਿਨ੍ਹਾਂ ਤਲਾਕ ਦੇ ਸੰਤਾਪ ਭੋਗ ਰਹੀਆਂ ਹਨ, ਉਹਨਾ ਤੇ ਸਰਕਾਰ ਦੀ ਧਾਰੀ ਚੁੱਪੀ ਅਤੇ ਸੰਬੰਧਤ ਮਾਮਲੇ ਵਿੱਚ ਕੀਤੀ ਜਲਦਬਾਜ਼ੀ ਕੇਂਦਰ ਸਰਕਾਰ ਦੀ ਮੰਸ਼ਾ ਤੇ ਕਿਤੇ ਨਾ ਕਿਤੇ ਸਵਾਲੀਆ ਨਿਸ਼ਾਨ ਖੜ੍ਹੀ ਕਰਦੀ ਹੈ।ਇਹ ਜ਼ਰੂਰੀ ਹੈ ਕਿ ਲੋਕਤੰਤਰੀ ਵਿਵਸਥਾ ਵਿੱਚ ਨਾਗਰਿਕ ਅਸਹਿਮਤੀ ਤੇ ਅਪਰਾਧਿਕ ਕੰਮਾਂ ਵਿੱਚ ਅੰਤਰ ਨੂੰ ਖ਼ਤਮ ਨਾ ਕੀਤਾ ਜਾਵੇ ਅਤੇ ਕਿਸੇ ਵਰਗ ਵਿਸ਼ੇਸ ਉੱਪਰ ਕਲਿਆਣਕਾਰੀ ਕਾਨੂੰਨ ਬਣਾਉਣ ਵੇਲ੍ਹੇ ਸੰਬੰਧਤ ਵਰਗ ਦੇ ਬੁੱਧੀਜੀਵੀਆਂ ਦੀ ਸਲਾਹ ਦੇ ਨਾਲ ਨਾਲ, ਵਿਰੋਧੀ ਪਾਰਟੀਆਂ ਦੇ ਯੋਗ ਤਰਕਾਂ ਤੇ ਆਧਾਰਿਤ ਸਲਾਹ ਮਸ਼ਵਰ੍ਹਿਆਂ ਨੂੰ ਵੀ ਸੰਬੰਧਤ ਕਾਨੂੰਨ ਵਿੱਚ ਸਥਾਨ ਦੇਣਾ ਚਾਹੀਦਾ ਹੈ, ਨਾ ਕਿ ਆਪਣੀ ਜਿੱਦ ਨੂੰ ਦੂਜਿਆਂ ਤੇ ਥੋਪਣਾ।

## ਸ਼੍ਰੋਮਣੀ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ ਦੀ ਲਿਖੀ ਪੁਸਤਕ 'ਗਾਗਰ ਵਿੱਚ ਸਾਗਰ' ਲੋਕ ਅਰਪਿਤ

**ਯੂਨੀਅਨ ਸਿਟੀ/ਏਟੀ ਨਿਊਜ਼ :** ਸ਼੍ਰੋਮਣੀ ਸਾਹਿਤਕਾਰ, ਨਾਮੀ ਗੀਤਕਾਰ ਤੇ ਰਾਸ਼ਟਰੀ ਪੁਰਸਕਾਰ ਵਿਜੇਤਾ ਅਮਰੀਕ ਸਿੰਘ ਤਲਵੰਡੀ ਦੀ ਪੁਸਤਕ 'ਗਾਗਰ ਵਿੱਚ ਸਾਗਰ' ਇੱਥੇ ਰਾਜਾ ਸਵੀਟਸ 'ਤੇ ਲੋਕ ਅਰਪਿਤ ਕਰਦਿਆਂ ਉੱਘੇ ਕਾਰੋਬਾਰੀ ਅਤੇ ਖੇਡ ਪ੍ਰਮੋਟਰ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਪੰਜਾਬੀ ਸਾਹਿਤ ਅਤੇ ਸੱਭਿਅਚਾਰ ਨੂੰ ਇਸ ਵੇਲੇ ਅਮਰੀਕ ਤਲਵੰਡੀ ਵਰਗੇ ਸਾਹਿਤਕਾਰਾਂ



ਅਤੇ ਸ਼ਾਇਰਾਂ ਦੀ ਜ਼ਰੂਰਤ ਹੈ ਜੋ ਪੰਜਾਬੀ ਗਾਇਕੀ ਦੇ ਗੰਧਲੇ ਹੋ ਰਹੇ ਮਹੌਲ ਨੂੰ ਸਾਫ ਸੁਥਰਾ ਰੱਖ ਸਕਣ। ਉਨ੍ਹਾਂ ਕਿਹਾ ਕਿ ਅਮਰੀਕ ਸਿੰਘ ਤਲਵੰਡੀ ਨੇ ਸਾਹਿਤਕ ਖੇਤਰ 'ਚ ਪ੍ਰਾਪਤੀਆਂ ਹੀ ਨਹੀਂ ਕੀਤੀਆਂ ਸਗੋਂ ਪੈੜਾਂ ਪਾਈਆਂ ਨੇ। ਸਟੇਜ ਦੀ ਮਲਿਕਾ ਆਸ਼ਾ ਸ਼ਰਮਾ ਨੇ ਕਿਹਾ ਕਿ ਅਮਰੀਕ ਸਿੰਘ ਤਲਵੰਡੀ ਨੇ ਇਕ ਵਧੀਆ ਅਧਿਆਪਕ ਵੀ ਹਨ ਅਤੇ ਉਨ੍ਹਾਂ ਨੂੰ ਰਾਜ ਪੁਰਸਕਾਰ ਅਤੇ ਭਾਰਤ ਦੇ ਰਾਸ਼ਟਰਪਤੀ ਵਲੋਂ ਇਕ ਸਫਲ ਅਧਿਆਪਕ ਦੇ ਮਾਣ ਹਿਤ ਰਾਸ਼ਟਰੀ ਪੁਰਸਕਾਰ ਵੀ ਪ੍ਰਦਾਨ ਕੀਤਾ ਜਾ ਚੁੱਕਾ ਹੈ। 'ਗਾਗਰ ਵਿਚ ਸਾਗਰ' ਵਿਚ ਛੋਟੀਆਂ ਛੋਟੀਆਂ ਰੁਬਾਈਆਂ ਹਨ। ਜਿਨ੍ਹਾਂ ਵਿਚ ਰੁੱਖਾਂ, ਵਾਤਾਵਰਣ, ਪਾਣੀ ਅਤੇ ਪਿਆਰ ਮੁਹੱਬਤ ਦੇ ਸੰਕਲਪ ਨੂੰ ਜਿਊਂਦਾ ਰੱਖਣ ਦਾ ਸੰਦੇਸ਼ ਮਿਲਦਾ ਹੈ। ਇਹ ਪੁਸਤਕ ਸੱਚੀਂ ਗਾਗਰ ਵਿਚ ਸਾਗਰ ਹੈ। ਉੱਘੇ ਸਾਹਿਤਕਾਰ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ਸ੍ਰੀ ਤਲਵੰਡੀ ਨਾਲ ਮੇਰੀ ਤੀਹ ਸਾਲਾਂ ਤੋਂ ਸਾਂਝ ਹੈ ਤੇ ਉਹਨੇ ਸਾਹਿਤ ਤੇ ਸੰਗੀਤ ਖੇਤਰ 'ਚ ਪ੍ਰਾਪਤੀਆਂ ਦੇ ਨਾਲ ਨਾਲ ਸਮਾਜ ਨੂੰ ਮਿਹਨਤੀ ਹੋਣ ਦਾ ਨਮੂਨਾ ਪੇਸ਼ ਕਰਦਿਆਂ ਇਕ ਬਹੁਪੱਖੀ ਸਖਸ਼ੀਅਤ ਵਜੋਂ ਆਪਣੇ ਆਪ ਨੂੰ ਉਭਾਰਿਆ ਹੈ। ਉਸਦੀ ਗੀਤਾਂ ਨੂੰ ਹਰ ਵੱਡੇ ਗਾਇਕ ਨੇ ਗਾਇਆ ਹੈ ਜਿਨ੍ਹਾਂ 'ਤੇ ਕਿਤੇ ਵੀ ਉਂਗਲੀ ਨਹੀਂ ਧਰੀ ਜਾ ਸਕਦੀ। ਅਮਰੀਕ ਤਲਵੰਡੀ ਮੁਕੰਮਲ ਸਾਹਿਤਕ ਸਖਸ਼ੀਅਤ ਹੈ। ਲੇਖਕ ਜਗਤਾਰ ਗਿੱਲ ਨੇ ਆਪਣੇ ਸ਼ਬਦਾਂ 'ਚ ਤਲਵੰਡੀ ਦੇ ਲਿਖੇ ਅਤੇ ਕੁਲਦੀਪ ਮਾਣਕ ਦੇ ਗਾਏ ਕੁਝ ਗੀਤਾਂ ਦਾ ਜ਼ਿਕਰ ਕਰਦਿਆਂ ਜਾਣਕਾਰੀ ਸਾਂਝੀ ਕੀਤੀ ਕਿ ਦੇਵ ਥਰੀਕੇ, ਸੁਰਿੰਦਰ ਸ਼ਿੰਦਾ ਅਤੇ ਅਮਰੀਕ ਤਲਵੰਡੀ ਆਪਸ ਵਿਚ ਸੰਗੀਤਕ ਅਤੇ ਸਾਹਿਤਕ ਸਾਂਝ ਹੀ ਨਹੀਂ ਰੱਖਦੇ ਸਗੋਂ ਰਿਸ਼ਤੇ ਵਿਚ ਸਾਂਢੂ ਵੀ ਹਨ। ਇਸ ਮੌਕੇ ਮੱਖਣ ਸਿੰਘ ਬੈਂਸ, ਨਰਿੰਦਰ ਸਿੰਘ ਸਹੋਤਾ, ਜੁਗਰਾਜ ਸਿੰਘ ਸਹੋਤਾ, ਮਹਿੰਗਾ ਸਿੰਘ ਸਰਪੰਚ, ਮੇਜਰ ਸਿੰਘ ਬੈਂਸ ਆਦਿ ਸਖਸ਼ੀਅਤਾਂ ਨੇ ਵੀ ਅਮਰੀਕ ਤਲਵੰਡੀ ਦੀ ਸਾਹਿਤਕ ਸਖਸ਼ੀਅਤ 'ਤੇ ਚਾਨਣਾ ਪਾਇਆ।

## ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਨੂੰ ਪੁਨਰ ਸੁਰਜੀਤ ਕੀਤਾ



**ਯੂਬਾ ਸਿਟੀ/ਏਟੀ ਨਿਊਜ਼ :** ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਦੇ ਪ੍ਰਧਾਨ ਡਾ. ਹਰਬੰਸ ਸਿੰਘ ਜਗਿਆਸੂ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਹੈ ਕਿ ਯੂਬਾ ਸਿਟੀ ਵਿਚ ਸੰਨ 1982 ਵਿਚ ਸਰਦਾਰ ਜਸਪਾਲ ਸੂਸ, ਜੋਗਿੰਦਰ ਸਿੰਘ ਪਰਦੇਸੀ, ਸੰਤੋਖ ਸਿੰਘ ਗਿੱਲ, ਹਰਭਜਨ ਸਿੰਘ ਗਿੱਲ, ਰਾਬਿੰਦਰ ਸਿੰਘ ਅਟਵਾਲ ਤੇ ਕੁਝ ਹੋਰ ਲਿਖਾਰੀਆਂ, ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਸਾਹਿਤਕਾਰਾਂ ਨੇ ਰਲ ਕੇ ਸਾਹਿਤ ਸਭਾ ਸ਼ੁਰੂ ਕੀਤੀ ਸੀ ਜੋ ਸੰਨ 1992 ਤੱਕ ਲਗਾਤਾਰ ਚਲਦੀ ਰਹੀ। ਪਰ ਉਦੋਂ ਇਸ ਦੇ ਕੁਝ ਸਰਗਰਮ ਮੈਂਬਰਾਂ ਨੂੰ ਕੁਝ ਨਿੱਜੀ ਕਾਰਨਾਂ ਕਰਕੇ ਯੂਬਾ ਸਿਟੀ ਤੋਂ ਦੂਰ ਜਾਣਾ ਪਿਆ ਤੇ ਇਸ ਦੀ ਸਰਗਰਮੀ ਰੁਕ ਗਈ। ਹੁਣ ਯੂਬਾ ਸਿਟੀ ਦੇ ਸਾਹਿਤਕਾਰਾਂ ਨੇ ਇਸ ਨੂੰ ਫਿਰ ਚਾਲੂ ਕਰਨ ਦਾ ਫੈਸਲਾ ਕੀਤਾ ਹੈ। ਯੂਬਾ ਸਿਟੀ ਵਿਚ ਜੋ ਸਾਹਿਤ ਸਭਾ ਸੰਨ 1982 ਵਿਚ ਬਣਾਈ ਗਈ ਸੀ, ਉਸੇ ਨੂੰ ਫਿਰ ਆਰੰਭ ਕੀਤਾ ਗਿਆ ਹੈ। ਇਸ ਤਰ੍ਹਾਂ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਨੂੰ ਮੁੜ ਸੁਰਜੀਤ ਕਰ ਲਿਆ ਗਿਆ ਹੈ। ਇਸ ਦੀ ਪਹਿਲੀ ਇਕੱਤਰਤਾ ਤਾਜ ਰੈਸਟੋਰੈਂਟ, ਵਾਈਲਰ ਰੋਡ, ਯੂਬਾ ਸਿਟੀ ਵਿਖੇ ਪਹਿਲੀ ਸਤੰਬਰ 2019 (ਐਤਵਾਰ) ਨੂੰ ਕੀਤੀ ਗਈ ਜਿਸ ਵਿਚ ਇਹ ਸਾਰੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਹਾਜ਼ਰ ਸਾਹਿਤਕਾਰਾਂ ਦੇ ਵਿਚਾਰ ਵੀ ਲਏ ਗਏ। ਸਾਰਿਆਂ ਨੇ ਇਸ ਦਾ ਸਵਾਗਤ ਕੀਤਾ ਤੇ ਇਸ ਨਾਲ ਆਪਣੀ ਸਹਿਮਤੀ ਪ੍ਰਗਟਾਈ। ਇਸ ਮੌਕੇ ਇਕ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਮੌਕੇ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ, ਵਲੋਂ ਵੱਖ ਵੱਖ ਵਿਸ਼ਿਆਂ 'ਤੇ ਲਿਖੀਆਂ ਤੇ ਹੁਣੇ ਹੁਣੇ ਪ੍ਰਕਾਸ਼ਤ ਹੋਈਆਂ ਪੰਜਾਬੀ ਦੀਆਂ ਚਾਰ ਪੁਸਤਕਾਂ ਕ੍ਰਮਵਾਰ "ਮਾਨਵੀ ਗਲਤੀਆਂ ਅਤੇ ਉਨ੍ਹਾਂ ਦਾ ਸੁਧਾਰ" (ਮਾਸਟਰ ਨਿਰਮਲ ਸਿੰਘ ਲਾਲੀ), "ਫਰਿਸ਼ਤੇ" (ਸੁਰਿੰਦਰ ਕੌਰ ਸੈਣੀ ਦਾ ਨਾਵਲ), "ਮੈਂ ਮਿੱਟੀ ਦਾ ਰੂਪ" (ਬਲਬੀਰ ਸਿੰਘ ਡੁਮੇਲੀ ਦਾ ਦੋਹਾ ਸੰਗ੍ਰਹਿ) ਅਤੇ ਕਿਸਾਨੀ ਨਾਲ ਸਬੰਧਿਤ "ਲੋਕੋਕਤੀਆਂ" (ਡਾਕਟਰ ਗਿਆਨ ਸਿੰਘ ਰੰਧਾਵਾ; Agricultural Proverbs by Dr. Gian Singh Randhawa) ਨੂੰ ਲੋਕ ਅਰਪਣ ਕੀਤਾ ਗਿਆ।

ਸਾਹਿਤਕ ਦੌਰ ਗਜ਼ਲਗੋ ਇਕਵਿੰਦਰ ਸਿੰਘ, ਜਨਰਲ ਸਕੱਤਰ ਦੀ ਸਰਪ੍ਰਸਤੀ ਵਿਚ ਕੀਤਾ ਗਿਆ। ਸ. ਹਰਮੀਤ ਸਿੰਘ ਅਟਵਾਲ ਅਲੋਚਕ ਨੇ ਪੰਜਾਬੀ ਸਾਹਿਤ ਰਚਨਾ ਬਾਰੇ ਆਪਣੇ ਵਿਚਾਰ ਤੇ ਤਜਰਬੇ ਸਾਂਝੇ ਕੀਤੇ। ਸ. ਤਰਦੀਪ ਸਿੰਘ ਜੋ ਬੈਂਕ ਮੈਨੇਜਰ ਦੀ ਨੌਕਰੀ ਤੋਂ ਰਿਟਾਇਰ ਹੋ ਕੇ ਹੁਣ ਪੀਐਚਡੀ. ਦੀ ਪੜ੍ਹਾਈ ਕਰ ਰਹੇ ਹਨ, ਨੇ ਆਪਣੀ ਇਸ ਮੁਹਿਮ ਬਾਰੇ ਜਾਣਕਾਰੀ ਸਾਂਝੀ ਕੀਤੀ। ਮਨਜੀਤ ਕੌਰ ਸੇਖੋਂ ਨੇ ਹਰਮੀਤ ਸਿੰਘ ਅਟਵਾਲ ਨੂੰ ਸੰਬੋਧਨ ਹੋ ਕੇ ਲਿਖੀ ਇਕ ਤਾਜ਼ਾ ਕਵਿਤਾ ਪੇਸ਼ ਕੀਤੀ, ਲਵਪ੍ਰੀਤ ਸਿੰਘ ਨੇ ਆਪਣੀ ਸੁਰੀਲੀ ਆਵਾਜ਼ ਵਿਚ ਇਕ ਕਵਿਤਾ ਤੇ ਇਕ ਗੀਤ ਸੁਣਾਇਆ। ਦਿਆਲ ਨਰ ਨੇ ਇਕ ਕਹਾਣੀ, ਜੀਵਨ ਰਤਨ ਰੱਤੂ ਨੇ ਤਰੰਨੁਮ ਵਿਚ ਇਕ ਕਵਿਤਾ, ਬੀਬੀ ਸੁਰਜੀਤ ਕੌਰ ਨੇ ਆਪਣੇ ਬਾਰੇ ਸੰਖੇਪ ਜਾਣਕਾਰੀ ਦੇਣ ਉਪਰੰਤ ਕਵਿਤਾ ਤੇ ਕੁਝ ਰੁਬਾਈਆਂ, ਅਮਨਦੀਪ ਸਿੰਘ ਨੇ ਦੋਹੇ ਤੇ ਕਵਿਤਾ, ਹਰਸ਼ਰਨ ਸਿੰਘ ਨੇ ਤਰੰਨੁਮ ਵਿਚ ਕਵਿਤਾ, ਸੁਖਦੇਵ ਸਿੰਘ ਢਿੱਲੋਂ ਨੇ ਕਵਿਤਾ, ਹਰਭਜਨ ਸਿੰਘ ਢੇਰੀ ਨੇ ਗਜ਼ਲ, ਗਜ਼ਲਗੋ ਇਕਵਿੰਦਰ ਸਿੰਘ ਨੇ ਇਕ ਗਜ਼ਲ ਸੁਣਾ ਕੇ ਸਾਹਿਤਕ ਰੰਗ ਬੰਨਿਆ।

ਸਾਹਿਤ ਸਭਾ ਇਕੱਤਰਤਾ ਵਿਚ ਭਾਗ ਲੈਣ ਵਾਲਿਆਂ ਵਿਚ ਮਾਸਟਰ ਨਿਰਮਲ ਸਿੰਘ ਲਾਲੀ, ਡਾ. ਗੁਰਿੰਦਰ ਸਿੰਘ, ਡਾ. ਹਰਬੰਸ ਸਿੰਘ ਜਗਿਆਸੂ, ਰੈਸਟੋਰੈਂਟ ਦੇ ਮਾਲਕ ਸ. ਮਨਜੀਤ ਸਿੰਘ ਤੇ ਕਰਮਚਾਰੀਆਂ ਨੇ ਸਭ ਦੀ ਸੇਵਾ ਕੀਤੀ ਅਤੇ ਫੋਟੋਆਂ ਖਿੱਚਣ ਵਿਚ ਵੀ ਮਦਦ ਕੀਤੀ। ਸਭਾ ਦੇ ਪ੍ਰਧਾਨ ਡਾ. ਹਰਬੰਸ ਸਿੰਘ ਜਗਿਆਸੂ ਨੇ ਹਾਜ਼ਰ ਸਾਹਿਤਕਾਰਾਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਤੇ ਇਹ ਜਾਣਕਾਰੀ ਸਾਂਝੀ ਕੀਤੀ ਕਿ ਸਰਦਾਰ ਜਸਪਾਲ ਸਿੰਘ ਸੂਸ, ਜੋ 1982 ਵਿਚ ਇਸ ਸਭਾ ਦੇ ਮੋਢੀਆਂ ਵਿਚੋਂ ਹਨ, ਕਿਸੇ ਨਿੱਜੀ ਮਜਬੂਰੀ ਵਸ ਪਹੁੰਚ ਨਹੀਂ ਸਕੇ, ਨੇ ਫੋਨ ਕਰਕੇ ਅੱਜ ਇੱਥੇ ਇਕੱਠੇ ਹੋਏ ਸਾਹਿਤਕਾਰਾਂ ਦਾ ਸਵਾਗਤ ਕੀਤਾ ਤੇ ਵਧਾਈ ਭੇਜੀ ਹੈ। ਜੋਗਿੰਦਰ ਸਿੰਘ ਪ੍ਰਦੇਸੀ ਵੀ ਮੋਢੀਆਂ ਵਿਚੋਂ ਸਨ ਅਤੇ ਇਸ ਸਮੇਂ ਚੱਲਣ ਤੋਂ ਅਸਮਰੱਥ ਹਨ, ਨੇ ਵੀ ਵਧਾਈ ਭੇਜੀ ਹੈ। ਬੌਬੀ ਗੋਸਲ ਜੀ ਨੇ ਵੀ ਫੋਨ ਕਰਕੇ ਸ਼ੁਭ ਇਛਾਵਾਂ ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਗਲੀ ਬੈਠਕ ਅਕਤੂਬਰ ਦੇ ਪਹਿਲੇ ਐਤਵਾਰ ਨੂੰ ਇਸੇ ਥਾਂ ਇਸੇ ਸਮੇਂ 'ਤੇ ਹੋਵੇਗੀ, ਸਾਰੇ ਪੂਰੇ ਉਤਸ਼ਾਹ ਤੇ ਪੂਰੀ ਤਿਆਰੀ ਨਾਲ ਪੁੱਜਣ। ਜੇ ਕੋਈ ਤਬਦੀਲੀ ਹੋਈ ਤਾਂ ਇਤਲਾਹ ਕਰ ਦਿੱਤੀ ਜਾਵੇਗੀ। ਸਾਰਿਆਂ ਨੂੰ ਸ਼ੁਭ ਇਸ਼ਾਵਾਂ ਤੇ ਧੰਨਵਾਦ ਦੇ ਨਾਲ ਮੀਟਿੰਗ ਨੂੰ ਸਮਾਪਤ ਕੀਤਾ ਗਿਆ

# Classified

## BRIDE WANTED

Jatt sikh boy, Age 40 years,
Single, Height-5"/11,
Profession Dentist Doctor.
**Contact : 909 815 2797**


# ਡੀਸੀ ਨਾਲ ਬਦਸਲੂਕੀ ਦੇ ਦੋਸ਼ ਕਾਰਨ ਬੈਂਸ ਖ਼ਿਲਾਫ਼ ਦਰਜ ਹੋਇਆ ਕੇਸ

## *ਬੈਂਸ ਨੇ ਪਟਾਕਾ ਫੈਕਟਰੀ ਧਮਾਕੇ ਤੋਂ ਬਾਅਦ ਪੀੜਤਾਂ ਦੇ ਹੱਕ 'ਚ ਉਠਾਈ ਸੀ ਆਵਾਜ਼*

**ਬਟਾਲਾ/ਏਟੀ ਨਿਊਜ਼ :** ਪਟਾਕਾ ਫੈਕਟਰੀ ਧਮਾਕੇ ਤੋਂ ਬਾਅਦ ਪੀੜਤਾਂ ਅਤੇ ਜ਼ਖਮੀਆਂ ਦੀ ਸਾਰ ਲੈਣ ਆਏ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਸਿਵਲ ਹਸਪਤਾਲ ਬਟਾਲਾ ਵਿਚ ਗੁਰਦਾਸਪੁਰ ਦੇ ਡੀਸੀ ਵਿਪੁਲ ਉਜਵਲ ਨੂੰ ਧਮਕਾਉਣ, ਬਦਸਲੂਕੀ ਕਰਨ ਅਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ ਹੇਠ ਬਟਾਲਾ ਪੁਲੀਸ ਨੇ ਵਿਧਾਇਕ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਇਹ ਘਟਨਾ 5 ਸਤੰਬਰ ਦੀ ਹੈ। ਥਾਣਾ ਸਿਟੀ ਬਟਾਲਾ ਦੀ ਪੁਲੀਸ ਨੇ ਬਟਾਲਾ ਦੇ ਐੱਸਡੀਐੱਮ ਬਲਬੀਰ ਰਾਜ ਸਿੰਘ ਦੇ ਬਿਆਨਾਂ 'ਤੇ ਇਹ ਕੇਸ ਦਰਜ ਕੀਤਾ ਹੈ।
ਡੀਐੱਸਪੀ ਸਿਟੀ ਬਾਲ ਕ੍ਰਿਸ਼ਨ ਸਿੰਗਲਾ ਨੇ ਦੱਸਿਆ ਕਿ ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਐੱਸਡੀਐੱਮ ਬਟਾਲਾ ਬਲਬੀਰ ਰਾਜ ਸਿੰਘ ਨੇ ਦੱਸਿਆ ਕਿ 4 ਸਤੰਬਰ ਨੂੰ ਬਟਾਲਾ ਸ਼ਹਿਰ ਵਿਚ ਇੱਕ ਪਟਾਕਾ ਫੈਕਟਰੀ ਵਿੱਚ ਧਮਾਕਾ ਹੋਣ ਦੀ ਘਟਨਾ ਤੋਂ ਬਾਅਦ 5 ਸਤੰਬਰ ਨੂੰ ਬਾਅਦ ਦੁਪਹਿਰ ਬਚਾਅ ਕਾਰਜਾਂ ਦਾ ਜਾਇਜ਼ਾ ਲੈਣ ਅਤੇ ਲਾਸ਼ਾਂ ਦੀ ਸ਼ਨਾਖਤ ਕਰਨ ਲਈ ਸਿਵਲ ਅਤੇ ਪੁਲੀਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੀ ਮੀਟਿੰਗ ਚੱਲ ਰਹੀ ਸੀ ਜਿਸ ਵਿੱਚ ਐੱਸਐੱਸਪੀ ਬਟਾਲਾ ਓਪਿੰਦਰਜੀਤ ਸਿੰਘ ਘੁੰਮਣ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਗੁਰਦਾਸਪੁਰ ਤਜਿੰਦਰਪਾਲ ਸਿੰਘ ਸੰਧੂ ਤੇ ਹੋਰ ਅਧਿਕਾਰੀ ਸ਼ਾਮਲ ਸਨ। ਇਸੇ ਦੌਰਾਨ ਵਿਧਾਇਕ ਸਿਮਰਜੀਤ ਸਿੰਘ ਬੈਂਸ ਆਪਣੇ ਕਰੀਬ 20 ਸਾਥੀਆਂ ਸਮੇਤ ਐੱਸਐੱਮਓ ਦਫ਼ਤਰ ਵਿੱਚ ਜ਼ਬਰਦਸਤੀ ਦਾਖਲ ਹੋਏ ਤੇ ਮ੍ਰਿਤਕ ਸਤਨਾਮ ਸਿੰਘ ਵਾਸੀ ਕੋਟ ਖਾਲਸਾ ਅੰਮ੍ਰਿਤਸਰ ਦੀ ਸ਼ਨਾਖਤ ਨੂੰ ਲੈ ਕੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਡਿਪਟੀ ਕਮਿਸ਼ਨਰ ਨੂੰ ਅਪਸ਼ਬਦ ਕਹੇ। ਉਨ੍ਹਾਂ ਦੱਸਿਆ ਕਿ ਵਿਧਾਇਕ ਸਿਮਰਜੀਤ ਸਿੰਘ ਬੈਂਸ ਨਾਲ ਆਏ ਉਸ ਦੇ ਸਾਥੀਆਂ ਨੇ ਮੋਬਾਈਲ ਫੋਨ ਵਿਚ ਵੀਡਿਓ ਬਣਾ ਕੇ ਉਸ ਨੂੰ ਐਡਿਟ ਕਰਕੇ ਵਾਇਰਲ ਕਰ ਦਿੱਤਾ ਜਿਸ ਨਾਲ ਡਿਪਟੀ ਕਮਿਸ਼ਨਰ ਦਾ ਅਕਸ ਖਰਾਬ ਹੋਇਆ ਹੈ।
ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਬੈਂਸ ਨੇ ਇਲਜ਼ਾਮ ਲਾਇਆ ਹੈ ਕਿ ਇਹ ਐਫਆਈਆਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਾਜ਼ਿਸ਼ ਹੈ। ਬੈਂਸ ਨੇ ਕਿਹਾ ਹੈ ਕਿ ਸਿਟੀ ਸੈਂਟਰ ਘੁਟਾਲੇ ਵਿੱਚ ਉਨ੍ਹਾਂ ਨੇ ਕੈਪਟਨ ਖਿਲਾਫ ਪਟੀਸ਼ਨ ਦਾਇਰ ਕੀਤੀ ਹੈ। ਇਸ ਦਾ ਬਦਲਾ ਲੈਣ ਲਈ ਐਫਆਈਆਰ ਦਰਜ ਕਰਵਾਈ ਗਈ ਹੈ।
ਉਨ੍ਹਾਂ ਕਿਹਾ ਕਿ ਉਹ ਪਟਾਕਾ ਫੈਕਟਰੀ ਧਮਾਕੇ ਤੋਂ ਬਾਅਦ ਪਰਿਵਾਰਕ ਮੈਂਬਰ ਦੀ ਲਾਸ਼ ਲੱਭ ਰਹੇ ਲੋਕਾਂ ਨਾਲ ਡਿਪਟੀ ਕਮਿਸ਼ਨਰ ਕੋਲ ਗਏ ਸੀ। ਉਨ੍ਹਾਂ ਨੇ ਡੀਸੀ ਵੱਲੋਂ ਪੀੜਤ ਪਰਿਵਾਰ ਨਾਲ ਕੀਤੇ ਮਾੜੇ ਰਵੱਈਏ ਖਿਲਾਫ ਆਵਾਜ਼ ਉਠਾਈ ਸੀ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਡੀਸੀ ਨੇ ਕੇਸ ਦਰਜ ਕਰਵਾਉਣਾ ਹੁੰਦਾ ਤਾਂ ਉਹ ਤਿੰਨ ਦਿਨ ਕੀ ਉਡੀਕਦੇ ਰਹੇ। ਇਸ ਤੋਂ ਸਪਸ਼ਟ ਹੈ ਕਿ ਇਹ ਸਭ ਕੈਪਟਨ ਦੇ ਇਸ਼ਾਰੇ 'ਤੇ ਹੋਇਆ ਹੈ।

## ਕਰਤਾਰਪੁਰ ਸਾਹਿਬ ਦਾ ਦਰਵਾਜ਼ਾ ਨਵੰਬਰ ਵਿਚ ਜ਼ਰੂਰ ਖੁੱਲ੍ਹੇਗਾ

ਦੀ ਯਾਤਰਾ ਕਰਦੇ ਹਨ। ਇਸ ਨੂੰ ਇਨਸਾਫ਼ ਨਹੀਂ ਕਿਹਾ ਜਾ ਸਕਦਾ। ਇਸ ਤੋਂ ਵੱਧ ਦੁੱਖ ਦੀ ਗੱਲ ਨਹੀਂ ਹੋ ਸਕਦੀ। ਅਸੀਂ ਇਹ ਦੂਰੀ ਤੇ ਨਾਇਨਸਾਫ਼ੀ ਮਿਟਾਉਣਾ ਚਾਹੁੰਦੇ ਹਾਂ। ਨਵੰਬਰ ਵਿਚ ਹਰ ਹਾਲ ਵਿਚ ਕਰਤਾਰਪੁਰ ਲਾਂਘਾ ਖੁੱਲ੍ਹੇਗਾ।
ਹੁਣ ਇਕ ਵਾਰ ਫਿਰ ਲਾਹੌਰ ਵਿਚ ਗਵਰਨਰ ਹਾਊਸ ਵਿਚ 2 ਸਤੰਬਰ ਨੂੰ ਸਿੱਖ ਭਾਈਚਾਰੇ ਨਾਲ ਗੱਲ ਕਰਦੇ ਹੋਏ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਕ ਵਾਰ ਫਿਰ ਜ਼ੋਰ ਦੇ ਕੇ ਕਿਹਾ ਕਿ ਬਾਬਾ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਸਿੱਖ ਭਾਈਚਾਰੇ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਅਸੀਂ ਤੁਹਾਨੂੰ ਇਹ ਵੀ ਦੱਸਦੇ ਚਲੀਏ ਕਿ ਪਾਕਿਸਤਾਨ ਵਿਚ ਸਿੱਖ ਭਾਈਚਾਰਾ ਬਹੁਤ ਖ਼ੁਸ਼ ਹੈ ਕਿ ਇਮਰਾਨ ਖਾਨ ਕਰਤਾਰਪੁਰ ਲਾਂਘੇ ਨੂੰ ਛੇਤੀ ਤੋਂ ਛੇਤੀ ਖੋਲ੍ਹਣਾ ਚਾਹੁੰਦੇ ਹਨ ਅਤੇ ਉਹ ਸਰਹੱਦ 'ਤੇ ਬੈਠੇ ਲੱਖਾਂ-ਕਰੋੜਾਂ ਸਿੱਖ ਪਰਿਵਾਰਾਂ ਦੇ ਦੁੱਖ-ਦਰਦ ਨੂੰ ਸਮਝਦੇ ਹਨ ਅਤੇ ਭਾਰਤ ਨਾਲ ਤਣਾਅ ਦੀ ਸਥਿਤੀ ਦੇ ਬਾਵਜੂਦ ਅੱਗੇ ਵਧ ਕੇ ਕੰਮ ਕਰ ਰਹੇ ਹਨ ਤੇ ਪਿੱਛੇ ਹਟਣ ਨੂੰ ਤਿਆਰ ਨਹੀਂ ਹਨ।
ਅਸੀਂ ਇਥੇ ਸਾਰੇ ਸਿੱਖ ਭਾਈਚਾਰੇ ਨੂੰ ਦੱਸਦੇ ਚਲੀਏ ਕਿ ਕਰਤਾਰਪੁਰ ਲਾਂਘਾ ਖੋਲ੍ਹਣ ਵਾਸਤੇ ਪਾਕਿਸਤਾਨ ਵਾਲੇ ਪਾਸੇ ਦਿਨ-ਰਾਤ ਕੰਮ ਹੋ ਰਿਹਾ ਹੈ। ਤੁਸੀਂ ਇਹ ਪੜ੍ਹ ਕੇ ਖੁਸ਼ ਹੋਵੋਗੇ ਕਿ ਕਰਤਾਰਪੁਰ ਪ੍ਰਾਜੈਕਟ ਆਪਣੇ ਆਖ਼ਰੀ ਪੜਾਅ 'ਤੇ ਆ ਗਿਆ ਹੈ। ਸੜਕਾਂ ਦਾ ਕੰਮ ਤੇਜ਼ੀ ਨਾਲ ਜਾਰੀ ਹੈ। ਗੁਰਦੁਆਰੇ ਤੋਂ ਜ਼ੀਰੋ ਲਾਈਨ ਤੱਕ ਸਾਰੀਆਂ ਸੜਕਾਂ ਮੁਕੰਮਲ ਤੌਰ 'ਤੇ ਬਣਾਈਆਂ ਜਾ ਰਹੀਆਂ ਹਨ। ਇੰਜ ਲਗਦਾ ਹੈ ਕਿ ਨਵਾਂ ਕਰਤਾਰਪੁਰ ਉਸਾਰਿਆ ਜਾ ਰਿਹਾ ਹੈ ਅਤੇ ਇਕ ਨਵਾਂ ਸ਼ਹਿਰ ਬਣਾਇਆ ਜਾ ਰਿਹਾ ਹੈ। ਉਹ ਸਿੱਖ ਯਾਤਰੀ ਜੋ ਕਰਤਾਰਪੁਰ ਦੀ ਯਾਤਰਾ ਕਰ ਚੁੱਕੇ ਹਨ ਜਦੋਂ ਨਵੰਬਰ ਵਿਚ ਮੁੜ ਕਰਤਾਰਪੁਰ ਆਉਣਗੇ ਤਾਂ ਉਨ੍ਹਾਂ ਨੂੰ ਬਿਲਕੁਲ ਨਵਾਂ ਸ਼ਹਿਰ ਦੇਖਣ ਨੂੰ ਮਿਲੇਗਾ, ਜਿਹੜਾ ਇਸ ਤੋਂ ਪਹਿਲਾਂ ਨਹੀਂ ਸੀ। ਲਾਂਘੇ ਦੀ ਸੜਕ 'ਤੇ ਰਾਵੀ ਦਾ ਪੁਲ ਵੀ ਉਸਾਰਿਆ ਜਾ ਚੁੱਕਾ ਹੈ। ਯਾਤਰੀਆਂ ਦੇ ਰਹਿਣ ਦੀ ਥਾਂ ਅਤੇ ਲੰਗਰ ਦਾ 70 ਫ਼ੀਸਦੀ ਕੰਮ ਵੀ ਮੁਕੰਮਲ ਹੋ ਗਿਆ ਹੈ। ਗੁਰਦੁਆਰੇ ਦਾਖ਼ਲ ਹੋਣ ਵਾਲੀ ਪਹਿਲੀ ਚੌਕੀ ਦੀ ਸੜਕ ਵੀ ਮੁਕੰਮਲ ਹੋ ਗਈ ਹੈ। ਅਸੀਂ ਪਾਕਿਸਤਾਨ ਤੋਂ ਬਾਹਰ ਵਸਣ ਵਾਲਿਆਂ ਨੂੰ ਕਰਤਾਰਪੁਰ ਲਾਂਘਾ ਪ੍ਰਾਜੈਕਟ 'ਤੇ ਜਾਰੀ ਕੰਮ ਸ਼ਬਦਾਂ ਰਾਹੀਂ ਦਿਖਾਉਣ ਦੀ ਕੋਸ਼ਿਸ਼ ਕੀਤੀ। ਉਮੀਦ ਹੈ ਕਿ ਤੁਹਾਨੂੰ ਪਸੰਦ ਆਈ ਹੋਵੇਗੀ। ਬਾਕੀ ਯਾਤਰਾ ਤੁਸੀਂ ਆਪਣੀਆਂ ਅੱਖਾਂ ਨਾਲ ਨਵੰਬਰ ਵਿਚ ਪਾਕਿਸਤਾਨ ਆ ਕੇ ਕਰਨਾ। ਅਸੀਂ ਸਾਰੇ ਪਾਕਿਸਤਾਨੀ ਫੁੱਲ ਤੇ ਹਾਰ ਲੈ ਕੇ ਸਾਰੇ ਸਿੱਖ ਭਾਈਚਾਰੇ ਦਾ ਸਵਾਗਤ ਕਰਾਂਗੇ।
ਭਾਰਤ ਤੇ ਪੂਰੀ ਦੁਨੀਆ ਵਿਚ ਰਹਿਣ ਵਾਲਾ ਸਿੱਖ ਭਾਈਚਾਰਾ ਇਹ ਜਾਣ ਕੇ ਬਹੁਤ ਖ਼ੁਸ਼ ਹੋਵੇਗਾ ਕਿ ਪਾਕਿਸਤਾਨ ਨੇ ਨਨਕਾਣਾ ਰੇਲਵੇ ਸਟੇਸ਼ਨ ਦਾ ਨਾਂਅ ਬਦਲ ਕੇ ਬਾਬਾ ਗੁਰੂ ਨਾਨਕ ਰੇਲਵੇ ਸਟੇਸ਼ਨ ਰੱਖ ਦਿੱਤਾ ਹੈ ਅਤੇ ਸਟੇਸ਼ਨ ਦੀ ਨਵੀਂ ਇਮਾਰਤ ਵੀ ਨਿਰਮਾਣ ਅਧੀਨ ਹੈ। ਇਹ ਛੋਟੀ ਖ਼ਬਰ ਨਹੀਂ ਕਿਉਂਕਿ ਜਦੋਂ ਭਾਰਤ ਅਤੇ ਪਾਕਿਸਤਾਨ ਵਿਚ ਸਮਝੌਤਾ ਐਕਸਪ੍ਰੈੱਸ ਤੇ ਦੋਸਤੀ ਬੱਸ ਸੇਵਾ ਬੰਦ ਹੈ ਤਾਂ ਪਾਕਿਸਤਾਨ ਵਿਚ ਏਨਾ ਵੱਡਾ ਕਦਮ ਚੁੱਕਿਆ ਗਿਆ ਹੈ, ਜਿਸ ਨੂੰ ਲੋਕ ਬਹੁਤ ਪਸੰਦ ਕਰ ਰਹੇ ਹਨ। ਇਸ ਦਾ ਭਾਵ ਇਹ ਵੀ ਹੈ ਕਿ ਲੋਕ ਲੜਾਈ ਨਹੀਂ ਚਾਹੁੰਦੇ, ਸ਼ਾਂਤੀ ਚਾਹੁੰਦੇ ਹਨ। ਇੱਜ਼ਤ ਚਾਹੁੰਦੇ ਹਨ ਤੇ ਖੇਤਰ ਵਿਚ ਨਿਆਂ ਚਾਹੁੰਦੇ ਹਨ। ਪਾਕਿਸਤਾਨ ਦੇ ਰੇਲ ਮੰਤਰੀ ਸ਼ੇਖ ਰਸ਼ੀਦ ਜੋ ਭਾਰਤ ਖਿਲਾਫ਼ ਤਿੱਖਾ ਬੋਲਣ ਕਾਰਨ ਮਸ਼ਹੂਰ ਹਨ, ਨੇ ਬਾਬਾ ਨਾਨਕ ਰੇਲਵੇ ਸਟੇਸ਼ਨ ਪੁੱਜਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਾਬਾ ਗੁਰੂ ਨਾਨਕ ਜੀ ਨੇ ਹਮੇਸ਼ਾ ਸ਼ਾਂਤੀ ਤੇ ਭਾਈਚਾਰੇ ਦੀ ਸਿੱਖਿਆ ਦਿੱਤੀ ਤੇ ਅਸੀਂ ਵੀ ਬਾਬਾ ਜੀ ਦੀ ਸਿੱਖਿਆ 'ਤੇ ਅਮਲ ਕਰ ਰਹੇ ਹਾਂ। ਭਾਰਤ ਚਾਹੇ ਤਾਂ ਉਹ ਵੀ ਸ਼ਾਂਤੀ ਨਾਲ ਗੱਲ ਕਰ ਸਕਦਾ ਹੈ ਤੇ ਜੇ ਜੰਗ ਲੜੀ ਗਈ ਤਾਂ ਇਹ ਆਖਰੀ ਜੰਗ ਹੋਵੇਗੀ। ਗੋਲੀਆਂ ਤੇ ਟੈਂਕਾਂ ਨਾਲ ਦੋਵਾਂ ਦੇਸ਼ਾਂ ਵਿਚ ਕਈ ਜੰਗਾਂ ਹੋ ਚੁੱਕੀਆਂ ਹਨ। ਕਾਸ਼! ਦੋਵੇਂ ਪਾਸੇ ਸ਼ਾਂਤੀ ਦੀ ਜੰਗ ਵੀ ਇਕ ਵਾਰ ਹੋ ਜਾਵੇ ਤੇ ਕਸ਼ਮੀਰ ਤੇ ਲੈ ਕੇ ਕੰਨਿਆ ਕੁਮਾਰੀ ਤੱਕ ਕੋਈ ਨਾਰਾਜ਼ ਨਾ ਰਹੇ।

## ਹਵਾ ਅਤੇ ਹਰਿਆਵਲ ਦੇ ਲੰਗਰਾਂ ਵਾਲੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ

ਰਸਾਇਣਕ ਖਾਦ ਜਾਂ ਕੀਟਨਾਸ਼ਕ ਦਵਾਈਆਂ ਦੇ ਤਿਆਰ ਕੀਤੇ ਅਤੇ ਕੁਦਰਤੀ ਰੂਪ ਨਾਲ ਪੱਕਣ ਵਾਲੇ ਇਹਨਾਂ ਫਲਾਂ ਵਿਚ ਸਮੋਏ ਹੋਏ ਕੁਦਰਤੀ ਤੱਤ ਅਤੇ ਸਵਾਦ। ਇਹਨਾਂ ਬੂਟਿਆਂ ਦੀਆਂ ਲਾਈਨਾਂ ਵਿਚ ਪਈ ਖਾਲੀ ਜਗ੍ਹਾ 'ਤੇ ਕੁਦਰਤੀ ਤਰੀਕੇ ਨਾਲ ਪੈਦਾ ਹੁੰਦੀਆਂ ਸਬਜ਼ੀਆਂ। ਜ਼ਹਿਰ ਤੋਂ ਰਹਿਤ ਫਲਾਂ ਅਤੇ ਸਬਜ਼ੀਆਂ ਦਾ ਇਹ ਲੰਗਰ, ਮਨੁੱਖੀ ਸੋਚ ਨੂੰ ਜ਼ਹੀਨ ਕਰਦਾ ਅਤੇ ਉਸਦੀ ਲੰਮੇਰੀ ਉਮਰ ਦੀ ਕਾਮਨਾ ਵੀ ਕਰਦਾ। ਸਿਆਣੇ ਕਹਿੰਦੇ ਨੇ ਖਾਣਾ ਸਾਡੀ ਸੋਚ ਨੂੰ ਪ੍ਰਭਾਵਤ ਕਰਦਾ ਏ ਅਤੇ ਅਜੇਹੀ ਸਵੱਛ ਅਤੇ ਸੰਪੂਰਨ ਖੁਰਾਕ ਖਾਣ ਵਾਲਾ ਵਿਅਕਤੀ ਨਿਰਸੰਦੇਹ ਸੱਚੀ ਸੁੱਚੀ ਸੋਚ ਦਾ ਮਾਲਕ ਬਣ ਕੇ ਜੀਵਨ ਮਾਰਗ ਨੂੰ ਭਾਗ ਹੀ ਲਾਵੇਗਾ ਅਤੇ ਇਸੇ ਕਰਕੇ ਹੀ ਇਸ ਬਾਗ ਵਿਚ ਪੈਦਾ ਹੋਣ ਵਾਲੀ ਹਰ ਸਬਜੀ ਅਤੇ ਤਿਆਰ ਹੋਣ ਵਾਲਾ ਹਰ ਫਲ, ਲੰਗਰ ਵਿਚ ਜਾਂਦਾ ਏ ਜਿਸ ਨਾਲ ਸਮੁੱਚੀ ਸੰਗਤ ਦੀ ਸੋਚ ਨੂੰ ਇਕ ਨਵੀਂ ਸੇਧ ਮਿਲਦੀ ਏ।
ਵਿਗੜ ਰਹੇ ਕੁਦਰਤੀ ਸੰਤੁਲਨ ਨੂੰ ਬਰਕਰਾਰ ਰੱਖਣ ਅਤੇ ਇਸ ਧਰਤੀ ਨੂੰ ਹਰਿਆ-ਭਰਿਆ ਕਰਨ ਹਿੱਤ ਹੀ ਬਾਬਾ ਜੀ ਵਲੋਂ ਦਰੱਖਤ ਲਗਾਉਣ ਦਾ ਇਹ ਪ੍ਰੋਜੈਕਟ 300 ਸਾਲਾ ਖਾਲਸਾ ਸਿਰਜਣਾ ਦਿਵਸ ਦੇ ਮੌਕੇ ਸ਼ੁਰੂ ਕੀਤਾ ਗਿਆ ਸੀ ਤਾਂ ਕਿ ਹਵਾ ਅਤੇ ਹਰਿਆਵਲ ਦਾ ਸਦੀਵੀ ਲੰਗਰ ਲਾ ਕੇ, ਆਉਣ ਵਾਲੀਆਂ ਪੀੜ੍ਹੀਆਂ ਦੇ ਸਾਹਾਂ ਦੀ ਗਤੀਸ਼ੀਲਤਾ ਵਿਚ ਨਿਰੰਤਰ ਵਾਧਾ ਕੀਤਾ ਜਾ ਸਕੇ। ਗੁਰੂ ਸਾਹਿਬਾਨ ਦਾ ਫੁਰਮਾਨ ਹੈ, 'ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ'। ਬਾਣੀ ਵਿਚ ਹਵਾ ਨੂੰ ਗੁਰੂ ਦਾ ਦਰਜਾ ਦਿਤਾ ਗਿਆ ਏ ਅਤੇ ਸਾਡੇ ਸਮਿਆਂ ਦੀ ਕੇਹੀ ਹੋਣੀ ਹੈ ਕਿ ਅਸੀਂ ਵਿਸ਼ਵੀਕਰਨ ਦੀ ਅੰਨ੍ਹੀ ਦੌੜ ਵਿਚ ਆਪਣੀ ਜੀਵਨਦਾਤੀ ਨੂੰ ਹੀ ਖਤਮ ਕਰਨ ਲਈ ਰੁਚਿਤ ਹੋ ਰਹੇ ਹਾਂ। ਬਾਬਾ ਜੀ ਦੀ ਸੁਯੋਗ ਰਹਿਨੁਮਾਈ ਹੇਠ ਹੁਣ ਤੱਕ ਸੈਂਕੜੇ ਕਿਲੋਮੀਟਰ ਸੜਕਾਂ 'ਤੇ ਹਰ ਕਿਸਮ ਦੇ ਦਰੱਖਤ ਲਗਾਏ ਜਾ ਚੁੱਕੇ ਹਨ ਜਿਹਨਾਂ ਵਿਚ ਸ਼ਾਮਿਲ ਹਨ ਖਡੂਰ ਸਾਹਿਬ ਨੂੰ ਜਾਂਦੀਆਂ ਪੰਜੇ ਸੜਕਾਂ 'ਤੇ ਫੁੱਲਦਾਰ ਅਤੇ ਫੱਲਦਾਰ ਬੂਟੇ, ਜੀ ਟੀ ਰੋਡ 'ਤੇ ਬ੍ਰਿਖ, ਮਕਰਾਨਾ (ਰਾਜਸਥਾਨ) ਵਿਚ ਕਈ ਕਿਲੋਮੀਟਰ ਤੱਕ ਨਿੰਮ ਦੇ ਦਰੱਖਤ, ਨਰੈਣਾ (ਜੈਪੁਰ) ਵਿਚ ਨਿੰਮ ਦੇ ਦਰੱਖਤ, ਗਵਾਲੀਅਰ ਵਿਚ ਏਅਰਪੋਰਟ, ਰੇਲਵੇ ਸਟੇਸ਼ਨ ਅਤੇ ਹਸਪਤਾਲ ਦੇ ਨੇੜੇ ਦਰੱਖਤ ਲਗਾਏ ਗਏ ਹਨ। ਇਸ ਤੋਂ ਇਲਾਵਾ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਦੇ ਹਰੇਕ ਘਰ ਵਿੱਚ ਅਤੇ ਫਿਰਨੀਆਂ ਦੇ ਰੁੱਖ ਲਗਾਏ ਜਾ ਚੁੱਕੇ ਹਨ ਅਤੇ ਹੁਣ ਵੀ ਜਾਰੀ ਹੈ । ਜਿਵੇਂ ਸਕੂਲਾਂ, ਪਿੰਡਾਂ ਦੇ ਸ਼ਮਸਾਨਘਾਟ ਅਤੇ ਸਾਂਝੀਆਂ ਥਾਵਾਂ ਤੇ ਰੁੱਖ ਲਗਾਉਣਾ ਸ਼ਾਮਿਲ ਹੈ, ਹੁਣ ਤੱਕ ਲੱਗਭਗ ਤਿੰਨ ਲੱਖ ਪੰਦਰਾਂ ਹਜ਼ਾਰ ਰੁੱਖ ਲਗਾਏ ਜਾ ਚੁੱਕੇ ਹਨ ।
ਬਾਬਾ ਜੀ ਵਲੋਂ ਚਲਾਏ ਜਾ ਰਹੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜਨ ਲਈ ਸੂਬੇਦਾਰ ਬਲਬੀਰ ਸਿੰਘ ਜੀ ਵਲੋਂ ਜਿਥੇ ਖਡੂਰ ਸਾਹਿਬ ਦੇ ਗੁਰਦੁਆਰੇ ਵਿਚਲੀ ਬਾਗ ਬਗੀਚੀ ਦੀ ਸੇਵਾ-ਸੰਭਾਲ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਜਾ ਰਹੀ ਹੈ ਉਥੇ ਉਨ੍ਹਾਂ ਵਲੋਂ ਫੱਲਦਾਰ ਬੂਟਿਆਂ ਅਤੇ ਸਬਜੀਆਂ ਦਾ ਤਿੰਨ ਏਕੜ ਦਾ ਬਾਗ ਅਤੇ ਖਡੂਰ ਸਾਹਿਬ ਤੋਂ 5 ਕੁ ਕਿਲੋਮੀਟਰ ਦੀ ਦੂਰੀ 'ਤੇ ਹਰ ਕਿਸਮ ਦੇ ਪੌਦਿਆਂ ਦੀ ਪਨੀਰੀ ਨੂੰ ਸਫਲਤਾਪੂਰਵਕ ਤਿਆਰ ਕਰਨਾ, ਸੂਬੇਦਾਰ ਜੀ ਦੀ ਨਿਸ਼ਕਾਮ ਸੇਵਾ ਦਾ ਪ੍ਰਤੱਖ ਪ੍ਰਮਾਣ ਹੈ।
ਬਹੁਤ ਹੀ ਸੱਚੀ-ਸੁੱਚੀ ਸੋਚ ਦੇ ਧਾਰਨੀ ਬਾਬਾ ਸੇਵਾ ਸਿੰਘ ਜੀ ਦੀ ਮਾਨਵਵਾਦੀ ਸੋਚ ਦੇ ਬਲਹਿਾਰੇ ਜਾਣ ਨੂੰ ਜੀ ਕਰਦਾ ਏ ਜਦ ਉਹ ਕਹਿੰਦੇ ਨੇ ਕਿ ਦਰੱਖਤਾਂ ਨੂੰ ਇਸ ਧਰਤੀ ਵਿਚ ਉਗਾ ਕੇ ਜਿਥੇ ਅਸੀਂ ਧਰਤੀ ਦੇ ਸੁਹੱਪਣ ਵਿਚ ਵਾਧਾ ਕਰਦੇ ਹਾਂ, ਉਥੇ ਇਹ ਬਿਰਖ ਸਾਨੂੰ ਸਾਡੇ ਲਈ ਅਤਿਅੰਤ ਲੋੜੀਂਦੀ ਆਕਸੀਜਨ ਦਾ ਅਟੁੱਟ ਪ੍ਰਵਾਹ ਬਖਸ਼ਦੇ ਹਨ, ਵਾਯੂਮੰਡਲ ਵਿਚੋਂ ਕਾਰਬਨ ਡਾਇਆਕਸਾਈਡ ਆਦਿ ਗਰੀਨ ਹਾਉਸ ਗੈਸਾਂ ਨੂੰ ਖਤਮ ਕਰਦੇ ਹਨ ਜਿਸ ਨਾਲ ਵਾਤਾਵਰਣ ਵਿਚ ਪੈਦਾ ਹੋ ਰਿਹਾ ਵਿਗਾੜ ਘਟਦਾ ਹੈ। ਇਸ ਨਾਲ ਬਹੁਤ ਤੇਜੀ ਨਾਲ ਰੁੱਤਾਂ ਵਿਚ ਪੈਦਾ ਹੋ ਰਹੀ ਅਣਸੁਖਾਵੀਂ ਤਬਦੀਲੀ ਨੂੰ ਵੀ ਕੁਝ ਰਾਹਤ ਮਿਲਦੀ ਹੈ। ਮੀਂਹ ਪੈਣ ਦਾ ਸਬੱਬ ਵੀ ਇਹ ਦਰੱਖਤ ਹੀ ਬਣਦੇ ਨੇ। ਕੁਦਰਤ ਨੂੰ ਮੁਹੱਬਤ ਕਰਨ ਵਾਲੇ, ਨਿਮਰਤਾ ਦੀ ਮੂਰਤ, ਸੇਵਾ ਦੇ ਪੁੰਜ, ਸਿੱਖਾਂ ਦੇ ਪਹਿਲੇ ਆਡੀਓ ਵਿਜੀਊਲ ਮਿਊਜ਼ੀਅਮ ਦੇ ਸੰਸਥਾਪਕ ਅਤੇ 21ਵੀਂ ਸਦੀ ਦੇ ਅਜੂਬੇ 'ਨਿਸ਼ਾਨ-ਏ-ਸਿੱਖੀ' ਦੇ ਸਿਰਜਕ, ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਦੀ ਅਦੁੱਤੀ ਘਾਲਣਾ 'ਤੇ ਬਲਿਹਾਰ ਜਾਣ ਨੂੰ ਜੀਅ ਕਰਦਾ ਏ।

## ਬ੍ਰਹਿਮੰਡ ਦੇ ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ

ਗੁਰੂ ਬ੍ਰਹਮਾ ਗਰੂ ਵਿਸ਼ਨੂੰ
ਗੁਰੂ ਦੇਵ ਮਹੇਸ਼੍ਵਰ:
ਗੁਰੂਦੇਵ ਪਾਰਬ੍ਰਹਮ ਤਸਮੈ ਸ੍ਰੀ ਗੁਰੂ ਵੇ ਨਮ: ॥

ਸਪੱਸ਼ਟ ਹੈ ਕਿ ਤਿੰਨਾਂ ਦੇਵਤਿਆਂ ਤੋਂ ਉੱਤੇ ਪਾਰਬ੍ਰਹਮ ਹੈ ਤੇ ਉਸ ਦਾ ਸ਼ਾਖਸ਼ਾਤ ਰੂਪ ਗੁਰੂ ਹੈ। ਮਨੁੱਖ ਜਾਤੀ ਦਾ ਧਰਮ ਬਣਦਾ ਹੈ ਕਿ ਉਹ ਗੁਰੂ ਦਾ ਸਤਿਕਾਰ ਕਰੇ ਅਤੇ ਗੁਰੂ ਦੀ ਪਦ-ਪਦਵੀ ਸਮਝੇ ਜਿਸਦਾ ਗੁਰੂ ਨਾਨਕ ਸਾਹਿਬ ਜੀ ਨੇ ਕੀਤਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਗੁਰੂ ਹੋਣ ਦਾ ਦਾਅਵਾ ਆਪਣੇ ਪੰਜ ਭੌਤਿਕ ਸਰੀਰ ਬਾਰੇ ਨਹੀਂ ਕੀਤਾ। ਆਪਣੇ ਸਰੀਰ ਬਾਰੇ ਤਾਂ ਉਹਨਾਂ ਨੇ ਜਿਹਨਾਂ ਲਫਜ਼ਾਂ ਵਿਚ ਨਿਮਰਤਾ ਦਿਖਾਈ ਹੈ, ਉਹ 'ਨੀਚ ਤੋਂ ਅਤਿ ਨੀਚ' ਤੇ 'ਕੀਟਨ ਮਹਿ ਕੀਟ' ਕਿਹਾ ਹੈ। ਉਹਨਾਂ ਨੇ ਆਪਣੇ ਆਪ ਨੂੰ 'ਮੂਰਖ ਮੁਗਧਾ ਜਨਮੁ ਭਇਆ' ਵੀ ਕਿਹਾ ਹੈ, ਪਰ ਇਸ ਦੇ ਨਾਲ ਹੀ ਜਿਹੜੀ ਉਹਨਾਂ ਦੀ ਆਤਮਾ ਦੀ ਪਰਮਾਤਮਾ ਨਾਲ ਅਭੇਦਤਾ ਹੈ-

ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥
(ਗੁਰੂ ਗ੍ਰੰਥ ਸਾਹਿਬ, ਅੰਗ 599)

ਇਹ ਗੁਰੂ ਤੇ ਪਾਰਬ੍ਰਹਮ ਨਾਲ ਅਭੇਦ ਹੋਣ ਦਾ ਦਾਅਵਾ ਹੈ, ਜੋ ਅੱਜ ਤੱਕ ਕਿਸੇ ਨੇ ਨਾਂਹ ਕੀਤਾ। ਥੋੜ੍ਹਾ ਜਿਹਾ ਇਸ਼ਾਰਾ ਕ੍ਰਿਸ਼ਨ ਜੀ ਦਾ ਕੀਤਾ ਹੋਇਆ ਮਿਲਦਾ ਹੈ ਕਿ 'ਹੇ ਅਰਜਨ ਤੂੰ ਮੇਰਾ ਅਸਲ ਰੂਪ ਨਹੀਂ ਦੇਖਿਆ'। ਗੁਰੂ ਨਾਨਕ ਜੀ ਤੋਂ ਲੈ ਕੇ ਦਸ ਗੁਰੂ ਹੋਏ ਹਨ ਉਹਨਾਂ ਨੇ ਇਸ ਪਦ-ਪਦਵੀ ਦਾ ਦਾਅਵਾ ਕੀਤਾ ਹੈ ਅਤੇ ਗੁਰੂ ਨਾਨਕ ਜੀ ਬਾਰੇ ਇਹੋ ਦ੍ਰਿੜ ਕਰਵਾਇਆ ਹੈ। ਜਿਸ ਦਾ ਭਰਪੂਰ ਸਮਰਥਨ ਗੁਰਬਾਣੀ ਵਿਚ ਮੌਜੂਦ ਹੈ। ਗੁਰੂ ਨਾਨਕ ਸਾਹਿਬ ਨੇ ਜੋ ਵਿਚਾਰਾਂ ਸੰਸਾਰ ਨੂੰ ਦਿੱਤੀਆਂ ਉਹ ਬੜੀਆਂ ਨਰੋਈਆਂ ਤੇ ਇੰਨੀਆਂ ਮਜ਼ਬੂਤ ਤੇ ਮੌਲਿਕ ਹਨ ਕਿ ਪਿਛਲੇ ਪੰਜ ਸਦੀਆਂ ਵਿਚ ਜਿੰਨੇ ਵੀ ਸੰਸਾਰ ਵਿਚ ਇਨਕਲਾਬ ਆਏ, ਪਰਿਵਰਤਨ ਹੋਏ, ਉਹਨਾਂ ਦੀਆਂ ਜੇ ਜੜ੍ਹਾਂ ਫਰੋਲੀਆਂ ਜਾਣ ਤਾਂ ਤੁਸੀਂ ਹੌਲੀ ਹੌਲੀ ਜਦੋਂ ਇਹ ਦੇਖੋਗੇ ਕਿ ਇਹ ਵਿਚਾਰ ਕਰੂੰਬਲਾਂ ਕਿੱਥੋਂ ਤੇ ਕਿਵੇਂ ਫੁੱਟੀਆਂ ਤਾਂ ਇਸ ਦਾ ਸਿਹਰਾ ਭਾਰਤ ਤੇ ਇਸ ਦੇ ਪੰਜਾਬ ਪ੍ਰਾਂਤ ਦੇ ਮਹਾਨ ਗੁਰੂ ਨਾਨਕ ਸਾਹਿਬ ਦੇ ਸਿਰ ਉੱਤੇ ਹੀ ਬੱਝਦਾ ਹੈ। ਗੁਰੂ ਨਾਨਕ ਸਾਹਿਬ ਨੇ ਦੁਨੀਆਂ ਵਿਚ ਸਮਾਜਿਕ ਦਰਜਾਬੰਦੀ ਖਤਮ ਕੀਤੀ। ਇਹ ਗੁਰੂ ਨਾਨਕ ਸਾਹਿਬ ਜੀ ਨੇ ਪਹਿਲੀ ਵਾਰ ਅਜਿਹਾ ਕੀਤਾ। ਕਈ ਲੋਕ ਕਹਿੰਦੇ ਹਨ; ਜਾਤ ਪਾਤ ਦਾ ਖੰਡਨ ਕਈਆਂ ਹੋਰਨਾਂ ਸੰਤਾਂ ਭਗਤਾਂ ਨੇ ਵੀ ਕੀਤਾ ਹੈ। ਕਬੀਰ, ਰਾਮਾਨੁਜ ਤੋਂ ਲੈ ਕੇ ਬੁੱਧ ਤੱਕ ਦੇ ਨਾਮ ਵੀ ਇਸ ਪ੍ਰਣਾਲੀ ਵਿਚ ਲਏ ਜਾ ਸਕਦੇ ਹਨ, ਪਰ ਯਾਦ ਰਹੇ, ਉਹਨਾਂ ਨੇ ਵਰਣ-ਆਸ਼ਰਮ ਧਰਮ ਦੇ ਬੰਧਨ ਨਹੀਂ ਤੋੜੇ ਸਨ। ਉਹ ਇਹੀ ਕਹਿੰਦੇ ਸਨ ਕਿ ਕਿਸੇ ਵੀ ਜਾਤੀ ਦਾ ਆਦਮੀ ਹੋਵੇ ਜਿਹੜਾ ਰਸਤਾ ਉਹ ਦੱਸ ਰਹੇ ਹਨ, ਉਸ ਤੇ ਜੋ ਤੁਰੇਗਾ ਉਸ ਦਾ ਆਤਮਿਕ ਕਲਿਆਣ ਹੋ ਜਾਵੇਗਾ ਪਰ ਕਿਸੇ ਨੇ ਵਰਣ-ਆਸ਼ਰਮ ਦਾ ਨਿਸ਼ੇਧ ਨਹੀਂ ਸੀ ਕੀਤਾ, ਜਿਵੇਂ ਗੁਰੂ ਨਾਨਕ ਜੀ ਨੇ ਕੀਤਾ ਹੈ। ਦੂਜੀ ਦੇਣ ਗੁਰੂ ਨਾਨਕ ਸਾਹਿਬ ਦੀ ਸਾਰੀ ਮਨੁੱਖ ਜਾਤੀ ਨੂੰ ਚਾਹੇ ਕੋਈ ਕਿਸੇ ਦੀਪ ਦਾ ਹੋਵੇ, ਆਤਮਿਕ ਕਲਿਆਣ ਦਾ ਸਮਾਨ ਅਧਿਕਾਰ ਨਿਸ਼ਚਿਤ ਕਰਨਾ ਹੈ। ਇਹ ਠੀਕ ਹੈ ਕਿ ਸਾਨੂੰ ਆਪਣੇ ਦੇਸ਼ ਉੱਤੇ ਗੌਰਵ ਕਰਨਾ ਚਾਹੀਦਾ ਹੈ ਕਿ ਅਸੀਂ ਮਹਾਨ ਹਾਂ, ਸਾਡਾ ਗਿਆਨ ਮਹਾਨ ਹੈ ਪਰ ਇਹ ਸਮਝਣਾ ਕਿ ਭਾਰਤ ਭੂਮੀ ਤੋਂ ਪਰ੍ਹੇ ਨਾ ਹੀ ਕੋਈ ਉੱਤਮ ਗਿਆਨ ਹੈ ਤੇ ਨਾ ਹੀ ਆਤਮਿਕ ਕਲਿਆਣ ਦਾ ਸਾਧਨ, ਕੋਈ ਨਰੋਆ ਵਿਚਾਰ ਨਹੀਂ, ਇਸ ਸੋਚ ਨੇ ਸਾਨੂੰ ਬਾਕੀ ਦੁਨੀਆਂ ਨਾਲੋਂ ਤੋੜ ਰੱਖਿਆ ਸੀ। ਉਹਨਾਂ ਨੇ ਜੋ ਗਿਆਨ ਦਿੱਤਾ ਤੇ ਜਿਸ ਕਿਸਮ ਦੇ ਵਿਚਾਰ ਭਾਰਤ ਭੂਮੀ ਤੋਂ ਬਾਹਰ ਜਾ ਕੇ ਦੂਜੇ ਦੇਸ਼ਾਂ ਵਿਚ ਪ੍ਰਚਾਰ ਉਸ ਤੋਂ ਪ੍ਰਗਟ ਹੈ ਕਿ ਉਹਨਾਂ ਦਾ ਨਜ਼ਰੀਆ ਕੇਵਲ ਭਾਰਤ ਭੂਮੀ ਦੇ ਲੋਕਾਂ ਦੇ ਕਲਿਆਣ ਲਈ ਹੀ ਨਹੀਂ ਸੀ, ਸਗੋਂ ਸੱਚੇ ਅਰਥਾਂ ਵਿਚ 'ਸਰਬੱਤ ਦੇ ਭਲੇ ਵਾਲਾ ਸੀ। ਗੁਰੂ ਨਾਨਕ ਜੀ ਦੀਆਂ ਯਾਤਰਾਂ ਨੇ ਸੰਬੰਧਿਤ ਲੋਕਾਂ ਦੇ ਦੇਸਾਂ ਦੀ ਇਹ ਸੋਚ ਭੰਨੀ ਕਿ ਜੋ ਖੂਹ ਦੇ ਡੱਡੂ ਵਾਂਗ ਆਪਣੇ ਆਪ ਨੂੰ ਉਹ ਸਮਝ ਰਹੇ ਹਨ, ਇਸ ਤੋਂ ਪਰ੍ਹਾਂ ਅਪਾਰ ਸੰਸਾਰ ਹੈ। ਸਾਡੀ ਤੰਗ-ਦਿਲ ਸੋਚ ਨੇ ਜੋ ਬਾਹਰਲੀ ਦੁਨੀਆਂ ਦੀਆਂ ਨਵੀਆਂ ਕਾਢਾਂ ਅਤੇ ਸੋਚਾਂ ਤੋਂ ਰੌਸ਼ਨਦਾਰ ਦਰਵਾਜ਼ੇ ਤੇ ਖਿੜਕੀਆਂ ਬੰਦ ਕਰ ਰੱਖੇ ਸਨ, ਗੁਰੂ ਨਾਨਕ ਸਾਹਿਬ ਜੀ ਨੇ ਖੋਲ੍ਹ ਕੇ ਸਾਨੂੰ ਦੂਰ-ਦ੍ਰਿਸ਼ਠ ਬਣਾਇਆ ਹੈ। ਉਸ ਦਾ ਫਲ ਹੈ ਕਿ ਭਾਰਤ ਵਾਸੀਆਂ ਵਿਚ ਮੁੜ ਆਜ਼ਾਦ ਹੋਣ ਦੀ ਆਪਣੀ ਸਭਿਅਤਾ ਦੇ ਗੌਰਵ ਨੂੰ ਵਧਾਉਣ ਦੀ ਰੁਚੀ ਉਤਪੰਨ ਹੋਈ, ਜਿਸ ਕਾਰਨ ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਮੁੱਢ ਬੱਝਾ। ਉਹਨਾਂ ਨੇ ਇਹ ਵੀ ਇਕ ਨਰੋਆ ਵਿਚਾਰ ਦਿੱਤਾ ਕਿ ਰਾਜਸੀ ਸ਼ਕਤੀ ਉੱਤੇ ਕਿਸੇ ਦਾ ਜਮਾਂਦਰੂ ਹੱਕ ਨਹੀਂ ਹੋ ਸਕਦਾ, ਇਸ ਤੇ ਸਭ ਦਾ ਹੱਕ ਹੈ।
ਜੇ ਇਹ ਵਿਚਾਰ ਨਾ ਦਿੱਤੇ ਜਾਂਦੇ ਤਾਂ ਨਾ ਕੋਈ ਨਰੋਆ ਧਰਮ ਉਤਪੰਨ ਹੋ ਸਕਦਾ ਸੀ ਤੇ ਨਾ ਹੀ ਸਮਾਜ ਸਿਰਜਣ ਕੀਤੀ ਜਾ ਸਕਦੀ ਸੀ, ਕਿਉਂਕਿ ਲੋਕ ਰਾਜੇ ਦੇ ਹੁਕਮ ਨੂੰ ਹੀ ਪਰਮਾਤਮਾ ਦਾ ਹੁਕਮ ਮੰਨਦੇ ਸੀ। ਉਹਨਾਂ ਨੇ ਰਾਜਿਆਂ ਅਮੀਰਾਂ ਤੋਂ ਨਿਸ਼ੰਗ ਹੋ ਕੇ ਆਪਣੇ ਸੁਤੰਤਰ ਵਿਚਾਰਾਂ ਦੀ ਨੀਂਹ ਧਰੀ ਤੇ ਥਾਂ ਥਾਂ ਇਹਨਾਂ ਹੁਕਮਰਾਨਾਂ ਨੂੰ ਵੰਗਾਰਿਆ-

ਹੁਕਮ ਕੀਏ ਮਨਿ ਭਾਵਦੇ
ਰਾਹਿ ਭੀੜੈ ਅਗੈ ਜਾਵਣਾ ॥
(ਗੁਰੂ ਗ੍ਰੰਥ ਸਾਹਿਬ, ਅੰਗ 470)

ਇਹ ਵੱਡੇ ਵਿਚਾਰ ਸਨ ਜੋ ਗੁਰੂ ਨਾਨਕ ਸਾਹਿਬ ਨੇ ਦਿੱਤੇ ਜਿਹਨਾਂ ਕਰਕੇ ਸਾਡੇ ਦੇਸ ਦਾ ਆਧੁਨਿਕ ਸੰਸਾਰ ਨਾਲ ਅਗਵਾਈ ਵਾਲਾ ਸੰਬੰਧ ਕਾਇਮ ਹੋਇਆ।

1. ਗੁਰੂ ਨਾਨਕ ਜੀ ਨੇ ਸਾਡੇ ਸਮਾਜ ਵਿਚੋਂ ਦਰਜ਼ਾਬੰਦੀ ਖਤਮ ਕੀਤੀ।
2. ਸਾਨੂੰ ਆਪਣੀ ਭਾਰਤ ਭੂਮੀ ਤੋਂ ਬਾਹਰ ਦੇ ਲੋਕਾਂ ਨਾਲ ਮੋਢਾ ਡਾਹ ਕੇ ਤੁਰਨ ਦੀ ਪ੍ਰੇਰਨਾ ਕੀਤੀ।
3. ਰਾਜਸੀ ਸ਼ਕਤੀ ਸਭ ਲਈ ਇਕ ਸਮਾਨ ਦੇ ਵਿਚਾਰਾਂ ਦੇ ਬੀਜ ਬੀਜੇ।

ਇਹ ਹਨ ਨੁਕਤੇ ਜੋ ਉਹਨਾਂ ਦੇ ਜੀਵਨ ਤੇ ਵਿਚਾਰਾਂ ਦੇ ਅਧਿਐਨ ਤੋਂ ਅਸੀਂ ਲੱਭ ਸਕਦੇ ਹਾਂ। ਉਹਨਾਂ ਦੇ ਵਿਚਾਰ ਕਿੱਥੇ, ਕਿਵੇਂ ਪ੍ਰਗਟੇ ਤੇ ਕਿਵੇਂ ਕਿਵੇ ਵਧ ਫੁੱਲ ਕੇ ਆਪਣੇ ਆਪਣੇ ਥਾਂ ਸਥਾਨਕ ਰੂਪ ਧਾਰਨ ਕੀਤਾ? ਇਹ ਇਕ ਹੋਰ ਮਹਾਨ ਪੱਖ ਹੈ, ਜਿਸ ਦਾ ਜਿਹਨਾਂ ਜਿਹਨਾਂ ਅਧਿਐਨ ਕੀਤਾ ਜਾਵੇ ਤਾਂ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਵਿਚਾਰ ਹੀ ਸੰਸਾਰ ਵਿਚਾਰਧਾਰਾ ਵਿਚ ਇਸ ਆਧੁਨਿਕ ਯੁੱਗ ਦੀਆਂ ਜੜ੍ਹਾਂ ਹਨ। ਸਿੱਖ ਗੁਰੂਆਂ ਦੇ ਉਪਦੇਸ਼ਾਂ ਉੱਤੇ ਅਸੀਂ ਸਾਰੇ ਲੋਕ ਜਿੰਨਾਂ ਵੀ ਗੌਰਵ ਕਰੀਏ ਓਨਾ ਹੀ ਥੋੜਾ ਹੈ।
(ਧੰਨਵਾਦ ਸਾਹਿਤ : ਪੁਸਤਕ 'ਗੁਰੂ ਨਾਨਕ ਦਰਸ਼ਨ ਰਬਾਬ ਤੋਂ ਨਗਾਰੇ ਤੱਕ')

## ਗੁਜਰਾਤੀ ਨੌਜਵਾਨ ਦੀ ਪੰਜਾਬੀ ਬਜ਼ੁਰਗ ਦਾ ਭੇਸ ਬਣਾ ਕੇ ਅਮਰੀਕਾ ਆਉਣ ਦੀ ਸਕੀਮ ਫੇਲ੍ਹ

ਲੱਗਾ। ਉਸ ਦੀ ਚਮੜੀ ਤੋਂ ਸੁਰੱਖਿਆ ਅਮਲੇ ਨੂੰ ਉਸ ਦੀ ਉਮਰ 'ਤੇ ਸ਼ੱਕ ਹੋਇਆ, ਕਿਉਂਕਿ ਉਸ ਦੇ ਚਿਹਰੇ 'ਤੇ ਝੁਰੜੀਆਂ ਨਹੀਂ ਸੀ। ਫਿਰ ਉਸ ਦਾ ਪਾਸਪੋਰਟ ਚੈੱਕ ਕੀਤਾ ਗਿਆ, ਜੋ ਬਿਲਕੁਲ ਸਹੀ ਨਿਕਲਿਆ। ਇਸ ਵਿਚ ਉਸ ਦਾ ਨਾਂ ਅਮਰੀਕ ਸਿੰਘ ਸੀ ਤੇ ਜਨਮ ਤਾਰੀਖ਼ ਇੱਕ ਫਰਵਰੀ, 1938 ਦਰਜ ਹੋਈ ਸੀ।
ਪੁੱਛਗਿੱਛ ਦੌਰਾਨ, ਜਦੋਂ ਸੁਰੱਖਿਆ ਕਰਮਚਾਰੀ ਸਮਝ ਗਏ ਕਿ ਉਹ ਜਵਾਨ ਸੀ, ਬੁੱਢਾ ਨਹੀਂ, ਤਾਂ ਉਸ ਨੂੰ ਸੱਚ ਦੱਸਣਾ ਪਿਆ। ਉਸ ਨੇ ਦੱਸਿਆ ਕਿ ਉਸਦਾ ਅਸਲ ਨਾਮ ਜੈਸ਼ ਪਟੇਲ ਹੈ ਤੇ ਉਮਰ 32 ਸਾਲ ਅਤੇ ਉਹ ਅਹਿਮਦਾਬਾਦ ਦਾ ਰਹਿਣ ਵਾਲਾ ਹੈ। ਫਿਰ ਉਸ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ।

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA INSURANCE AGENCY, INC.

**Khalsa Insurance Agency is among TOP 50 agencies of Blue Cross in USA.**




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com



# 22




**GET FLAT 22 CENTS DISCOUNT AT**

TA TravelCenters of America

PETRO Stopping Centers®

## We also offer Line of Credit for Fuel Card

***Additional Services with our Fuel Card***

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM